Punjabi Parwaz

# ਪੰਜਾਬੀ ਪਰਵਾਜ਼

ਅੰਕ 35ਵਾਂ (ਸ਼ਿਕਾਗੋ): 14 ਸਤੰਬਰ ਤੋਂ 27 ਸਤੰਬਰ 2024 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548

## ਬੇਅਦਬੀ ਮਾਮਲੇ ‘ਚ ਖੁਲ੍ਹਣ ਲੱਗੇ ਨਵੇਂ ਭੇਦ

*ਜਥੇਦਾਰ ਸਹਿਬਾਨ ਦੀ ਸਿਰਦਰਦੀ ਵਧੀ

*ਮਹਿੰਗਾਈ ਦੇ ਮੁੱਦੇ ‘ਤੇ ਸਰਗਰਮ ਹੋਏ ਦੋਨੋਂ ਅਕਾਲੀ ਧੜੇ

**ਜਸਵੀਰ ਸਿੰਘ ਸ਼ੀਰੀ**

ਬੇਅਦਬੀਆਂ ਅਤੇ ਰਾਮ ਰਹੀਮ ਨੂੰ ਮੁਆਫੀ ਦਿਵਾਉਣ ਵਾਲੇ ਮਾਮਲੇ ਵਿੱਚ ਨਾ ਸਿਰਫ ਅਕਾਲੀ ਦਲ ਬਿਖ਼ਰ ਗਿਆ ਹੈ, ਸਗੋਂ ਇਸ ਮਸਲੇ ਦੀਆਂ ਨਵੀਆਂ ਪਰਤਾਂ ਖੁਲ੍ਹਦੀਆਂ ਜਾ ਰਹੀਆਂ ਹਨ। ਇਸ ਨਾਲ ਨਾ ਸਿਰਫ ਅਕਾਲੀ ਧੜਿਆਂ ਨੂੰ ਆਪਣੀ ਸਿਆਸਤ ਲੀਹ ‘ਤੇ ਲਿਆਉਣ ਵਿੱਚ ਦੇਰ ਲੱਗੇਗੀ, ਸਗੋਂ ਕਾਫੀ ਗਿਣਤੀ ਵਿੱਚ ਸੀਨੀਅਰ ਅਕਾਲੀ ਆਗੂਆਂ ਦੇ ਇਸ ਮਸਲੇ ਵਿੱਚ ਘਿਰਨ ਦੇ ਆਸਾਰ ਬਣਦੇ ਵੀ ਵਿਖਾਈ ਦੇ ਰਹੇ ਹਨ।

ਬੀਤੇ ਦਿਨੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇੱਕ ਮੈਂਬਰ ਹਰਦੇਵ ਸਿੰਘ ਰੋਗਲਾ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਮਨਜੀਤ ਸਿੰਘ ਤੇ ਰਾਮਪਾਲ ਸਿੰਘ ਬਹਿਣੀਵਾਲ ਅਤੇ ਮਾਨਸਾ ਦੇ ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਔਲਖ ਨੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਇੱਕ ਪੱਤਰ ਸੌਂਪ ਕੇ ਮੰਗ ਕੀਤੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨਿਯੁਕਤ ਕੀਤੇ ਗਏ ਬਲਵਿੰਦਰ ਸਿੰਘ ਭੂੰਦੜ ਨੇ ਵੀ ਸਾਲ 2014 ਵਿੱਚ ਆਪਣੇ ਘਰ ਵਿੱਚ ਸੁਖਬੀਰ ਸਿੰਘ ਬਾਦਲ ਅਤੇ ਡੇਰੇ ਦੀ ਰਾਜਨੀਤਿਕ ਮਾਮਲਿਆਂ ਬਾਰੇ ਕਮੇਟੀ ਦੇ ਤਿੰਨ ਮੈਂਬਰਾਂ- ਰਾਮ ਸਿੰਘ, ਹਰਸ਼ ਧੂਰੀ ਅਤੇ ਇੱਕ ਉਨ੍ਹਾਂ ਦੇ ਸਾਥੀ ਨਾਲ ਮੀਟਿੰਗ ਕਰਵਾਈ ਸੀ। ਉਨ੍ਹਾਂ ਕਿਹਾ ਕਿ ਅਕਾਲ ਤਖਤ ਸਾਹਿਬ ਦੇ ਹੁਕਮਨਾਮੇ ਦੇ ਉਲਟ ਜਾ ਕੇ ਕੋਈ ਸਿੱਖ ਅਜਿਹਾ ਕਿਵੇਂ ਕਰ ਸਕਦਾ ਹੈ? ਉਨ੍ਹਾਂ ਕਿਹਾ ਕਿ ਇਸ ਕਿਸਮ ਦਾ ਵਿਅਕਤੀ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਨਹੀਂ ਲਾਇਆ ਜਾਣਾ ਚਾਹੀਦਾ। ਜਿਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਅਤੇ ਰਾਮ ਰਹੀਮ ਨੂੰ ਮੁਆਫੀ ਦੇਣ ਦੇ ਮੁੱਦੇ ਦੀਆਂ ਪਰਤਾਂ ਖੁੱਲ੍ਹ ਰਹੀਆਂ ਹਨ, ਉਸ ਨਾਲ ਇਹ ਮਾਮਲਾ ਹੋਰ ਗੁੰਝਲਦਾਰ ਹੁੰਦਾ ਜਾ ਰਿਹਾ ਹੈ। ਨਵੇਂ ਘਟਨਾਕ੍ਰਮ ਦੇ ਮੱਦੇਨਜ਼ਰ ਬਲਵਿੰਦਰ ਸਿੰਘ ਭੂੰਦੜ ਅਕਾਲੀ ਦਲ (ਬਾਦਲ) ਦੇ ਕਾਰਜਕਾਰੀ ਪ੍ਰਧਾਨ ਰਹਿ ਸਕਣਗੇ ਜਾਂ ਨਹੀਂ, ਇਸ ‘ਤੇ ਵੀ ਸੁਆਲੀਆ ਨਿਸ਼ਾਨ ਲੱਗ ਗਿਆ ਹੈ।

ਇੱਕ ਦਿਲਚਸਪ ਘਟਨਾਕ੍ਰਮ ਇਹ ਵੀ ਹੈ ਕਿ ਪਰਮਿੰਦਰ ਸਿੰਘ ਢੀਂਡਸਾ, ਸੋਹਣ ਸਿੰਘ ਠੰਡਲ ਸਮੇਤ ਕਈ ਅਕਾਲੀ ਆਗੂ ਬਾਗੀ ਧੜੇ ਵੱਲੋਂ ਬਣਾਏ ਗਏ ਪ੍ਰਜ਼ੀਡੀਅਮ ਤੋਂ ਅਸਤੀਫਾ ਦੇਣ ਪਿੱਛੋਂ ਅਕਾਲ ਤਖਤ ਸਾਹਿਬ ‘ਤੇ ਆਪਣਾ ਪੱਖ ਸਪਸ਼ਟ ਕਰ ਦਿੱਤਾ ਹੈ। ਉਨ੍ਹਾਂ ਅਜਿਹਾ ਕਦਮ ਅਸਲ ਵਿੱਚ ਸੁਖਬੀਰ ਸਿੰਘ ਬਾਦਲ ਨੂੰ ਅਸਤੀਫਾ ਦੇਣ ਲਈ ਇਖਲਾਕੀ ਤੌਰ ‘ਤੇ ਮਜਬੂਰ ਕਰਨ ਵਾਸਤੇ ਚੁੱਕਿਆ ਲਗਦਾ ਹੈ।

ਅਕਾਲੀ ਸਰਕਾਰ ਵੇਲੇ ਮੰਤਰੀ ਰਹੇ ਪਰਮਿੰਦਰ ਸਿੰਘ ਢੀਂਡਸਾ ਨੇ ਅਕਾਲ ਤਖਤ ਸਕੱਤਰੇਤ ਵਿਖੇ ਆਪਣਾ ਸਪਸ਼ਟੀਕਰਨ ਦਿੰਦਿਆਂ ਕਿਹਾ ਕਿ ਉਹ ਅਕਾਲ ਤਖਤ ਤੇ ਗੁਰੂ ਪੰਥ ਨੂੰ ਪੂਰੀ ਤਰ੍ਹਾਂ ਸਮਰਪਿਤ ਹਨ ਅਤੇ ਜਥੇਦਾਰ ਸਾਹਿਬ ਜੋ ਵੀ ਹੁਕਮ ਦੇਣਗੇ, ਉਨ੍ਹਾਂ ਨੂੰ ਖਿੜੇ ਮੱਥੇ ਪ੍ਰਵਾਨ ਹੋਵੇਗਾ। ਅਕਾਲ ਤਖਤ ਸਕੱਤਰੇਤ ਵਿਖੇ ਆਪਣਾ ਸਪਸ਼ਟੀਕਰਨ ਦੇਣ ਤੋਂ ਬਾਅਦ ਅਕਾਲੀ ਆਗੂ ਸੋਹਣ ਸਿੰਘ ਠੰਡਲ ਨੇ ਵੀ ਆਪਣੇ ਆਪ ਨੂੰ ਨਿਮਾਣੇ ਸਿੱਖ ਵਜੋਂ

⇒ ਬਾਕੀ ਸਫਾ 4 ਉਤੇ ਪੜ੍ਹੋ

## ਰਾਹੁਲ ਗਾਂਧੀ ਦੀ ਅਮਰੀਕਾ ਫੇਰੀ ਦੇ ਪ੍ਰਵਚਨ

*ਕਾਂਗਰਸ ਪਾਰਟੀ ਦੀ ਬਦਲ ਰਹੀ ਪਹੁੰਚ ਦੇ ਹਾਣ ਦੀ ਬਣੇਗੀ ਪੰਜਾਬ ਸਿਆਸਤ?

**ਪੰਜਾਬੀ ਪਰਵਾਜ਼ ਬਿਊਰੋ**



ਅਮਰੀਕਾ ਦੇ ਦੌਰੇ ‘ਤੇ ਆਏ, ਭਾਰਤੀ ਪਾਰਲੀਮੈਂਟ ਵਿੱਚ ਵਿਰੋਧੀ ਧਿਰ ਦੇ ਨੇਤਾ ਅਤੇ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਰਾਹੁਲ ਗਾਂਧੀ ਨੇ ਭਾਰਤ ਦੀ ਰਾਜਨੀਤਿਕ ਆਰਥਿਕਤਾ ਬਾਰੇ ਬੋਲਦਿਆਂ ਕੁਝ ਮਹੱਤਵ ਪੂਰਨ ਗੱਲਾਂ ਕਹੀਆਂ ਹਨ। ਇਹ ਉਹੋ ਜਿਹਾ ਹੀ ਸਿਆਸੀ ਪ੍ਰਵਚਨ ਹੈ, ਜਿਹੜਾ ਕਿਸੇ ਵੇਲੇ ਅਨੰਦਪੁਰ ਸਾਹਿਬ ਦੇ ਮਤੇ ਦੀ ਪੈਰਵੀ ਕਰਦਿਆਂ ਅਕਾਲੀ ਆਗੂ ਉਚਾਰਿਆ ਕਰਦੇ ਸਨ। ਅਕਾਲੀ ਆਗੂਆਂ ਦੀ ਜ਼ੁਬਾਨ ਵਿੱਚੋਂ ਉਦੋਂ ਅਕਸਰ ਸੁਣਨ ਨੂੰ ਮਿਲਿਆ ਕਰਦਾ ਸੀ ਕਿ ਸਿੱਖ ਭਾਰਤ ਵਿੱਚ ਸਟੇਟਾਂ ਨੂੰ ਉਸ ਕਿਸਮ ਦੇ ਅਧਿਕਾਰ ਚਾਹੁੰਦੇ ਹਨ, ਜਿਸ ਕਿਸਮ ਦੇ ਅਮਰੀਕਾ ਵਿੱਚ ਹਨ। ਪੰਜਾਬ ਨੂੰ ‘ਕੈਲੀਫੋਰਨੀਆ’ ਬਣਾ ਦੇਣ ਦਾ ਸ਼ਗੂਫਾ ਤਾਂ ਹਾਲੇ ਕੱਲ੍ਹ ਤੱਕ ਚਲਦਾ ਰਿਹਾ ਹੈ।

ਯਾਦ ਰਹੇ, ਅਮਰੀਕੀ ਰਾਜਨੀਤਿਕ ਸਿਸਟਮ ਪ੍ਰਧਾਨਗੀ ਪ੍ਰਣਾਲੀ ਵਾਲਾ ਹੈ, ਪਰ ਦੋ ਸਦਨਾਂ ਵਾਲੀ ਇਸ ਦੀ ਪਾਰਲੀਮੈਂਟ ਵਿੱਚ ਪ੍ਰਤੀਨਿਧੀ ਸਦਨ ਨਾਲੋਂ ਸੈਨੇਟ ਵੱਧ ਸ਼ਕਤੀਸ਼ਾਲੀ ਹੈ। ਸੈਨੇਟ ਦੇ ਨੁਮਾਇੰਦੇ ਰਾਜਾਂ ਵੱਲੋਂ ਚੁਣ ਕੇ ਆਉਂਦੇ ਹਨ। ਰਾਜ ਭਾਵੇਂ ਵੱਡੇ ਹਨ ਜਾਂ ਛੋਟੇ, ਉਨ੍ਹਾਂ ਦੀਆਂ ਸ਼ਕਤੀਆਂ ਅਤੇ ਨੁਮਾਇੰਦੇ ਬਰਾਬਰ ਹੁੰਦੇ ਹਨ। ਅਮਰੀਕਾ ਦਾ ਰਾਸ਼ਟਰਪਤੀ ਆਪਣੀ ਸ਼ਕਤੀ ਮੁੱਖ ਰੂਪ ਵਿੱਚ ਸੈਨੇਟ ਤੋਂ ਹੀ ਹਾਸਲ ਕਰਦਾ ਹੈ ਅਤੇ ਦੁਨੀਆਂ ਦਾ ਸਭ ਤੋਂ ਸ਼ਕਤੀਸ਼ਾਲੀ ਵਿਅਕਤੀ ਹੁੰਦਾ ਹੈ।

ਭਾਰਤੀ ਜਮਹੂਰੀਅਤ ਪ੍ਰਣਾਲੀ ਮੁੱਖ ਰੂਪ ਵਿੱਚ ਬਰਤਾਨੀਆਂ ਨੂੰ ਆਦਰਸ਼ ਬਣਾ ਕੇ ਘੜੀ ਗਈ ਹੈ, ਜਿਥੇ ਪ੍ਰਤੀਨਿਧੀ ਸਦਨ ਕੋਲ ਅਸਲ ਸ਼ਕਤੀਆਂ ਹੁੰਦੀਆਂ ਹਨ। ਪ੍ਰਧਾਨ ਮੰਤਰੀ ਦੇਸ਼ ਦਾ ਸ਼ਕਤੀਸ਼ਾਲੀ ਆਗੂ ਹੁੰਦਾ ਹੈ। ਰਾਹੁਲ ਗਾਂਧੀ ਇਹ ਗੱਲ ਭਾਰਤ ਵਿੱਚ ਵੀ ਕਹਿੰਦੇ ਰਹੇ ਹਨ ਕਿ ਹਿੰਦੁਸਤਾਨ ਇੱਕ ‘ਯੂਨੀਅਨ ਆਫ ਸਟੇਟਸ’ ਹੈ, ਜਿਸ ਤਰ੍ਹਾਂ ਅਮਰੀਕਾ ਹੈ। ਇਹੋ ਗੱਲ ਉਨ੍ਹਾਂ ਨੇ ਅਮਰੀਕਾ ਦੇ ਡੈਲਸ (ਟੈਕਸਸ) ਵਿੱਚ ਭਾਰਤੀ ਪਰਵਾਸੀਆਂ ਨਾਲ ਚਰਚਾ ਕਰਦਿਆਂ ਦੁਹਰਾਈ। ਉਨ੍ਹਾਂ ਅੱਗੇ ਕਿਹਾ, ‘ਸਾਨੂੰ ਭਾਰਤ ਦੀ ਵੰਨ-ਸੁਵੰਨਤਾ ਦਾ ਸਨਮਾਨ ਕਰਨਾ ਚਾਹੀਦਾ ਹੈ।’ ਪਰਵਾਸੀ ਭਾਰਤੀ ਭਾਈਚਾਰੇ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਆਖਿਆ ਕਿ ਹਰ ਵੱਖਰੇ ਭਾਈਚਾਰੇ/ਵਿਚਾਰ ਨੂੰ ਸਾਨੂੰ ਸਪੇਸ ਮੁਹੱਈਆ ਕਰਵਾਉਣੀ ਚਾਹੀਦੀ ਹੈ। ਰਾਹੁਲ ਗਾਂਧੀ ਦੇ ਇਸ ਵਿਚਾਰ ਪ੍ਰਗਟਾਵੇ ਨੂੰ ਭਾਜਪਾ ਦੇ ਆਗੂਆਂ ਨੇ ‘ਦੇਸ਼ ਧਰੋਹ’ ਆਖਿਆ ਹੈ।

ਰਾਹੁਲ ਗਾਂਧੀ ਨੇ ਆਰ.ਐਸ.ਐਸ., ਬੀ.ਜੇ.ਪੀ ਅਤੇ ਮੌਜੂਦਾ ਕਾਂਗਰਸ ਪਾਰਟੀ ਦੀ ਵਿਚਾਰਧਾਰਾ ਵਿਚਕਾਰ

⇒ ਬਾਕੀ ਸਫਾ 6 ਉਤੇ ਪੜ੍ਹੋ









# ਜੰਮੂ ਕਸ਼ਮੀਰ ਅਤੇ ਹਰਿਆਣਾ ਦਾ ਚੋਣ ਝਮੇਲਾ

***ਰਾਜਨੀਤਿਕ ਪਾਰਟੀਆਂ ਦੀ ਵਿਚਾਰਧਾਰਕ ਵਿਲੱਖਣਤਾ ਬੇਮਾਅਨਾ ਹੋਈ**

***ਕਸ਼ਮੀਰੀਆਂ ਨੂੰ ਰਾਜ ਦੇ ਦਰਜੇ ਵਾਲੀ ਵਾਪਸੀ ਦੀ ਉਮੀਦ**

**ਜੇ.ਐਸ. ਮਾਂਗਟ**

ਹਰਿਆਣਾ ਅਸੈਂਬਲੀ ਚੋਣਾਂ ਵਿੱਚ ਰਾਜਨੀਤਿਕ ਪਾਰਟੀਆਂ ਦਾ ਵਿਚਾਰਧਾਰਕ ਦਿਵਾਲੀਆਪਣ ਸਾਹਮਣੇ ਆ ਰਿਹਾ ਹੈ। ਟਿਕਟਾਂ ਨਾ ਮਿਲਣ ਕਾਰਨ ਭਾਰਤੀ ਜਨਤਾ ਪਾਰਟੀ ਦੇ 20 ਤੋਂ ਵੱਧ ਉਮੀਦਵਾਰਾਂ ਨੇ ਪਾਰਟੀ ਛੱਡ ਦਿਤੀ ਹੈ। ਇਨ੍ਹਾਂ ਵਿੱਚ ਇਕ ਮੰਤਰੀ ਅਤੇ ਕਈ ਸਾਬਕਾ ਐਮ.ਐਲ.ਏ. ਵੀ ਸ਼ਾਮਲ ਹਨ। ਇਸ ਤੋਂ ਇਲਾਵਾ ਟਿਕਟਾਂ ਦੇ ਰੱਟੇ ਕਾਰਨ ਕੁਝ ਕਾਂਗਰਸੀ, ਆਮ ਆਦਮੀ ਪਾਰਟੀ ਅਤੇ ਕਈ ਸਥਾਨਕ ਪਾਰਟੀਆਂ ਦੇ ਲੀਡਰਾਂ ਨੇ ਵੀ ਆਪੋ-ਆਪਣੀਆਂ ਪਾਰਟੀਆਂ ਨੂੰ ਛੱਡ ਦਿੱਤਾ ਹੈ। ਇਸ ਦੌਰਾਨ ਹਰਿਆਣਾ ਭਾਜਪਾ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸਾਫ ਕਰ ਦਿੱਤਾ ਹੈ ਕਿ ਕਿਸੇ ਵੀ ਲੀਡਰ ਤੋਂ ਅਸੈਂਬਲੀ ਟਿਕਟ ਵਾਪਸ ਨਹੀਂ ਲਈ ਜਾਵੇਗੀ। ਇਸ ਦੇ ਨਾਲ ਹੀ ਉਹ ਬਾਗੀ ਹੋਏ ਭਾਜਪਾ ਆਗੂਆਂ ਨੂੰ ਮਿਲ ਕੇ ਸਮਝਾਉਣ ਅਤੇ ਠੰਡ-ਠਾਰ ਕਰਨ ਦਾ ਯਤਨ ਕਰ ਰਹੇ ਹਨ।

ਯਾਦ ਰਹੇ, ਭਾਰਤੀ ਜਨਤਾ ਪਾਰਟੀ ਨੇ ਹਰਿਆਣਾ ਅਸੈਂਬਲੀ ਚੋਣਾਂ ਲਈ 82 ਉਮੀਦਵਾਰਾਂ ਦੀ ਪਹਿਲੀ ਲਿਸਟ ਜਾਰੀ ਕੀਤੀ ਹੈ। ਉਧਰ ਕਾਂਗਰਸ ਪਾਰਟੀ ਨੇ ਆਪਣੇ 41 ਉਮੀਦਵਾਰਾਂ ਦੀ ਲਿਸਟ ਜਾਰੀ ਕਰ ਦਿੱਤੀ ਹੈ, ਜਿਸ ਵਿੱਚ ਹਾਲ ਹੀ ਵਿੱਚ ਹੋਈਆਂ ਪੈਰਿਸ ਉਲੰਪਿਕ ਖੇਡਾਂ ਵਿੱਚ 100 ਗਰਾਮ ਭਾਰ ਵਧਣ ਕਾਰਨ ਫਾਈਨਲ ਖੇਡਣ ਤੋਂ ਰੋਕ ਦਿੱਤੀ ਗਈ ਵਿਨੇਸ਼ ਫੋਗਾਟ ਸ਼ਾਮਲ ਹੈ। ਪਾਰਟੀ ਵੱਲੋਂ ਫੋਗਾਟ ਨੂੰ ਪਹਿਲੀ ਲਿਸਟ ਵਿੱਚ ਅਸੈਂਬਲੀ ਚੋਣਾਂ ਲਈ ਟਿਕਟ ਦੇ ਦਿੱਤੀ ਗਈ ਹੈ ਅਤੇ ਪਹਿਲਵਾਨ ਬਜਰੰਗ ਪੂਨੀਆ ਨੂੰ ਕਾਂਗਰਸ ਦੇ ਕੌਮੀ ਕਿਸਾਨ ਵਿੰਗ ਦਾ ਚੇਅਰਮੈਨ ਬਣਾਇਆ ਗਿਆ ਹੈ। ਇਸ ਦਰਮਿਆਨ ਭਾਜਪਾ ਦੇ ਮੈਂਬਰ ਪਾਰਲੀਮੈਂਟ ਅਤੇ ਭਾਰਤੀ ਰੈਸਲਿੰਗ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਨ ਨੇ ਵਿਨੇਸ਼ ਫੋਗਾਟ ਸਮੇਤ ਹਰਿਆਣਾ ਦੇ ਪਹਿਲਵਾਨਾਂ 'ਤੇ ਦੋਸ਼ ਲਾਇਆ ਕਿ ਉਨ੍ਹਾਂ ਖਿਲਾਫ ਲਾਏ ਗਏ ਜਿਣਸੀ ਸੋਸ਼ਣ ਦੇ ਦੋਸ਼ ਕਾਂਗਰਸ ਪਾਰਟੀ ਦੇ ਇਸ਼ਾਰੇ 'ਤੇ ਲਗਾਏ ਗਏ ਸਨ। ਪਿਛਲੇ ਸਾਲ ਵਿਨੇਸ਼ ਫੋਗਾਟ, ਸਾਕਸ਼ੀ ਮਲਿਕ ਅਤੇ ਬਜਰੰਗ ਪੂਨੀਆ ਦਿੱਲੀ ਵਿੱਚ ਧਰਨਾ ਲਾ ਕੇ ਬੈਠੇ ਰਹੇ ਸਨ। ਉਨ੍ਹਾਂ ਵੱਲੋਂ ਮਹਿਲਾ ਪਹਿਲਵਾਨਾਂ ਨਾਲ ਭਾਰਤੀ ਰੈਸਲਿੰਗ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਬ੍ਰਿਜ ਭੂਸ਼ਣ ਵੱਲੋਂ ਕਥਿੱਤ ਤੌਰ 'ਤੇ ਜਿਣਸੀ ਸੋਸ਼ਣ ਕਰਨ ਦੇ ਦੋਸ਼ ਲਗਾਏ ਗਏ ਸਨ। ਸਾਬਕਾ ਐਮ.ਪੀ. ਭੂਸ਼ਨ ਖਿਲਾਫ ਕੇਸ ਦਰਜ ਕਰਨ ਅਤੇ ਗ੍ਰਿਫਤਾਰ ਕਾਰਨ ਦੀ ਮੰਗ ਵੀ ਕੀਤੀ ਗਈ ਸੀ। ਬ੍ਰਿਜ ਭੂਸ਼ਨ ਖਿਲਾਫ ਕੇਸ ਦਰਜ ਹੋਣ ਤੋਂ ਬਾਅਦ ਵੀ ਹਰਿਆਣਵੀ ਪਹਿਲਵਾਨਾਂ ਨੇ ਧਰਨਾ ਜਾਰੀ ਰੱਖਿਆ ਸੀ, ਉਹ ਉਸ ਦੀ ਗ੍ਰਿਫਤਾਰੀ ਦੀ ਮੰਗ 'ਤੇ ਅੜੇ ਰਹੇ। ਪਰ ਬਾਅਦ ਵਿੱਚ ਕੇਂਦਰ ਸਰਕਾਰ ਨੇ ਪਹਿਲਵਾਨਾਂ ਦਾ ਧਰਨਾ ਜ਼ਬਰਦਸਤੀ ਚੁੱਕ ਦਿੱਤਾ ਸੀ ਅਤੇ ਇਸ ਦੌਰਾਨ ਉਨ੍ਹਾਂ ਦੀ ਪੁਲਿਸ ਨਾਲ ਧੱਕਾ-ਮੁੱਕੀ ਵੀ ਹੋ ਗਈ ਸੀ। ਇਸੇ ਕਾਰਨ ਬ੍ਰਿਜ ਭੂਸ਼ਨ ਨੂੰ ਭਾਜਪਾ ਨੇ ਲੋਕ ਸਭਾ ਚੋਣਾਂ ਵਿੱਚ ਟਿਕਟ ਨਹੀਂ ਦਿੱਤੀ ਸੀ ਅਤੇ ਉਨ੍ਹਾਂ ਦੀ ਥਾਂ ਉਨ੍ਹਾਂ ਦਾ ਛੋਟਾ ਪੁੱਤਰ ਕਰਨ ਭੂਸ਼ਨ ਮੈਂਬਰ ਪਾਰਲੀਮੈਂਟ ਬਣਿਆ।



ਪਹਿਲਵਾਨ ਵਿਨੇਸ਼ ਫੋਗਾਟ ਅਤੇ ਬਜਰੰਗ ਪੂਨੀਆ

ਕਾਂਗਰਸ ਪਾਰਟੀ ਵੱਲੋਂ ਵਿਨੇਸ਼ ਫੋਗਾਟ ਨੂੰ ਅਸੈਂਬਲੀ ਹਲਕੇ ਝੂਲਨ ਤੋਂ ਟਿਕਟ ਦਿੱਤੀ ਗਈ ਹੈ। ਫੋਗਾਟ ਨੂੰ ਟਿਕਟ ਅਤੇ ਬਜਰੰਗ ਪੂਨੀਆ ਨੂੰ ਕਿਸਾਨ ਕਾਂਗਰਸ ਦਾ ਚੇਅਰਮੈਨ ਨਿਯੁਕਤ ਕੀਤੇ ਜਾਣ ਨਾਲ ਕਾਂਗਰਸ ਪਾਰਟੀ ਦਾ ਜਾਟ ਆਧਾਰ ਹੋਰ ਮਜਬੂਤ ਹੋਣ ਦੇ ਆਸਾਰ ਹਨ। ਯਾਦ ਰਹੇ, ਪਿਛਲੀਆਂ ਆਮ ਚੋਣਾਂ ਵਿੱਚ ਕਾਂਗਰਸ ਪਾਰਟੀ ਨੇ 5 ਅਤੇ ਬਾਜਪਾ ਨੇ 5 ਸੀਟਾਂ ਜਿੱਤੀਆਂ ਸਨ। ਆਮ ਆਦਮੀ ਪਾਰਟੀ ਨੇ ਕਾਂਗਰਸ ਨਾਲ ਗਠਜੋੜ ਬਾਣਾ ਕੇ ਚੋਣ ਲੜੀ ਸੀ, ਪਰ ਉਸ ਨੂੰ ਕੋਈ ਸੀਟ ਪ੍ਰਾਪਤ ਨਹੀਂ ਸੀ ਹੋਈ, ਭਾਵੇਂ ਕਿ 'ਆਪ' ਦਾ ਵੋਟ ਸ਼ੇਅਰ ਕੁਝ ਵਧ ਗਿਆ ਸੀ। ਅਸੈਂਬਲੀ ਚੋਣਾਂ ਲਈ 'ਆਪ' ਅਤੇ ਕਾਂਗਰਸ ਵਿਚਕਾਰ ਗੱਠਜੋੜ ਲਈ ਹਾਲੇ ਤੱਕ ਚਰਚਾ ਜਾਰੀ ਹੈ, ਪਰ ਕਿਸੇ ਕੰਢੇ ਨਹੀਂ ਲੱਗੀ। 'ਆਪ' ਹਰਿਆਣਾ ਵਿਧਾਨ ਸਭਾ ਵਿੱਚ 10 ਸੀਟਾਂ 'ਤੇ ਚੋਣ ਲੜਨ ਦੀ ਇੱਛੁਕ ਹੈ ਜਦਕਿ ਕਾਂਗਰਸ ਦੀ ਹਰਿਆਣਾ ਲੀਡਰਸ਼ਿੱਪ 'ਆਪ' ਨੂੰ ਸਿਰਫ 5 ਸੀਟਾਂ ਦੇਣਾ ਚਾਹੁੰਦੀ ਹੈ। ਸਮਝੌਤਾ ਸਿਰੇ ਨਾ ਲੱਗਣ 'ਤੇ ਆਪਣੀ ਨਾਰਾਜ਼ਗੀ ਜਾਹਰ ਕਰਦਿਆਂ 'ਆਪ' ਦੇ ਸੀਨੀਅਰ ਆਗੂ ਸੰਦੀਪ ਪਾਠਕ ਨੇ ਕਿਹਾ ਹੈ ਕਿ ਆਮ ਆਦਮੀ ਪਾਰਟੀ ਨੂੰ ਕਮਜ਼ੋਰ ਸਮਝਣ ਵਾਲੇ ਭਵਿੱਖ ਵਿੱਚ ਪਛਤਾਉਣਗੇ। ਉਧਰ ਕੇਜਰੀਵਾਲ ਦੀਆਂ ਸਮੱਸਿਆਵਾਂ ਭਾਵੇਂ ਘਟਦੀਆਂ ਵਿਖਾਈ ਨਹੀਂ ਦੇ ਰਹੀਆਂ ਹਨ ਅਤੇ ਦਿੱਲੀ ਪੁਲਿਸ, ਸੀ.ਬੀ.ਆਈ. ਅਤੇ ਕੇਂਦਰ ਸਰਕਾਰ ਵੱਲੋਂ 'ਸ਼ਰਾਬ ਨੀਤੀ' ਦੇ ਮਾਮਲੇ ਵਿੱਚ ਉਨ੍ਹਾਂ ਨੂੰ ਹਰ ਹੀਲੇ ਜੇਲ੍ਹ ਵਿੱਚ ਰੱਖਣ ਦੇ ਯਤਨ ਕੀਤੇ ਜਾ ਰਹੇ ਹਨ। ਕੇਜਰੀਵਾਲ ਦੀ ਪਤਨੀ ਸੁਨੀਤਾ ਕੇਜਰੀਵਾਲ ਨੇ ਹਰਿਆਣਾ ਦੇ ਲੋਕਾਂ ਨੂੰ ਭਾਵੁਕ ਅਪੀਲ ਕੀਤੀ ਹੈ ਕਿ ਉਹ 'ਹਰਿਆਣਾ ਪੁੱਤਰ' ਕੇਜਰੀਵਾਲ ਦੀ ਪਾਰਟੀ ਨੂੰ ਹਰ ਕੀਮਤ 'ਤੇ ਜਿਤਾਉਣ, ਤਾਂ ਕਿ ਉਨ੍ਹਾਂ ਨੂੰ ਜੇਲ੍ਹ ਤੋਂ ਬਾਹਰ ਲਿਆਂਦਾ ਜਾ ਸਕੇ।

ਇੱਥੇ ਜ਼ਿਕਰਯੋਗ ਹੈ ਕਿ ਆਉਂਦੇ ਦਿਨਾਂ ਵਿੱਚ ਜੰਮੂ ਕਸ਼ਮੀਰ ਵਿੱਚ ਵੀ ਅਸੈਂਬਲੀ ਚੋਣਾਂ ਕਰਵਾਈਆਂ ਜਾਣੀਆਂ ਹਨ। ਜੰਮੂ ਕਸ਼ਮੀਰ ਵਿੱਚ ਤਿੰਨ ਗੇੜਾਂ ਵਿੱਚ 18 ਤੇ 25 ਸਤੰਬਰ ਅਤੇ ਪਹਿਲੀ ਅਕਤੂਬਰ ਨੂੰ ਵੋਟਾਂ ਪੈਣਗੀਆਂ, ਜਦਕਿ ਹਰਿਆਣਾ ਵਿੱਚ 5 ਅਕਤੂਬਰ ਨੂੰ ਵੋਟਾਂ ਪੈਣੀਆਂ ਹਨ। ਦੋਹਾਂ ਰਾਜਾਂ ਦੇ ਨਤੀਜੇ 8 ਅਕਤੂਬਰ ਨੂੰ ਐਲਾਨੇ ਜਾਣਗੇ। ਝਾਰਖੰਡ ਅਤੇ ਮਹਾਰਾਸ਼ਟਰ ਵਿੱਚ ਵੀ ਇਸੇ ਵਰ੍ਹੇ ਚੋਣਾਂ ਹੋਣੀਆਂ ਹਨ, ਸਰਕਾਰ ਅਨੁਸਾਰ ਜੰਮੂ ਕਸ਼ਮੀਰ ਵਿੱਚ ਸੁਰੱਖਿਆ ਜ਼ਿੰਮੇਵਾਰੀਆਂ ਦੇ ਮੱਦੇਨਜ਼ਰ ਇਨ੍ਹਾਂ ਦੋਹਾਂ ਰਾਜਾਂ ਵਿੱਚ ਅਸੈਂਬਲੀ ਚੋਣਾਂ ਦੀਆਂ ਤਰੀਕਾਂ ਅਲੱਗ ਤੋਂ ਐਲਾਨੀਆਂ ਜਾਣਗੀਆਂ।

ਇੱਥੇ ਇਹ ਜ਼ਿਕਰ ਕਰਨਾ ਵੀ ਕੁਥਾਂ ਨਹੀਂ ਹੋਏਗਾ ਕਿ ਜੰਮੂ ਕਸ਼ਮੀਰ ਵਿੱਚ ਤਕਰੀਬਨ 10 ਸਾਲ ਬਾਅਦ ਚੋਣਾਂ ਕਰਵਾਈਆਂ ਜਾ ਰਹੀਆਂ ਹਨ। 2018 ਵਿੱਚ ਮਹਿਬੂਬਾ ਮੁਫਤੀ ਦੀ ਅਗਵਾਈ ਵਾਲੀ ਪੀ.ਡੀ.ਪੀ. ਅਤੇ ਭਾਜਪਾ ਦੀ ਸਰਕਾਰ ਡਿੱਗ ਜਾਣ ਤੋਂ ਬਾਅਦ ਸੂਬੇ ਵਿੱਚ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਗਿਆ ਸੀ। ਰਾਜ ਨੂੰ ਵਿਸ਼ੇਸ਼ ਦਰਜਾ ਦੇਣ ਵਾਲੀ ਧਾਰਾ 370 ਕੇਂਦਰ ਸਰਕਾਰ ਵਲੋਂ ਮਨਸੂਖ ਕਰ ਦਿੱਤੀ ਗਈ ਸੀ। ਜੰਮੂ ਅਤੇ ਕਸ਼ਮੀਰ ਨੂੰ ਰਾਜ ਦੀ ਥਾਂ ਯੂਨੀਅਨ ਟੈਰੇਟਰੀ ਬਣਾ ਦਿੱਤਾ ਗਿਆ ਸੀ। ਜੰਮੂ ਕਸ਼ਮੀਰ ਦਾ ਹਿੱਸਾ ਰਹੇ ਲੱਦਾਖ ਨੂੰ ਇੱਕ ਵੱਖਰੀ ਯੂਨੀਅਨ ਟੈਰੇਟਰੀ ਬਣਾ ਦਿੱਤਾ ਗਿਆ ਹੈ। ਇਸ ਤੋਂ ਬਾਅਦ ਜੰਮੂ ਕਸ਼ਮੀਰ ਵਿੱਚ ਉਠੇ ਵਿਰੋਧ ਨੂੰ ਦਬਾਉਣ ਲਈ ਲੰਮਾ ਸਮਾਂ ਕਰਫਿਊ ਲੱਗਿਆ ਰਿਹਾ। ਇਸ ਖਿੱਤੇ ਨੂੰ ਇੰਟਰਨੈਟ ਸੇਵਾਵਾਂ ਤੋਂ ਮਹਿਰੂਮ ਰੱਖਿਆ ਗਿਆ, ਜਿਸ ਬਾਰੇ ਕੌਮਾਂਤਰੀ ਭਾਈਚਾਰੇ ਵਿੱਚ ਵੀ ਵਿਰੋਧ ਦੀਆਂ ਆਵਾਜ਼ਾਂ ਉਠੀਆਂ ਸਨ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਵੱਲੋਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਬਾਰੇ ਚਿੰਤਾਵਾਂ ਜ਼ਾਹਰ ਕੀਤੀਆਂ ਗਈਆਂ ਸਨ। ਹੁਣ ਇਹ ਆਸ ਕੀਤੀ ਜਾ ਰਹੀ ਹੈ ਕਿ ਤਾਜ਼ਾ ਅਸੈਂਬਲੀ ਚੋਣਾਂ ਤੋਂ ਬਾਅਦ ਜੰਮੂ ਕਸ਼ਮੀਰ ਨੂੰ ਇੱਕ ਵੱਖ ਰਾਜ ਦਾ ਦਰਜਾ ਮੁੜ ਦੇ ਦਿੱਤਾ ਜਾਵੇਗਾ। ਚੋਣ ਤੋਂ ਪਹਿਲਾਂ ਕੇਂਦਰ ਸਰਕਾਰ ਵੱਲੋਂ ਜੰਮੂ ਕਸ਼ਮੀਰ ਦੇ ਚੋਣ ਹਲਕਿਆਂ ਦੀ ਮੁੜ ਵਿਉਂਤਬੰਦੀ ਕਰ ਦਿੱਤੀ ਗਈ ਹੈ। 370 ਧਾਰਾ ਰੱਦ ਕਰਨ ਤੋਂ ਪਹਿਲਾਂ ਜੰਮੂ ਕਸ਼ਮੀਰ ਦੀ ਕੁੱਲ ਅਸੈਂਬਲੀ ਸੀਟਾਂ 83 ਸਨ, ਜਦਕਿ ਹੁਣ ਇਹ ਵਧਾ ਕੇ 90 ਕਰ ਦਿੱਤੀਆਂ ਗਈਆਂ ਹਨ। ਜੰਮੂ ਖੇਤਰ ਦੀਆਂ ਸੀਟਾਂ 37 ਤੋਂ ਵਧਾ ਕੇ 43 ਕਰ ਦਿੱਤੀਆਂ ਗਈਆਂ ਹਨ, ਜਦਕਿ ਕਸ਼ਮੀਰ ਵਾਦੀ ਦੀਆਂ 46 ਤੋਂ 47 ਕਰ ਦਿੱਤੀਆਂ ਗਈਆਂ ਹਨ।

ਲੱਦਾਖ, ਜਿਸ ਨੂੰ ਕਿ ਵੱਖਰੀ ਯੂਨੀਅਨ ਟੈਰੇਟਰੀ ਦਾ ਦਰਜਾ ਦੇ ਦਿੱਤਾ ਗਿਆ ਹੈ, ਉਸ ਦੀਆਂ 4 ਅਸੈਂਬਲੀ ਸੀਟਾਂ ਹਨ। ਇਸ ਵਾਰ ਜੰਮੂ ਕਸ਼ਮੀਰ ਵਿੱਚ ਨੈਸ਼ਨਲ ਕਾਨਫਰੰਸ ਨੇ ਕਾਂਗਰਸ ਪਾਰਟੀ ਨਾਲ ਚੋਣ ਸਮਝੌਤਾ ਕੀਤਾ ਹੈ, ਜਦਕਿ ਪੀਪਲ ਡੈਮੋਕਰੇਟਿਕ ਪਾਰਟੀ ਅਤੇ ਭਾਜਪਾ ਵੱਖੋ-ਵੱਖ ਚੋਣਾਂ ਲੜ ਰਹੀਆਂ ਹਨ। ਇਸ ਤਰ੍ਹਾਂ ਇੱਥੇ ਤਿੰਨ ਕੋਣਾ ਮੁਕਾਬਲਾ ਹੋਣ ਦੇ ਆਸਾਰ ਹਨ। ਕਈ ਸੀਟਾਂ ਉਪਰ ਕਸ਼ਮੀਰੀ ਰੈਡੀਕਲ ਧਿਰਾਂ ਅਤੇ ਅਜ਼ਾਦ ਉਮੀਦਵਾਰ ਮੁਕਾਬਲਿਆਂ ਨੂੰ ਚਾਰ ਕੋਣਾ ਬਣਾ ਸਕਦੇ ਹਨ। ਇਸ ਦਰਮਿਆਨ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸਪਸ਼ਟ ਕੀਤਾ ਹੈ ਕਿ ਧਾਰਾ 370 ਹੁਣ ਕਦੀ ਵਾਪਸ ਨਹੀਂ ਆਵੇਗੀ। ਇਹ ਇਤਿਹਾਸ ਬਣ ਗਈ ਹੈ। ਯਾਦ ਰਹੇ, ਕੁਝ ਕਸ਼ਮੀਰੀ ਰੈਡੀਕਲ ਗਰੁੱਪ ਅਤੇ ਕਸ਼ਮੀਰ ਆਧਾਰਤ ਸਿਆਸੀ ਪਾਰਟੀਆਂ ਧਾਰਾ 370 ਵਾਪਸ ਲਾਗੂ ਕਰਨ ਦੀ ਮੰਗ ਕਰ ਰਹੀਆਂ ਹਨ।

# ਹਰਿਆਣਾ ਚੋਣਾਂ: ਸਿਆਸਤ 'ਚ ਪੰਜਾਬੀ ਭਾਈਚਾਰੇ ਦਾ ਦਬਦਬਾ !

**ਖੁਸ਼ਹਾਲ ਲਾਲੀ**

ਹਰਿਆਣਾ ਦੇ ਕੁਝ ਇਲਾਕਿਆਂ ਵਿੱਚ ਪੰਜਾਬੀਆਂ ਦੀ ਸੰਘਣੀ ਵਸੋਂ ਹੈ। ਸਾਲ 1991 ਵਿੱਚ ਬਣੀ ਬੰਸੀ ਲਾਲ ਸਰਕਾਰ ਵਿੱਚ 17 ਮੰਤਰੀ ਪੰਜਾਬੀ ਸਨ। 18 ਅਗਸਤ ਨੂੰ ਜਦੋਂ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਨਾਲ ਮਿਲ ਕੇ ਕਰਨਾਲ ਵਿੱਚ ਪੰਜਾਬੀ ਸੰਮੇਲਨ ਕੀਤਾ ਤਾਂ ਇਸ ਨੇ ਸੂਬੇ ਦੇ ਸਿਆਸੀ ਹਲਕਿਆਂ ਵਿੱਚ ਨਵੀਂ ਚਰਚਾ ਛੇੜੀ। ਹੁੱਡਾ ਨੇ ਇਸ ਸੰਮੇਲਨ ਦੌਰਾਨ ਐਲਾਨ ਕੀਤਾ ਕਿ ਸੂਬੇ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਬਣਨ ਉੱਤੇ ਪੰਜਾਬੀ ਭਲਾਈ ਬੋਰਡ ਦਾ ਗਠਨ ਕੀਤਾ ਜਾਵੇਗਾ।

ਸੂਬੇ ਦੀ ਖੇਤਰੀ ਪਾਰਟੀ ਇੰਡੀਅਨ ਨੈਸ਼ਨਲ ਲੋਕ ਦਲ ਦੇ ਸਭ ਤੋਂ ਵੱਡੇ ਪੰਜਾਬੀ ਚਿਹਰੇ ਅਸ਼ੋਕ ਅਰੋੜਾ ਪਹਿਲਾਂ ਹੀ ਕਾਂਗਰਸ ਵਿੱਚ ਸ਼ਾਮਲ ਹੋ ਚੁੱਕੇ ਹਨ। ਉਹ ਵੀ ਪੰਜਾਬੀ ਭਾਈਚਾਰੇ ਵਿੱਚ ਚੰਗਾ ਅਸਰ ਰਸੂਖ਼ ਰੱਖਦੇ ਹਨ, ਜਿਸ ਦਾ ਕਾਂਗਰਸ ਨੂੰ ਸਿਆਸੀ ਫਾਇਦਾ ਮਿਲ ਸਕਦਾ ਹੈ। ਇਨੈਲੋ ਤੋਂ ਟੁੱਟ ਕੇ ਬਣੀ ਜਨਨਾਇਕ ਜਨਤਾ ਪਾਰਟੀ ਇਨੈਲੋ ਦੇ ਗੜ੍ਹ ਸਿਰਸਾ-ਡੱਬਵਾਲੀ ਇਲਾਕੇ ਉੱਤੇ ਕਬਜ਼ਾ ਕਰਨ ਲਈ ਕੋਸ਼ਿਸ਼ਾਂ ਕਰ ਰਹੀ ਹੈ। ਪਾਰਟੀ ਦੇ ਸਕੱਤਰ ਜਨਰਲ ਦਿਗਵਿਜੈ ਚੌਟਾਲਾ ਨੇ ਪੰਜਾਬੀ ਭਾਈਚਾਰੇ ਦਾ ਧਿਆਨ ਖਿੱਚਣ ਲਈ ਐਲਾਨ ਕੀਤਾ ਸੀ ਕਿ ਉਹ ਡੱਬਵਾਲੀ ਵਿੱਚ ਮਰਹੂਮ ਪੌਪ ਗਾਇਕ ਸਿੱਧੂ ਮੂਸੇਵਾਲਾ ਦਾ ਬੁੱਤ ਲਾਉਣਗੇ। ਇਨੈਲੋ ਨੇ ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਦੀ ਸੰਯੁਕਤ ਸੰਘਰਸ਼ ਪਾਰਟੀ ਨਾਲ ਪਿਛਲੇ ਲੋਕ ਸਭਾ ਚੋਣਾਂ ਵਿੱਚ ਸ਼ੁਰੂ ਹੋਈ ਇਕਸੁਰਤਾ ਇਨ੍ਹਾਂ ਚੋਣਾਂ ਵਿੱਚ ਵੀ ਜਾਰੀ ਰਹੀ ਤਾਂ ਪਾਰਟੀ ਨੂੰ ਇਸ ਦਾ ਫਾਇਦਾ ਹੋ ਸਕਦਾ ਹੈ। ਚੜੂਨੀ ਨੇ ਆਪ ਪਿਹੋਵਾ ਤੋਂ ਵਿਧਾਨ ਸਭਾ ਚੋਣ ਲੜਨ ਦਾ ਐਲਾਨ ਕੀਤਾ ਹੋਇਆ ਹੈ। ਇਨ੍ਹਾਂ ਲੋਕ ਸਭਾ ਚੋਣਾਂ ਦੌਰਾਨ ਕੁਰੂਕਸ਼ੇਤਰ ਹਲਕੇ ਤੋਂ ਇਨੈਲੋ ਨੂੰ ਸਮਰਥਨ ਕੀਤਾ ਸੀ। ਇਲੈਨੋ ਦਾ ਬਹੁਜਨ ਸਮਾਜ ਪਾਰਟੀ ਅਤੇ ਚੰਦਰ ਸ਼ੇਖਰ ਦੀ ਆਜ਼ਾਦ ਸਮਾਜ ਪਾਰਟੀ (ਕਾਂਸ਼ੀ ਰਾਮ) ਨਾਲ ਚੋਣ ਗਠਜੋੜ ਹੈ।

ਹਰਿਆਣਾ ਦੀਆਂ ਆਗਮੀ ਚੋਣਾਂ ਦੌਰਾਨ ਪੰਜਾਬੀਆਂ ਦੇ ਆਪਣੇ ਮਸਲੇ ਹਨ। ਇਨ੍ਹਾਂ ਮਸਲਿਆਂ ਵਿੱਚੋਂ ਇੱਕ ਹੈ, ਪੰਜਾਬੀਆਂ ਲਈ 'ਰਿਫ਼ਿਊਜੀ ਅਤੇ ਸ਼ਰਨਾਰਥੀ' ਸ਼ਬਦ ਵਰਤਣਾ। ਹਰਿਆਣਾ ਦੇ ਪੰਜਾਬੀ ਭਾਵੇਂ ਸਿਆਸੀ ਅਤੇ ਸਮਾਜਿਕ ਤੌਰ ਉੱਤੇ ਅਹਿਮ ਭਾਈਚਾਰਾ ਹਨ, ਪਰ 1947 ਵਿੱਚ ਭਾਰਤ-ਪਾਕਿਸਤਾਨ ਦੀ ਵੰਡ ਦੌਰਾਨ ਉੱਜੜ ਕੇ ਆਏ ਇਨ੍ਹਾਂ ਲੋਕਾਂ ਨੂੰ ਆਪਣੇ ਲਈ ਵਰਤੇ ਜਾਂਦੇ ਉਕਤ ਸ਼ਬਦ ਨੀਵਾਂ ਦਿਖਾਉਣ ਵਾਲੇ ਲੱਗਦੇ ਹਨ। ਭਾਰਤ-ਪਾਕਿਸਤਾਨ ਦੀ ਵੰਡ ਵੇਲ਼ੇ ਇੱਕ ਪਾਸੇ ਤੋਂ ਦੂਜੇ ਪਾਸੇ ਜਾ ਕੇ ਵਸੇ ਲੋਕਾਂ ਲਈ ਆਮ ਕਰਕੇ 'ਸ਼ਰਨਾਰਥੀ ਅਤੇ ਰਿਫ਼ਿਊਜੀ' ਸ਼ਬਦ ਵਰਤੇ ਜਾਂਦੇ ਹਨ। ਪੰਚਕੂਲਾ ਦੇ ਰਹਿਣ ਵਾਲੇ ਅੰਕੁਰ ਕਪੂਰ 1947 ਤੋਂ ਬਾਅਦ ਹਰਿਆਣਾ ਆ ਵੱਸੇ। ਉਨ੍ਹਾਂ ਦੇ ਪੰਜਾਬੀ ਪਰਿਵਾਰਾਂ ਦੀ ਤੀਜੀ ਪੀੜ੍ਹੀ ਹੈ, ਜੋ ਅਜੇ ਵੀ ਪੰਜਾਬੀ ਹਿੱਤਾਂ ਲਈ ਜੱਦੋਜਹਿਦ ਕਰ ਰਹੇ ਹਨ। ਅੰਕੁਰ ਕਪੂਰ ਦੇ ਪਿਤਾ ਸੁਭਾਸ਼ ਕਪੂਰ ਉਨ੍ਹਾਂ ਪੰਜਾਬੀ ਆਗੂਆ ਵਿੱਚ ਸ਼ਾਮਲ ਸਨ, ਜਿਨ੍ਹਾਂ ਹਰਿਆਣਾ ਵਿੱਚ 'ਪੰਜਾਬੀ ਏਕਤਾ ਮੰਚ' ਦਾ ਗਠਨ ਕੀਤਾ। ਉਨ੍ਹਾਂ ਦੀ ਮੌਤ ਤੋਂ ਬਾਅਦ ਹੁਣ ਅੰਕੁਰ ਤੇ ਉਨ੍ਹਾਂ ਦੀ ਮਾਤਾ ਇਸ ਕਾਰਜ ਵਿੱਚ ਲੱਗੇ ਹੋਏ। ਅੰਕੁਰ ਅਨੁਸਾਰ 'ਪੰਜਾਬੀਆਂ ਨੂੰ ਉਨ੍ਹਾਂ ਦਾ ਬਣਦਾ ਹਿੱਸਾ ਨਹੀਂ ਦਿੱਤਾ ਗਿਆ, ਭਾਈਚਾਰੇ ਨੂੰ ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਅਣਗੌਲਿਆ ਕੀਤਾ ਹੈ।'

ਪੰਜਾਬੀ ਏਕਤਾ ਮੰਚ, ਪੰਜਾਬੀ ਮਹਾਸਭਾ, ਪੰਜਾਬੀ ਸੈਵਮਾਨ ਸੰਘ, ਪੰਜਾਬੀ ਭਾਈਚਾਰੇ ਦੀਆਂ ਅਜਿਹੀਆਂ ਸਵੈ-ਸੇਵੀ ਜਥੇਬੰਦੀਆਂ ਹਨ, ਜੋ ਪੰਜਾਬੀਆਂ ਲਈ 'ਸ਼ਰਨਾਰਥੀ ਅਤੇ ਰਿਫਿਊਜੀ' ਸ਼ਬਦ ਵਰਤਣ ਉੱਤੇ ਪਾਬੰਦੀ ਦੀ ਲੰਬੇ ਸਮੇਂ ਤੋਂ ਮੰਗ ਕਰਦੀਆਂ ਰਹੀਆਂ ਹਨ। 2018 ਵਿੱਚ ਪੰਜਾਬੀ ਸਵੈਮਾਨ ਸੰਘ ਦੇ ਆਗੂ ਹੇਮੰਤ ਬਖ਼ਸ਼ੀ ਨੇ ਹਰਿਆਣਾ ਦੇ ਤਤਕਾਲੀ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਤੋਂ ਇਸ ਲਈ ਬਾਕਾਇਦਾ ਕਾਨੂੰਨ ਬਣਾਉਣ ਦੀ ਮੰਗ ਕੀਤੀ ਸੀ। ਉਨ੍ਹਾਂ ਦੀ ਮੰਗ ਸੀ ਕਿ ਪੱਛੜੀਆਂ ਸ਼੍ਰੇਣੀ ਲਈ ਬਣੇ 'ਜਾਤੀ ਸੂਚਕ' ਸ਼ਬਦ ਦੀ ਵਰਤੋਂ ਰੋਕੂ ਕਾਨੂੰਨ ਦੀ ਤਰਜ਼ ਉੱਤੇ ਕਾਨੂੰਨ ਬਣਾ ਕੇ ਹਰਿਆਣਾ ਦੇ ਪੰਜਾਬੀਆਂ ਲਈ 'ਰਿਫਿਊਜੀ ਤੇ ਸ਼ਰਨਾਰਥੀ' ਸ਼ਬਦਾਂ ਦੀ ਵਰਤੋਂ ਉੱਤੇ ਪਾਬੰਦੀ ਲਾਈ ਜਾਵੇ।

ਹਰਿਆਣਵੀਂ ਬੋਲੀ ਦੇ ਪ੍ਰਭਾਵ ਵਾਲੀ ਹਿੰਦੀ ਤੋਂ ਬਾਅਦ ਪੰਜਾਬੀ ਸੂਬੇ ਦੀ ਸਭ ਤੋਂ ਵੱਡੀ ਭਾਸ਼ਾ ਹੈ। 2011 ਦੀ ਮਰਦਮਸ਼ੁਮਾਰੀ ਮੁਤਾਬਕ ਸੂਬੇ ਵਿੱਚ ਪੰਜਾਬੀਆਂ ਦੀ ਵਸੋਂ ਦੀ ਕੁਲ ਗਿਣਤੀ 24,00,883 ਸੀ (ਹੁਣ ਜ਼ਿਆਦਾ ਹੈ)। ਇਸ ਵਿੱਚੋਂ ਅੱਧੀ ਤੋਂ ਵੱਧ ਸਿੱਖ ਭਾਈਚਾਰੇ ਨਾਲ ਸਬੰਧਤ ਹੈ। ਇਨ੍ਹਾਂ ਦੀ ਵਸੋਂ ਵਾਲੇ ਇਲਾਕਿਆਂ ਵਿੱਚ ਸਿਰਸਾ, ਜੀਂਦ, ਫਤਿਹਾਬਾਦ, ਕੈਥਲ, ਕੁਰੂਕਸ਼ੇਤਰ, ਅੰਬਾਲਾ, ਰੋਹਤਕ, ਪਾਣੀਪਤ, ਹਾਂਸੀ ਅਤੇ ਪੰਚਕੂਲਾ ਸ਼ਾਮਲ ਹੈ। ਸੰਘਣੀ ਪੰਜਾਬੀ ਵਸੋਂ ਵਾਲੇ ਇਲਾਕੇ ਜਾਂ ਤਾਂ ਪੰਜਾਬ ਨਾਲ ਲੱਗਦੇ ਹਨ ਜਾਂ ਦਿੱਲੀ-ਚੰਡੀਗੜ੍ਹ ਜੀ.ਟੀ. ਰੋਡ ਦੇ ਆਲੇ ਦੁਆਲੇ ਪੈਂਦੇ ਹਨ।

ਹਰਿਆਣਾ ਵਿੱਚ ਪੰਜਾਬੀਆਂ ਨੂੰ ਜੀ.ਟੀ. ਰੋਡ ਬੈਲਟ ਵਾਲੇ ਵੀ ਕਿਹਾ ਜਾਂਦਾ ਹੈ। ਇਨ੍ਹਾਂ ਦਾ ਪਿਛੋਕੜ ਪਾਕਿਸਤਾਨ ਦੇ ਝੰਗ, ਬਹਾਵਲਪੁਰ ਅਤੇ ਮੁਲਤਾਨ ਖੇਤਰਾਂ ਨਾਲ ਦੱਸਿਆ ਜਾਂਦਾ ਹੈ। ਸੀਨੀਅਰ ਪੱਤਰਕਾਰ ਬਲਵੰਤ ਤਕਸ਼ਕ ਕਹਿੰਦੇ ਹਨ ਕਿ ਪੰਜਾਬੀ ਭਾਈਚਾਰਾ ਆਪਣੀ ਭਾਸ਼ਾ ਅਤੇ ਪਛਾਣ ਨੂੰ ਲੈ ਕੇ ਕਾਫੀ ਗੰਭੀਰ ਹੈ। ਇਸ ਲਈ ਉਹ ਸਮੇਂ-ਸਮੇਂ ਉੱਤੇ ਆਪਣੀ ਬਣਦੀ ਨੁਮਾਇੰਦਗੀ ਦੀ ਮੰਗ ਕਰਦਾ ਰਿਹਾ ਹੈ। ਹਰਿਆਣਾ ਦੇ ਸਾਬਕਾ ਗ੍ਰਹਿ ਮੰਤਰੀ ਸੁਭਾਸ਼ ਬੱਤਰਾ ਅਨੁਸਾਰ, 'ਪੰਜਾਬੀ ਕੋਈ ਇੱਕ ਜਾਤ ਜਾਂ ਧਰਮ ਨਹੀਂ ਹੈ, ਇਹ ਇੱਕ ਸੱਭਿਆਚਾਰ ਹੈ।' ਸੁਭਾਸ਼ ਬੱਤਰਾ ਕਿਸੇ ਸਮੇਂ ਹਰਿਆਣਾ ਦੀ ਸਿਆਸਤ ਦਾ ਚਿਹਰਾ ਮੋਹਰਾ ਰਹੇ ਹਨ। ਉਹ ਹੁਣ ਸਿਆਸਤ ਤੋਂ ਸੰਨਿਆਸ ਲੈ ਚੁੱਕੇ ਹਨ, ਪਰ ਪੰਜਾਬੀ ਮਹਾਸਭਾ ਰਾਹੀਂ ਭਾਈਚਾਰੇ ਦੀ ਵਿਕਾਸ ਲਈ ਅਜੇ ਵੀ ਸਰਗਰਮ ਹਨ।

ਹਰਿਆਣਾ ਦੇ ਪੰਜਾਬੀ ਜ਼ਿਆਦਾਤਰ ਪਾਕਿਸਤਾਨ ਤੋਂ 1947 ਵਿੱਚ ਉੱਜੜ ਕੇ ਆਏ ਸਨ। ਕੁਝ ਲੋਕ ਤਾਂ ਚੰਗੀ ਤਰ੍ਹਾਂ ਸੈਟਲ ਹੋ ਗਏ, ਪਰ ਬਹੁਤ ਸਾਰੇ ਅਜਿਹੇ ਹਨ, ਜੋ ਅਲਾਟ ਹੋਈਆਂ ਜ਼ਮੀਨਾਂ, ਪਲਾਟਾਂ ਦੀਆਂ ਰਜਿਸਟਰੀਆਂ ਵਰਗੇ ਮਸਲਿਆਂ ਨਾਲ ਅਜੇ ਵੀ ਜੂਝ ਰਹੇ ਹਨ। ਇਸ ਲਈ ਭਾਈਚਾਰਾ ਇਹ ਮੰਗ ਕਰਦਾ ਹੈ ਕਿ ਸੂਬੇ ਵਿੱਚ ਪੰਜਾਬੀਆਂ ਦੇ ਮਸਲਿਆਂ ਦੇ ਹੱਲ ਲਈ ਪੰਜਾਬੀ ਭਲਾਈ ਬੋਰਡ ਦਾ ਗਠਨ ਕੀਤਾ ਜਾਵੇ। ਪੰਜਾਬੀ ਭਾਸ਼ਾ ਨੂੰ ਹਰਿਆਣਾ ਵਿੱਚ ਦੂਜੀ ਸਰਕਾਰੀ ਭਾਸ਼ਾ ਵਜੋਂ ਦਰਜਾ ਦਿੱਤਾ ਗਿਆ ਸੀ, ਪਰ ਇਸ ਉੱਤੇ ਅਮਲ ਨਹੀਂ ਹੋਇਆ। ਪੰਜਾਬੀ ਭਾਈਚਾਰੇ ਦੀ ਇਹ ਮੰਗ ਰਹੀ ਹੈ ਕਿ ਜਿਸ ਵਿਧਾਨ ਸਭਾ ਹਲਕੇ ਵਿੱਚ ਉਨ੍ਹਾਂ ਦੀ ਅਬਾਦੀ 40 ਫੀਸਦ ਹੈ, ਉੱਥੇ ਸਿਆਸੀ ਪਾਰਟੀਆਂ ਪੰਜਾਬੀ ਆਗੂਆਂ ਨੂੰ ਟਿਕਟਾਂ ਦੇਣ। ਕਰਨਾਲ ਪੰਜਾਬੀ ਸੰਮੇਲਨ ਦੌਰਾਨ ਕਾਂਗਰਸ ਤੋਂ ਪੰਜਾਬੀ ਆਗੂਆਂ ਲਈ 20-25 ਟਿਕਟਾਂ ਦੀ ਮੰਗ ਕੀਤੀ ਗਈ ਸੀ।

ਹਰਿਆਣਾ ਦਾ ਸਿੱਖ ਭਾਈਚਾਰਾ ਸੂਬੇ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਕਰਵਾਉਣ ਦੀ ਮੰਗ ਕਰਦਾ ਰਿਹਾ ਹੈ, ਪਰ ਸਰਕਾਰ ਆਪਣੇ ਨਾਮਜ਼ਦ ਨੁਮਾਇੰਦਿਆਂ ਦੀ ਕਮੇਟੀ ਬਣਾ ਕੇ ਹੀ ਅਹੁਦੇਦਾਰੀਆਂ ਦਿੰਦੀ ਰਹੀ ਹੈ। ਸੁਭਾਸ਼ ਬੱਤਰਾ ਇਹ ਦਾਅਵਾ ਕਰਦੇ ਹਨ ਕਿ ਪੰਜਾਬੀ ਸੂਬੇ ਦੀਆਂ 90 ਸੀਟਾਂ ਵਿੱਚੋਂ 25 ਵਿੱਚ ਫੈਸਲਾਕੁੰਨ ਭੂਮਿਕਾ ਅਦਾ ਕਰਦੇ ਹਨ। ਇਸ ਤਰ੍ਹਾਂ ਲੋਕ ਸਭਾ ਦੇ 3 ਹਲਕਿਆਂ- ਫਰੀਦਾਬਾਦ, ਕਰਨਾਲ ਅਤੇ ਕੁਰੂਕਸ਼ੇਤਰ ਵਿੱਚ ਪੰਜਾਬੀਆਂ ਦੀ ਅਹਿਮ ਭੂਮਿਕਾ ਰਹਿੰਦੀ ਹੈ। ਕਰਨਾਲ ਪੰਜਾਬੀ ਸੰਮੇਲਨ ਦੇ ਪ੍ਰਬੰਧਕ ਅਸ਼ੋਕ ਕੁਮਾਰ ਮਹਿਤਾ ਨੇ ਮੰਚ ਤੋਂ ਪੰਜਾਬੀਆਂ ਲਈ ਟਿਕਟਾਂ ਦੀ ਮੰਗ ਕਰਦਿਆਂ ਬੰਸੀ ਲਾਲ ਸਰਕਾਰ ਦੀ ਮਿਸਾਲ ਦਿੱਤੀ ਸੀ, "1991 ਵਿੱਚ ਬਣੀ ਬੰਸੀ ਲਾਲ ਸਰਕਾਰ ਵਿੱਚ 17 ਮੰਤਰੀ ਪੰਜਾਬੀ ਸਨ, ਇਸ ਤੋਂ ਪਤਾ ਲੱਗਦਾ ਹੈ ਕਿ ਪੰਜਾਬੀ ਆਗੂਆਂ ਵਿੱਚ ਸਮਰੱਥਾ ਦੀ ਕਮੀ ਨਹੀਂ ਹੈ, ਪਰ ਲੋੜ ਸਿਰਫ਼ ਮੌਕਾ ਮਿਲਣ ਦੀ ਹੈ।"

# ਲਗਾਤਾਰ ਵਿਗੜ ਰਹੀ ਪੰਜਾਬ ਦੀ ਆਰਥਕ ਹਾਲਤ

*ਸਰਕਾਰ ਵਿਰੁਧ ਪ੍ਰਦਰਸ਼ਨ ਵਧੇ *ਪੰਜਾਬ ਸਰਕਾਰ ਨੇ ਕੇਂਦਰ ਤੋਂ ਕਰਜ਼ਾ ਹੱਦ ਵਧਾਉਣ ਦੀ ਮੰਗ ਕੀਤੀ

**ਪੰਜਾਬੀ ਪਰਵਾਜ਼ ਬਿਊਰੋ**

ਪੰਜਾਬ ਸਰਕਾਰ ਅੱਜ ਕੱਲ੍ਹ ਆਰਥਿਕ ਸੰਕਟ ਵਿੱਚ ਘਿਰਦੀ ਨਜ਼ਰ ਆ ਰਹੀ ਹੈ। ਇਸ ਆਰਥਿਕ ਸੰਕਟ ਨਾਲ ਨਿਪਟਣ ਲਈ ਪੰਜਾਬ ਸਰਕਾਰ ਨੇ ਕੇਂਦਰ ਨੂੰ ਅਪੀਲ ਕੀਤੀ ਹੈ ਕਿ ਉਸ ਦੀ ਕਰਜ਼ੇ ਦੀ ਹੱਦ ਵਧਾਈ ਜਾਵੇ। ਪੰਜਾਬ ਸਰਕਾਰ ਵੱਲੋਂ ਕੇਂਦਰੀ ਵਿੱਤ ਮੰਤਰਾਲੇ ਨੂੰ ਭੇਜੇ ਗਏ ਇੱਕ ਪੱਤਰ ਵਿੱਚ ਸਾਲਾਨਾ ਕਰਜ਼ੇ ਦੀ ਹੱਦ 10,000 ਕਰੋੜ ਰੁਪਏ ਵਧਾਏ ਜਾਣ ਦੀ ਮੰਗ ਕੀਤੀ ਗਈ ਹੈ। ਯਾਦ ਰਹੇ, ਸਾਲ 2024-25 ਲਈ ਪੰਜਾਬ ਦੇ ਹਿੱਸੇ ਦੇ ਕਰਜ਼ੇ ਦਾ ਕੋਟਾ 30,464.92 ਕਰੋੜ ਰੱਖਿਆ ਗਿਆ ਹੈ। ਇਸ ਵਿੱਚੋਂ ਜੁਲਾਈ ਮਹੀਨੇ ਤੱਕ ਸਰਕਾਰ 13,095 ਕਰੋੜ ਦਾ ਕਰਜ਼ਾ ਲੈ ਚੁੱਕੀ ਹੈ। ਇੱਕ ਹਾਲੀਆ ਸਰਵੇ ਅਨੁਸਾਰ ਫੀ ਵਿਅਕਤੀ ਆਮਦਨ ਦੇ ਮੁਕਾਬਲੇ ਪੰਜਾਬ ਹੁਣ 20ਵੇਂ ਸਥਾਨ 'ਤੇ ਹੈ। ਇਸ ਮਾਮਲੇ ਵਿੱਚ ਸਿੱਕਮ, ਗੋਆ, ਦਿੱਲੀ ਅਤੇ ਤਿਲੰਗਾਨਾ ਉਪਰਲੇ ਪੰਜਾਂ ਵਿੱਚ ਹਨ। ਉੜੀਸਾ, ਨਾਗਾਲੈਂਡ ਅਤੇ ਮੇਘਾਲਿਆ ਜਿਹੇ ਰਾਜ ਵੀ ਪੰਜਾਬ ਤੋਂ ਉੱਪਰ ਹਨ।

ਇਸ ਹਾਲਤ ਵਿੱਚ ਕੇਂਦਰ ਤੋਂ ਕਰਜ਼ੇ ਦੀ ਮੰਗ ਤੋਂ ਇਲਾਵਾ ਪੰਜਾਬ ਸਰਕਾਰ ਨੇ ਹਾਲ ਹੀ ਵਿੱਚ ਪੈਟਰੋਲ ਅਤੇ ਡੀਜ਼ਲ 'ਤੇ ਵੈਟ ਵਧਾ ਦਿੱਤਾ ਹੈ। ਇਸ ਤੋਂ ਇਲਾਵਾ ਆਮ ਬੱਸਾਂ ਦੇ ਕਿਰਿਆਇਆਂ ਵਿੱਚ 24 ਫੀਸਦੀ ਅਤੇ ਏ.ਸੀ. ਬੱਸਾਂ ਦੇ ਕਿਰਾਏ ਵਿੱਚ 40 ਤੋਂ ਲੈ ਕੇ 48 ਪੈਸੇ ਫੀ ਕਿਲੋਮੀਟਰ ਦਾ ਵਾਧਾ ਕੀਤਾ ਹੈ। ਜਾਇਦਾਦਾਂ ਦੀਆਂ ਰਜਿਸਟਰੀਆਂ ਦੀ ਫੀਸ ਵੀ ਵਧਾ ਦਿੱਤੀ ਗਈ ਹੈ। ਸੋ ਸਪਸ਼ਟ ਹੈ ਕਿ ਆਪਣੇ ਅੱਗੇ ਦਰਪੇਸ਼ ਆਰਥਕ ਸੰਕਟ ਦਾ ਹੱਲ ਸਰਕਾਰ ਨੇ ਵੱਖ-ਵੱਖ ਢੰਗਾਂ ਰਾਹੀਂ ਆਮ ਲੋਕਾਂ 'ਤੇ ਬੋਝ ਪਾਉਣ ਵਿੱਚ ਕੱਢਿਆ ਹੈ।

ਦਿਲਚਸਪ ਤੱਥ ਇਹ ਵੀ ਹੈ ਕਿ ਇੱਕ ਪਾਸੇ ਤਾਂ ਪੰਜਾਬ ਸਰਕਾਰ ਵੱਲੋਂ ਸਰਕਾਰੀ ਬੱਸਾਂ ਵਿੱਚ ਔਰਤਾਂ ਨੂੰ ਮੁਫਤ ਸਫਰ ਦੀ ਸਹੂਲਤ ਦਿੱਤੀ ਜਾ ਰਹੀ ਹੈ ਅਤੇ 600 ਯੂਨਿਟ ਤੱਕ ਹਰ ਘਰ ਨੂੰ ਬਿਜਲੀ ਮੁਫਤ ਕੀਤੀ ਹੋਈ ਹੈ। ਦੂਜੇ ਪਾਸੇ ਸਰਕਾਰ ਕਰਜ਼ਾ ਚੁੱਕ ਕੇ ਆਪਣਾ ਖਰਚਾ ਤੋਰਨ ਦਾ ਹੀਲਾ-ਵਸੀਲਾ ਕਰ ਰਹੀ ਹੈ। ਇਸ ਦਰਮਿਆਨ ਪੰਜਾਬ ਦੇ ਵੱਖ-ਵੱਖ ਤਬਕਿਆਂ ਵੱਲੋਂ ਸਰਕਾਰ ਦੇ ਖਿਲਾਫ ਆਪੋ ਆਪਣੀਆਂ ਮੰਗਾਂ ਨੂੰ ਲੈ ਕੇ ਸੰਘਰਸ਼ ਕੀਤੇ ਜਾ ਰਹੇ ਹਨ। ਕਿਸਾਨ ਜਥੇਬੰਦੀਆਂ ਵੱਲੋਂ ਆਪਣੀਆਂ ਮੰਗਾਂ ਦੀ ਪੂਰਤੀ ਲਈ ਪਹਿਲਾਂ ਹੀ ਪੰਜਾਬ ਤੇ ਕੇਂਦਰ ਸਰਕਾਰ ਵਿਰੁਧ ਸੰਘਰਸ਼ ਵਿੱਢਿਆ ਹੋਇਆ ਹੈ ਅਤੇ 9 ਸਤੰਬਰ ਤੋਂ ਪੰਜਾਬ ਦੇ ਸਰਕਾਰੀ ਡਾਕਟਰ ਵੀ ਹੜਤਾਲ 'ਤੇ ਚਲੇ ਗਏ ਹਨ। ਇਸ ਨਾਲ ਪੰਜਾਬ ਦੇ ਮੱਧਲੇ ਅਤੇ ਗਰੀਬ ਵਰਗਾਂ ਲਈ ਸਿਹਤ ਸੇਵਾਵਾਂ ਵੱਡੀ ਪੱਧਰ 'ਤੇ ਪ੍ਰਭਾਵਤ ਹੋਣਗੀਆਂ। ਸਰਕਾਰ ਵੱਲੋਂ ਆਪਣਾ ਖਰਚਾ-ਪੱਤਾ ਪੂਰਾ ਕਰਨ ਲਈ ਪੁੱਡਾ ਅਤੇ ਕਈ ਹੋਰ ਵਿਭਾਗਾਂ ਦੀਆਂ ਜਾਇਦਾਦਾਂ ਵੀ ਸੇਲ 'ਤੇ ਲਗਾਈਆਂ ਗਈਆਂ ਹਨ।

ਬੱਸਾਂ ਦੇ ਕਿਰਾਏ ਅਤੇ ਤੇਲ ਦੀਆਂ ਕੀਮਤਾਂ ਵਧਾਏ ਜਾਣ ਕਾਰਨ ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਬਾਗੀ ਅਕਾਲੀ ਗੁੱਟ- ਦੋਹਾਂ ਵੱਲੋਂ ਪੰਜਾਬ ਸਰਕਾਰ ਦੇ ਵਿਰੁਧ ਸੰਘਰਸ਼ ਵਿੱਢਣ ਦਾ ਫੈਸਲਾ ਕੀਤਾ ਗਿਆ ਹੈ। ਅਕਾਲੀ ਦਲ (ਬਾਦਲ) ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਕਿਰਾਇਆਂ ਵਿੱਚ ਕੀਤਾ ਵਾਧਾ ਤੇ ਤੇਲ ਕੀਮਤਾਂ ਵਿੱਚ ਵਾਧੇ ਨੂੰ ਫੌਰੀ ਵਾਪਸ ਲਏ ਜਾਣ ਦੀ ਮੰਗ ਕੀਤੀ ਹੈ ਅਤੇ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਅਕਾਲੀ ਦਲ ਵੱਲੋਂ ਜ਼ਿਲ੍ਹਾ ਹੈਡਕੁਆਰਟਰਾਂ 'ਤੇ ਧਰਨੇ ਦੇਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਇਸੇ ਤਰ੍ਹਾਂ ਬਾਗੀ ਅਕਾਲੀਆਂ ਦੇ ਧੜੇ ਦੇ ਆਗੂ ਗੁਰਪ੍ਰਤਾਪ ਸਿੰਘ ਵਡਾਲਾ ਨੇ ਵੀ ਸਰਕਾਰ ਵੱਲੋਂ ਤੇਲ ਕੀਮਤਾਂ ਤੇ ਕਿਰਾਇਆਂ ਵਿੱਚ ਵਾਧਾ ਵਾਪਸ ਲਏ ਜਾਣ ਦੀ ਮੰਗ ਕਰਦਿਆਂ ਇਸ ਖਿਲਾਫ ਸੰਘਰਸ਼ ਵਿੱਢਣ ਦਾ ਐਲਾਨ ਕੀਤਾ ਹੈ। ਇਹ ਠੀਕ ਹੈ ਕਿ ਕੇਂਦਰ ਸਰਕਾਰ ਨੇ ਪੰਜਾਬ ਦੇ ਮਨਰੇਗਾ, ਰੂਰਲ ਡਿਵੈਲਪਮੈਂਟ ਫੰਡ ਅਤੇ ਜੀ.ਐਸ.ਟੀ. ਦਾ ਬਕਾਇਆ ਆਦਿ ਰੋਕਿਆ ਹੋਇਆ ਹੈ, ਇਸ ਕਾਰਨ ਵੀ ਸਰਕਾਰ ਨੂੰ ਤੰਗੀ ਆ ਰਹੀ ਹੈ, ਪਰ ਕੇਂਦਰ ਦਾ ਆਖਣਾ ਹੈ ਕਿ ਰਾਜ ਸਰਕਾਰ ਕਿਸੇ ਵਿਸ਼ੇ/ਮਾਮਲੇ ਵਿੱਚ ਦਿੱਤੇ ਗਏ ਫੰਡਾਂ ਦੇ ਬਰਾਬਰ ਨਾ ਤਾਂ ਮੈਚਿੰਗ ਗਰਾਂਟ ਦਾ ਪ੍ਰਬੰਧ ਕਰਦੀ ਹੈ ਅਤੇ ਨਾ ਹੀ ਫੰਡਾਂ ਨੂੰ ਮਿੱਥੇ ਗਏ ਖੇਤਰਾਂ ਵਿੱਚ ਖਰਚ ਕਰਦੀ ਹੈ। ਸਗੋਂ ਬੀਤੇ ਵਿੱਚ ਕਈ ਵਾਰ ਇਹ ਫੰਡ ਮੁਲਾਜ਼ਮਾਂ ਨੂੰ ਤਨਖਾਹਾਂ ਵਗੈਰਾ ਦੇਣ ਵਿੱਚ ਵੀ ਖਰਚ ਲਏ ਜਾਂਦੇ ਰਹੇ ਹਨ। ਪੰਜਾਬ ਵਿੱਚ ਹਰ ਘਰ ਨੂੰ 600 ਯੂਨਿਟ ਮੁਫਤ ਬਿਜਲੀ ਦੇਣ ਦਾ ਸਿੱਟਾ ਇਹ ਨਿਕਲਿਆ ਹੈ ਕਿ ਬਿਜਲੀ ਦੀ ਚੋਰੀ ਹੋ ਰਹੀ ਹੈ। ਪੰਜਾਬ ਵਿੱਚ 2600 ਕਰੋੜ ਰੁਪਏ ਦੀ ਸਾਲਾਨਾ ਬਿਜਲੀ ਚੋਰੀ ਹੋ ਰਹੀ ਹੈ। ਮਾਝੇ ਦੇ ਪੱਟੀ ਖੇਤਰ ਵਿੱਚ ਸਭ ਤੋਂ ਵੱਧ 125 ਕਰੋੜ ਰੁਪਏ ਦੀ ਬਿਜਲੀ ਚੋਰੀ ਹੋਈ। ਇਸ ਵਾਰ ਬਾਰਸ਼ ਘੱਟ ਹੋਣ ਕਾਰਨ ਵੈਸੇ ਵੀ ਬਿਜਲੀ ਦੀ ਖਪਤ ਵਧ ਗਈ ਹੈ ਅਤੇ ਪੇਂਡੂ ਇਲਾਕਿਆ ਵਿੱਚ ਲੰਮੇ ਬਿਜਲੀ ਕੱਟ ਲੱਗ ਰਹੇ ਹਨ।

ਅਕਾਲੀ ਸਰਕਾਰ ਵਿੱਚ ਹੋਰ ਜਿੰਨੀਆਂ ਮਰਜ਼ੀ ਕਮੀਆਂ ਰਹੀਆਂ ਹੋਣ, ਪਰ ਉਨ੍ਹਾਂ ਨੇ ਆਪਣੇ ਕਾਰਜਕਾਲ ਵਿੱਚ ਕੁਝ ਥਰਮਲ ਪਲਾਂਟ ਲਗਾ ਕੇ ਬਿਜਲੀ ਦੀ ਪੈਦਾਵਾਰ ਸਰਪਲਸ ਕਰ ਲਈ ਸੀ। ਉਂਝ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਵੀ ਪੰਜਾਬ ਬਿਜਲੀ ਕੱਟਾਂ ਤੋਂ ਬਚਦਾ ਰਿਹਾ, ਪਰ 'ਆਪ' ਸਰਕਾਰ ਦੀ ਆਮਦ ਨਾਲ ਬਿਜਲੀ ਕੱਟਾਂ ਦਾ ਸਿਲਸਲਾ ਮੁੜ ਤੋਂ ਚਾਲੂ ਹੋ ਗਿਆ ਹੈ। ਇਸੇ ਕਾਰਨ ਛੋਟੇ-ਵੱਡੇ ਡੀਜ਼ਲ ਜਨਰੇਟਰਾਂ ਦੀ ਸਨਅਤ ਨੂੰ ਕੁਝ ਹੁਲਾਰਾ ਮਿਲਿਆ ਹੈ। ਛੋਟੇ ਬਿਜਲੀ ਜਨਰੇਟਰ ਮੁੜ ਵੱਡੀ ਪੱਧਰ 'ਤੇ ਵਿਕਣ ਲੱਗ ਪਏ ਹਨ। ਪੰਜਾਬ ਵਿੱਚ ਬਿਜਲੀ ਮਹਿੰਗੀ ਹੋਣ ਕਾਰਨ ਅਤੇ ਟੈਰਿਫ ਦਰਾਂ ਕਾਰਨ ਸਨਅਤ ਪਹਿਲਾਂ ਹੀ ਦੂਜੇ ਰਾਜਾਂ ਵਿੱਚ ਜਾ ਰਹੀ ਹੈ। ਜੀ.ਐਸ.ਟੀ. ਕੇਂਦਰ ਨੇ ਆਪਣੇ ਹੱਥ ਕਰ ਲਈ ਹੈ। ਜੋ ਕੁਝ ਹਿੱਸਾ ਰਾਜਾਂ ਨੂੰ ਵਾਪਸ ਵੀ ਕੀਤਾ ਜਾਂਦਾ ਹੈ ਤਾਂ ਤਰਸਾ-ਤਰਸਾ ਕੇ। ਰਾਜ ਸਰਕਾਰਾਂ ਜਦੋਂ ਜੀ.ਐਸ.ਟੀ. ਦਾ ਹਿੱਸਾ ਵਧਾਉਣ ਲਈ ਆਖਦੀਆਂ ਹਨ ਤਾਂ ਉਨ੍ਹਾਂ ਨੂੰ 'ਵੈਟ' ਦੀਆਂ ਦਰਾਂ ਵਧਾਉਣ ਲਈ ਕਿਹਾ ਜਾਦਾ ਹੈ। ਭਾਵ ਸਰਕਾਰਾਂ ਨੂੰ ਜੇ ਪੈਸੇ ਚਾਹੀਦੇ ਹਨ ਤਾਂ ਉਹ ਸਿੱਧੇ ਜਾਂ ਅਸਿੱਧੇ ਟੈਕਸਾਂ ਰਾਹੀਂ ਆਮ ਗਰੀਬ ਤੇ ਮੱਧਵਰਗੀ ਲੋਕਾਂ ਦਾ ਹੀ ਸਿਰ ਮੁੰਨਣਗੀਆਂ। ਕੇਂਦਰ ਸਰਕਾਰ ਵੀ ਤੇ ਰਾਜ ਸਰਕਾਰ ਵੀ। ਨਿਵੇਸ਼ ਖਿੱਚਣ ਦੇ ਬਹਾਨੇ ਕਾਰਪੋਰੇਟ ਸੈਕਟਰ ਅਤੇ ਵੱਡੀਆਂ ਕੰਪਨੀਆਂ ਨੂੰ ਟੈਕਸ ਰਿਆਇਤਾਂ ਦੇ ਗੱਫੇ ਦਿੱਤੇ ਜਾ ਰਹੇ ਹਨ, ਮੁਫਤ ਦੇ ਭਾਅ ਜ਼ਮੀਨਾਂ ਐਕਵਾਇਰ ਕਰਕੇ ਦਿੱਤੀਆਂ ਜਾ ਰਹੀਆਂ ਹਨ ਤੇ ਉਪਰੋਂ 10 ਸਾਲਾਂ ਲਈ ਟੈਕਸ ਤੋਂ ਛੋਟ।

ਟੈਕਸਾਂ ਦੀ ਗਾਜ ਮੁੜ ਘਿੜ ਕੇ ਸਰਕਾਰੀ ਮੁਲਾਜ਼ਮਾਂ, ਗਰੀਬ ਗੁਰਬਾ ਅਤੇ ਮੱਧ ਵਰਗ 'ਤੇ ਆ ਗਿਰਦੀ ਹੈ। ਦੁਨੀਆਂ ਪੱਧਰ 'ਤੇ ਹੀ ਪੁਲਿਟੀਕਲ ਇਕਾਨਮੀ ਦਾ ਅਧਿਅਨ ਕਰਨ ਵਾਲੇ ਵਿਦਵਾਨਾਂ ਅਨੁਸਾਰ ਪਿਛਲੇ ਤਕਰੀਬਨ ਵੀਹ ਸਾਲਾਂ ਤੋਂ, ਨਿੱਜੀ ਖੇਤਰ ਵਿੱਚ ਲੱਗੇ ਵਰਕਰਾਂ ਦੀਆਂ ਤਨਖਾਹਾਂ ਵਿੱਚ ਮਾਮੂਲੀ ਵਾਧਾ ਹੋਇਆ ਹੈ। ਕਾਰਪੋਰੇਟ ਜਗਤ ਦੇ ਮੁਨਾਫੇ ਛਾਲਾਂ ਮਾਰ ਕੇ ਵਧ ਗਏ ਹਨ। ਸਾਡੇ ਮੁਲਕ ਵਿੱਚ ਤਾਂ ਆਰਥਕ ਪਾੜਾ ਬੇਹੱਦ ਤੇਜ਼ੀ ਨਾਲ ਵਧਿਆ ਹੈ। ਕਦੀ ਖੱਬੇ ਪੱਖੀ ਇਸ ਕਿਸਮ ਦੀਆਂ ਦਲੀਲਾਂ ਦਿਆ ਕਰਦੇ ਸਨ ਕਿ ਜਿੱਥੇ ਗਰੀਬੀ ਵਧੇਗੀ, ਉਥੇ ਇਨਕਲਾਬ ਆਉਣਗੇ; ਪਰ ਹਿੰਦੋਸਤਾਨ ਦਾ ਬਾਬਾ ਆਲਮ ਹੀ ਨਿਰਾਲਾ ਹੈ। ਇਸ ਦੇਸ਼ ਦੇ ਲੋਕ ਕਿਸੇ ਵੀ ਹੱਦ ਤੱਕ ਆਰਥਕ ਤੰਗੀ ਅਤੇ ਬਸਤੀ ਗੰਦੀ, ਭੋਗ ਸਕਦੇ ਹਨ ਪਰ ਅੜੇ ਇਨਕਲਾਬ ਦੇ ਰਾਹ ਨਹੀਂ ਪੈਂਦੇ।



ਪੰਜਾਬ ਵਿੱਚ ਪੈਟਰੋਲ ਅਤੇ ਡੀਜ਼ਲ 'ਤੇ ਵੈਟ ਵਧਾਏ ਜਾਣ ਕਾਰਨ ਪੈਟਰੋਲ ਪੰਪ ਦਾ ਇੱਕ ਕਾਰਿੰਦਾ ਵਧੇ ਰੇਟ ਲਿਖਦਾ ਹੋਇਆ

ਜਿੱਥੋਂ ਤੱਕ ਪੰਜਾਬ ਸਿਰ ਕਰਜ਼ੇ ਦਾ ਸਵਾਲ ਹੈ, ਇਹ ਸ਼ੁਰੂ ਤਾਂ 1984ਵਿਆਂ ਦੇ ਦੌਰ ਵਿੱਚ ਹੋਇਆ ਜਦੋਂ ਪੰਜਾਬ ਦੇ ਲੋਕਾਂ ਨੂੰ ਕੁੱਟਿਆ ਅਤੇ ਲੁੱਟਿਆ ਗਿਆ, ਹਜ਼ਾਰਾਂ ਦੀ ਗਿਣਤੀ ਵਿੱਚ ਨੌਜਵਾਨ ਗਾਇਬ ਕਰ ਦਿੱਤੇ ਗਏ। ਇਸ ਦੌਰ ਵਿੱਚ ਸੁਰੱਖਿਆ ਦਸਤਿਆਂ 'ਤੇ ਹੋਇਆ ਸਾਰਾ ਖਰਚਾ ਵੀ ਪੰਜਾਬ ਸਿਰ ਪਾ ਦਿੱਤਾ ਗਿਆ। ਇਸ ਨੂੰ ਇੱਕ ਮਰਹੂਮ ਬਜ਼ੁਰਗ ਪੱਤਰਕਾਰ 'ਜੰਗੀ ਤਵਾਨ' ਕਿਹਾ ਕਰਦੇ ਸਨ। ਜਿਹੜਾ ਜੰਗ ਵਿੱਚ ਜਿੱਤਣ ਵਾਲੀਆਂ ਕੌਮਾਂ ਵੱਲੋਂ ਹਾਰੀਆਂ ਹੋਈਆਂ ਕੌਮਾਂ 'ਤੇ ਪਾਇਆ ਜਾਂਦਾ ਹੈ। ਇਸ ਕਰਜ਼ੇ ਨੂੰ ਵਿਚ-ਵਿਚਾਲੇ ਮਾਫ ਕਰਨ ਦੀ ਗੱਲ ਵੀ ਚੱਲੀ, ਪਰ ਇੱਕ ਦੋ ਕਿਸ਼ਤਾਂ ਦੀ ਮਾਫੀ ਤੋਂ ਬਾਅਦ ਇਸ ਅਮਲ ਵੀ ਰੁਕ ਗਿਆ। ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੀ ਸਰਕਾਰ ਤੋਂ ਬਾਅਦ ਜਿੰਨੀਆਂ ਵੀ ਸਰਕਾਰਾਂ ਪੰਜਾਬ ਵਿੱਚ ਰਹੀਆਂ, ਉਨ੍ਹਾਂ ਨੇ ਦਿਲ ਖੋਲ੍ਹ ਕੇ ਕਰਜ਼ੇ ਚੁੱਕੇ, ਸਰਕਾਰੀ ਜਾਇਦਾਦਾਂ ਵੇਚ ਕੇ ਗੁਜ਼ਾਰਾ ਚਲਾਇਆ। ਪੰਜਾਬ ਦੀ ਮੌਜੂਦਾ 'ਆਪ' ਸਰਕਾਰ ਵੀ ਉਸੇ ਰਾਹ 'ਤੇ ਹੈ। ਕਰਜ਼ਾ ਤਿੰਨ ਲੱਖ ਕਰੋੜ ਨੂੰ ਕਦੋਂ ਦਾ ਪਾਰ ਕਰ ਚੁੱਕਾ ਹੈ। 24 ਹਜ਼ਾਰ ਕਰੋੜ ਰੁਪਏ ਹਰ ਸਾਲ ਇਸ ਦਾ ਵਿਆਜ਼ ਜਾਂਦਾ ਹੈ। ਹਰ ਆਉਣ ਵਾਲੀ ਸਰਕਾਰ ਇਸ ਕਰਜ਼ੇ ਲਈ ਲੰਘ ਗਈਆਂ ਸਰਕਾਰਾਂ ਨੂੰ ਜਿੰਮੇਵਾਰ ਠਹਿਰਾਉਣ ਲਗਦੀ ਹੈ। ਆਪਣਾ ਪੱਲਾ ਝਾੜ ਲਿਆ ਜਾਂਦਾ ਹੈ। ਪੰਜਾਬ ਦੀ ਪੈਦਾਵਾਰੀ ਆਰਥਿਕਤਾ (ਖੇਤੀ, ਸਨਅਤਕਾਰੀ) ਨੂੰ ਉਜਾੜ ਕੇ ਹਾਈਵੇਅ ਸੜਕਾਂ ਦੇ ਵਿਛਾਏ ਜਾ ਰਹੇ ਜਾਲ ਅਤੇ ਥੋਕ 'ਚ ਕੱਟੇ ਜਾ ਰਹੇ ਦਰਖਤਾਂ ਨੂੰ ਵਿਕਾਸ ਆਖਿਆ ਜਾ ਰਿਹਾ ਹੈ। ਪਿੰਡਾਂ ਵਾਲੀਆਂ ਸੜਕਾਂ ਖਸਤਾ ਹੋ ਗਈਆਂ, ਹਾਈਵੇ ਉਨ੍ਹਾਂ ਦਾ ਮਖੌਲ ਉਡਾ ਰਹੇ ਹਨ। ਹਾਲਤ ਇਹ ਹੋ ਗਈ ਹੈ ਬਈ 'ਪੱਲੇ ਨੀ ਧੇਲਾ, ਕਰਦੀ ਮੇਲਾ ਮੇਲਾ!'

**DJ RJB Entertainment Inc.**
One of Chicagoland's leading Mobile DJ Companies.
We do all types of parties
*Weddings
*Private Parties
*Birthdays, Sweet 16's
*Engagements
*Retirement Parties
*Nightclubs
*Corporate Parties & much more!
Social: Instagram
Facebook
Youtube: djrjbmusic
Website: djrjbmusic.com
Ph: 630-770-0007
Our company is located in Naperville, IL, but we travel nationwide.
We offer industry standard equipment, state of the art sound and lighting, and digital turntables. We will do all we can to make sure your party is one of the most memorable nights of your life

**Hiring Local & Midwest Drivers and Dedicated Lanes & Owner Operators**



NT corp
4800 Vernon Ave, Ste. C, McCook, IL 60525
Ph: 847-562-5860 ext. 1003
Fax: 847-897-2660

**Premium Truck & Trailer Tires**
We also provide installation services
ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ
HT HAMPSHIRE TIRES
ਟਰੱਕਾਂ ਅਤੇ ਟਰਾਲਿਆਂ ਲਈ ਵਧੀਆ ਕਿਸਮ ਦੇ ਟਾਇਰ ਲੈਣ ਲਈ ਸੰਪਰਕ ਕਰੋ



*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*
**Hampshire Tires**
235 Industrial Dr., Hampshire, IL 60140
Ph: 847-556-9996
Email: info@hampshiretires.com www.hampshiretires.com

# ਅਮਰੀਕੀ ਰਾਸ਼ਟਰਪਤੀ ਚੋਣਾਂ 'ਚ ਮਾਰਗਰੀਟਾ ਸਿਮੋਨਿਆਨ ਦੀ ਦਖ਼ਲਅੰਦਾਜ਼ੀ !



ਮਾਰਗਰੀਟਾ ਸਿਮੋਨਿਆਨ

ਸਟੇਟ ਮੀਡੀਆ ਆਊਟਲੈੱਟ ਰੂਸ ਟੂਡੇ (ਆਰ.ਟੀ.) ਦੀ ਮੁੱਖ ਸੰਪਾਦਕ ਅਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੀ ਹਮਾਇਤੀ ਮਾਰਗਰੀਟਾ ਸਿਮੋਨਿਆਨ ਉਨ੍ਹਾਂ ਰੂਸੀ ਮੀਡੀਆ ਪ੍ਰਬੰਧਕਾਂ ਵਿੱਚ ਸ਼ੁਮਾਰ ਹੈ, ਜਿਨ੍ਹਾਂ ਉੱਤੇ ਅਮਰੀਕਾ ਨੇ 2024 ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਕਥਿਤ ਤੌਰ 'ਤੇ ਦਖ਼ਲਅੰਦਾਜੀ ਕਰਨ ਕਰਕੇ ਪਾਬੰਦੀ ਲਾਈ ਹੈ। 44 ਸਾਲਾ ਸਿਮੋਨਿਆਨ ਨੂੰ ਚੋਟੀ ਦੀ ਪ੍ਰਚਾਰਕ ਦੱਸਿਆ ਜਾਂਦਾ ਹੈ। ਇਹ ਕਿਹਾ ਜਾਂਦਾ ਹੈ ਕਿ ਉਹ ਵਿਚਾਰਧਾਰਕ ਤੌਰ ਉੱਤੇ ਕੱਟੜ ਹੈ ਅਤੇ ਉਸ ਨੂੰ ਰੂਸੀ ਰਾਸ਼ਟਰਪਤੀ ਨਾਲੋਂ ਵੀ ਵੱਧ ਪੁਤਿਨਵਾਦੀ ਕਿਹਾ ਜਾਂਦਾ ਹੈ।

ਸਿਮੋਨਿਆਨ ਨੇ ਪਿਛਲੇ ਹਫਤੇ ਯੂ.ਐੱਸ. ਟਰਈਅਰੀ ਵੱਲੋਂ ਪਾਬੰਦੀਸ਼ੁਦਾ ਲੋਕਾਂ ਦੀ ਸੂਚੀ ਵਿੱਚ ਉਸ ਦਾ ਨਾਮ ਆਉਣ ਉੱਤੇ ਆਪਣੀ ਪ੍ਰਤੀਕਿਰਿਆ ਸੋਸ਼ਲ ਮੀਡੀਆ ਪਲੇਟਫ਼ਾਰਮ ਐੱਕਸ ਉੱਤੇ ਲਿਖਦਿਆਂ ਵਿਅੰਗ ਕੱਸਿਆ ਸੀ, "ਓਅ, ਉਹ ਜਾਗ ਗਏ!" ਸੂਚੀ ਵਿੱਚ ਸ਼ਾਮਲ ਹੋਰ ਆਰ.ਟੀ. ਕਰਮਚਾਰੀਆਂ ਦੇ ਸੰਦਰਭ ਵਿੱਚ ਉਸ ਨੇ ਕਿਹਾ, "ਸ਼ਾਬਾਸ਼ ਟੀਮ!" ਇਸੇ ਸਾਲ ਮਾਰਚ ਮਹੀਨੇ ਪੁਤਿਨ ਬਿਨਾ ਕਿਸੇ ਵਿਰੋਧ ਤੋਂ ਪੰਜਵੀ ਵਾਰ ਦੇਸ਼ ਦੇ ਰਾਸ਼ਟਰਪਤੀ ਬਣੇ। ਇਹ ਪੁੱਛਣ 'ਤੇ ਕਿ ਕੀ ਉਨ੍ਹਾਂ ਸਾਹਮਣੇ ਕੋਈ ਗੰਭੀਰ ਚੁਣੌਤੀ ਹੈ, ਮਾਰਗਰੀਟਾ ਨੇ ਜਵਾਬ ਦਿੱਤਾ ਸੀ, "ਕੀ ਕਿਸੇ ਗੰਭੀਰ ਵਿਰੋਧੀ ਦੀ ਲੋੜ ਹੈ?"

ਸਿਮੋਨਿਆਨ ਦਾ ਜਨਮ ਰੂਸ ਦੇ ਕ੍ਰਾਸਨੋਦਰ ਖੇਤਰ ਵਿੱਚ ਇੱਕ ਆਰਮੀ ਪਿਛੋਕੜ ਵਾਲੇ ਪਰਿਵਾਰ ਵਿੱਚ ਹੋਇਆ ਸੀ। ਉਸ ਦੀਆਂ ਅਕਾਦਮਿਕ ਪ੍ਰਾਪਤੀਆਂ ਨੇ ਉਸ ਨੂੰ ਅਮਰੀਕਾ ਦੇ ਇੱਕ ਵੱਕਾਰੀ ਐਕਸਚੇਂਜ ਪ੍ਰੋਗਰਾਮ ਵਿੱਚ ਜਗ੍ਹਾ ਹਾਸਲ ਕਰਨ ਵਿੱਚ ਮਦਦ ਕੀਤੀ ਅਤੇ ਉਹ 1995 ਵਿੱਚ ਨਿਊ ਹੈਂਪਸ਼ਾਇਰ ਪਹੁੰਚ ਗਈ। ਬਾਅਦ ਵਿੱਚ ਉਹ ਰੂਸ ਵਾਪਸ ਚਲੇ ਗਈ ਅਤੇ ਇੱਕ ਟੀ.ਵੀ. ਪੱਤਰਕਾਰ ਬਣ ਗਈ। ਉਹ 2004 ਵਿੱਚ ਉਦੋਂ ਸੁਰਖੀਆਂ ਵਿੱਚ ਆਈ, ਜਦੋਂ ਉਨ੍ਹਾਂ ਨੇ ਚੇਚਨ ਅਤਿਵਾਦੀਆਂ ਵੱਲੋਂ ਬੇਸਲਾਨ ਸਕੂਲ ਦੀ ਘੇਰਾਬੰਦੀ ਕੀਤੇ ਜਾਣ ਦੇ ਮਾਮਲੇ ਨੂੰ ਰਿਪੋਰਟ ਕੀਤਾ ਸੀ। ਇਹ ਘੇਰਾਬੰਦੀ ਤਿੰਨ ਦਿਨਾਂ ਬਾਅਦ ਖੂਨ-ਖਰਾਬੇ ਤੋਂ ਬਾਅਦ ਖ਼ਤਮ ਹੋਈ ਸੀ। ਇਸ ਦੌਰਾਨ 186 ਬੱਚਿਆਂ ਸਣੇ ਸੈਂਕੜੇ ਲੋਕਾਂ ਨੇ ਆਪਣੀ ਜਾਨ ਗਵਾਈ ਸੀ।

ਇਸ ਰਿਪੋਰਟ ਤੋਂ ਬਾਅਦ ਸਿਮੋਨਿਆਨ ਨੂੰ ਬਹੁਤ ਤੇਜ਼ੀ ਨਾਲ ਤਰੱਕੀ ਮਿਲੀ ਸੀ। ਜਲਦੀ ਹੀ ਉਸ ਨੂੰ ਮਹਿਜ 25 ਸਾਲ ਦੀ ਉਮਰ ਵਿੱਚ ਕੌਮਾਂਤਰੀ ਆਊਟਲੈੱਟ ਰੂਸ ਟੂਡੇ ਨੂੰ ਸਥਾਪਿਤ ਕਰਨ ਅਤੇ ਇਸ ਦੀ ਅਗਵਾਈ ਕਰਨ ਲਈ ਚੁਣਿਆ ਗਿਆ। ਬਾਅਦ ਵਿੱਚ ਇਹ ਬ੍ਰਾਂਡ ਆਰ.ਟੀ. ਵਜੋਂ ਸਥਾਪਿਤ ਹੋ ਗਿਆ। ਉਸ ਸਮੇਂ ਤੋਂ ਲੈ ਕੇ ਬੀਤੇ ਦੋ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਮਾਰਗਰੀਟਾ ਪੱਛਮ ਦੀ ਇੱਕ ਸਪੱਸ਼ਟ ਆਲੋਚਕ ਅਤੇ ਪੁਤਿਨ ਦੀ ਇੱਕ ਕੱਟੜ ਸਮਰਥਕ ਬਣ ਕੇ ਉੱਭਰੀ ਹੈ। ਉਹ ਹੁਣ ਇੱਕ ਅਜਿਹੇ ਨੈਟਵਰਕ ਦੀ ਪ੍ਰਧਾਨਗੀ ਕਰ ਰਹੀ ਹੈ, ਜੋ ਉਸ ਦੇ ਵਿਚਾਰਾਂ ਨਾਲ ਹੀ ਅੱਗੇ ਵਧਿਆ, ਜਿਸ ਨੂੰ ਅਮਰੀਕਾ 'ਕ੍ਰੇਮਲਿਨ ਦੇ ਪ੍ਰਮੁੱਖ ਕੌਮਾਂਤਰੀ ਪ੍ਰਚਾਰ ਆਊਟਲੈੱਟ' ਵਜੋਂ ਦਰਸਾਉਂਦਾ ਹੈ।

ਮੌਜੂਦਾ ਇਲਜ਼ਾਮਾਂ ਤਹਿਤ ਇਹ ਆਊਟਲੈੱਟ ਅਮਰੀਕੀ ਰਾਸ਼ਟਰਪਤੀ ਚੋਣਾਂ ਵਿੱਚ ਵਿਘਨ ਪਾਉਣ ਦੀਆਂ ਕਥਿਤ ਕੋਸ਼ਿਸ਼ਾਂ ਕਰਦਾ ਰਿਹਾ ਹੈ। ਸਾਲ-ਦਰ-ਸਾਲ ਉਸ ਦੀ ਬਿਆਨਬਾਜ਼ੀ ਅਤੇ ਉਨ੍ਹਾਂ ਦੇ ਚੈਨਲ ਉੱਤੇ ਪ੍ਰਸਾਰਿਤ ਹੋਣ ਵਾਲੇ ਪ੍ਰੋਗਰਾਮ- ਦੋਵਾਂ ਦੀ ਸੁਰ ਸਖ਼ਤ ਹੁੰਦੀ ਗਈ। 2000 ਦੇ ਦਹਾਕੇ ਦੇ ਅਖੀਰ ਅਤੇ 2010 ਦੇ ਸ਼ੁਰੂ ਵਿੱਚ ਰੂਸ ਦੇ ਪੱਛਮੀ ਦੇਸ਼ਾਂ ਨਾਲ ਸਬੰਧ ਵਿਗੜਨੇ ਸ਼ੁਰੂ ਹੋਏ ਅਤੇ ਆਰ.ਟੀ. 'ਤੇ ਇਲਜ਼ਾਮ ਲੱਗਣੇ ਸ਼ੁਰੂ ਹੋ ਗਏ ਸਨ ਕਿ ਇਹ ਕ੍ਰੇਮਲਿਨ ਪੱਖੀ ਪ੍ਰਚਾਰ ਕਰ ਰਿਹਾ ਸੀ। 2014 ਵਿੱਚ ਰੂਸ ਵੱਲੋਂ ਗੈਰ-ਕਾਨੂੰਨੀ ਤੌਰ 'ਤੇ ਕ੍ਰੀਮੀਆ ਨੂੰ ਸ਼ਾਮਲ ਕਰਨ ਅਤੇ ਯੂਕਰੇਨ ਦੇ ਪੂਰਬ ਦੇ ਕੁਝ ਹਿੱਸਿਆਂ 'ਤੇ ਕਬਜ਼ਾ ਕਰਨ ਤੋਂ ਬਾਅਦ ਇਹ ਆਊਟਲੈੱਟ ਯੂਕਰੇਨ ਅਤੇ ਪੱਛਮ- ਦੋਹਾਂ ਪ੍ਰਤੀ ਖੁੱਲ੍ਹੇਆਮ ਵਿਰੋਧੀ ਵਿਚਾਰ ਪੇਸ਼ ਕਰਨ ਲੱਗਿਆ। ਆਰ.ਟੀ. ਯੂਕਰੇਨ ਵਿੱਚ ਲੋਕਤੰਤਰੀ ਤੌਰ 'ਤੇ ਚੁਣੀ ਗਈ ਸਰਕਾਰ ਨੂੰ 'ਕੀਵ ਸ਼ਾਸਨ' ਵਜੋਂ ਦਰਸਾਉਂਦਾ ਹੈ। ਇੰਨਾ ਹੀ ਨਹੀਂ, ਇਸ ਨੇ ਪੱਛਮੀ ਦੇਸ਼ਾਂ 'ਤੇ ਰੂਸ ਦੀ 2014 ਦੀ ਕ੍ਰਾਂਤੀ ਦੌਰਾਨ ਲੋਕ ਰੋਹ ਨੂੰ ਭੜਕਾਉਣ ਦਾ ਇਲਜ਼ਾਮ ਲਾਇਆ ਅਤੇ ਰੂਸ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਦਾ ਵੀ ਇਲਜ਼ਾਮ ਲਾਇਆ। ਕਈ ਵਾਰ ਤਾਂ ਸੁਰ ਇੰਨੀ ਤਿੱਖੀ ਸੀ ਕਿ ਆਰ.ਟੀ. ਆਊਟਲੈੱਟ ਨੇ ਪੱਛਮ ਉੱਤੇ ਰੂਸ ਨੂੰ ਨਸ਼ਟ ਕਰਨ ਦੀ ਕੋਸ਼ਿਸ਼ ਕਰਨ ਦਾ ਇਲਜ਼ਾਮ ਵੀ ਲਾਇਆ। ਅਸਲ ਵਿੱਚ ਸਿਮੋਨਿਆਨ ਰੂਸ ਦੇ ਬਾਹਰੀ ਪ੍ਰਚਾਰ ਕਾਰਜ ਦੀ ਮੁਖੀ ਹੀ ਨਹੀਂ ਹੈ, ਸਗੋਂ ਅੰਦਰੂਨੀ ਤੌਰ ਉੱਤੇ ਮੀਡੀਆ ਜ਼ਰੀਏ ਰੂਸ ਵਾਸੀਆਂ ਦੀ ਬਿਰਤਾਂਤਕ ਰਚਨਾ ਵਿੱਚ ਵੀ ਉਸ ਦੀ ਖ਼ਾਸ ਸ਼ਮੂਲੀਅਤ ਰਹਿੰਦੀ ਹੈ। ਉਸ ਨੂੰ ਨਿਯਮਿਤ ਤੌਰ 'ਤੇ ਰੂਸੀ ਸਿਆਸੀ ਟੀ.ਵੀ. ਟਾਕ ਸ਼ੋਅ 'ਤੇ ਦੇਖਿਆ ਜਾਂਦਾ ਹੈ।

ਇਸ ਤੋਂ ਬਾਅਦ ਸਮਾਂ ਆਇਆ 2022 ਦਾ, ਜਦੋਂ ਰੂਸ ਦਾ ਯੂਕਰੇਨ ਉਤੇ ਪੂਰੇ ਪੈਮਾਨੇ 'ਤੇ ਹਮਲਾ ਹੋਇਆ। ਸਾਲਾਂ ਦੀਆਂ ਧਮਕੀਆਂ ਤੋਂ ਬਾਅਦ ਯੂਕਰੇਨ ਨੇ ਆਖਰਕਾਰ ਉਸ ਦੇ ਚੈਨਲ 'ਤੇ ਪਾਬੰਦੀ ਲਗਾ ਦਿੱਤੀ। ਜੰਗ ਦਾ ਵਿਰੋਧ ਕਰਦਿਆਂ ਰੂਸ ਵਿੱਚ ਬਹੁਤ ਸਾਰੇ ਚੋਟੀ ਦੇ ਪੱਤਰਕਾਰਾਂ ਅਤੇ ਸੰਪਾਦਕਾਂ ਨੇ ਅਸਤੀਫਾ ਦੇ ਦਿੱਤਾ। ਸਿਮੋਨਿਆਨ ਨੇ ਸਾਬਕਾ ਸਹਿਯੋਗੀਆਂ 'ਤੇ ਇਲਜ਼ਾਮ ਲਾਉਣੇ ਸ਼ੁਰੂ ਕਰ ਦਿੱਤੇ ਅਤੇ ਕਿਹਾ ਕਿ 'ਜੋ ਕੋਈ ਵੀ ਜੰਗ ਦਾ ਵਿਰੋਧ ਕਰ ਰਿਹਾ ਹੈ, ਅਸਲ ਵਿੱਚ ਰੂਸੀ ਨਹੀਂ ਹੈ।' ਉਸ ਨੇ ਯੂਕਰੇਨ ਜੰਗ ਦੀਆਂ ਸਭ ਤੋਂ ਵੱਡੀਆਂ ਜਾਸੂਸੀ ਕਹਾਣੀਆਂ ਵਿੱਚੋਂ ਇੱਕ ਵਿੱਚ ਕੇਂਦਰੀ ਭੂਮਿਕਾ ਨਿਭਾਈ, ਜਿਸ ਦੌਰਾਨ ਜਰਮਨ ਹਵਾਈ ਸੈਨਾ ਦੇ ਅਧਿਕਾਰੀਆਂ ਦੀ ਇੱਕ ਲੀਕ ਹੋਈ ਰਿਕਾਰਡਿੰਗ ਪ੍ਰਕਾਸ਼ਤ ਕੀਤੀ ਗਈ, ਜਿਸ ਵਿੱਚ ਉਹ ਲੰਬੀ ਦੂਰੀ ਦੇ ਹਥਿਆਰਾਂ ਬਾਰੇ ਚਰਚਾ ਕਰਦੇ ਸੁਣੇ ਗਏ। ਉਹ ਹਥਿਆਰ, ਜਿਨ੍ਹਾਂ ਬਾਰੇ ਦਾਅਵਾ ਕੀਤਾ ਗਿਆ ਕਿ ਉਹ ਯੂਕਰੇਨ ਨੂੰ ਜਾ ਸਕਦੇ ਹਨ ਅਤੇ ਉਨ੍ਹਾਂ ਦੀ ਵਰਤੋਂ ਕਿਵੇਂ ਕੀਤੀ ਜਾ ਸਕਦੀ ਹੈ! ਉਸ ਨੇ ਇਸ ਮੱਤ ਨੂੰ ਅੱਗੇ ਤੋਰਿਆ ਹੈ ਕਿ 'ਰੂਸ ਦੇ ਕਬਜ਼ੇ ਵਾਲੇ ਯੂਕਰੇਨੀ ਖੇਤਰਾਂ ਨੂੰ ਜਨਮਤ ਸੰਗ੍ਰਹਿ ਕਰਵਾਉਣਾ ਚਾਹੀਦਾ ਹੈ ਅਤੇ ਲੋਕਾਂ ਨੂੰ ਉਨ੍ਹਾਂ ਨਾਲ ਰਹਿਣ ਦਿਓ, ਜਿਨ੍ਹਾਂ ਨਾਲ ਉਹ ਰਹਿਣਾ ਚਾਹੁੰਦੇ ਹਨ। ਇਹ ਸਹੀ ਹੈ।'

ਇਸੇ ਦੌਰਾਨ ਦੂਜੇ ਪਾਸੇ ਪੁਤਿਨ ਪੈਲੇਸ ਦਾ ਕਹਿਣਾ ਹੈ ਕਿ ਦੋਸ਼ੀ ਮੈਗਾ ਮੀਡੀਆ ਸਿਤਾਰਿਆਂ ਨੂੰ ਸੁਰੱਖਿਆ ਲਈ ਰੂਸ ਆਉਣਾ ਚਾਹੀਦਾ ਹੈ। ਰੂਸੀ ਸਰਕਾਰੀ ਟੀ.ਵੀ. 'ਤੇ ਪ੍ਰਮੁੱਖ ਕਾਨੂੰਨਸਾਜ਼ ਅਤੇ ਪ੍ਰਚਾਰਕ ਅਕਸਰ ਸਵੀਕਾਰ ਕਰਦੇ ਹਨ ਕਿ ਰੂਸ ਅਜੇ ਵੀ 'ਟਰੰਪ' ਨੂੰ ਅੱਗੇ ਵਧਾਉਣ ਵਿੱਚ ਦਿਲਚਸਪੀ ਰੱਖਦਾ ਹੈ। ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੁਆਰਾ ਉਪ-ਰਾਸ਼ਟਰਪਤੀ ਕਮਲਾ ਹੈਰਿਸ ਦਾ ਇੱਕ ਝੂਠਾ 'ਸਮਰਥਨ' ਰੂਸ ਦੇ ਮਨਪਸੰਦ ਦਾਅਵੇਦਾਰ ਨੂੰ ਉਤਸ਼ਾਹਤ ਕਰਨ ਲਈ ਤਿਆਰ ਕੀਤਾ ਗਿਆ ਸੀ- ਜਿਵੇਂ ਕਿ ਕਾਰਲਸਨ ਨਾਲ ਆਪਣੀ ਇੰਟਰਵਿਊ ਵਿੱਚ ਉਸਦੀ ਮੁੜ ਚੋਣ ਦਾ ਸਮਰਥਨ ਕਰਨ ਦਾ ਦਾਅਵਾ ਕਰਕੇ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੂੰ ਬਦਨਾਮ ਕਰਨ ਦੀ ਪਿਛਲੀ ਕੋਸ਼ਿਸ਼। ਉਸ ਸਮੇਂ ਸਰਕਾਰੀ ਟੀ.ਵੀ. ਪ੍ਰਚਾਰਕਾਂ ਨੇ ਅਮਰੀਕੀਆਂ ਨੂੰ ਗੁੰਮਰਾਹ ਕਰਨ ਦੀ ਇਸ ਕੋਸ਼ਿਸ਼ ਦਾ ਵਰਣਨ ਕੀਤਾ ਸੀ।

## ਬੇਅਦਬੀ ਮਾਮਲੇ 'ਚ ਖੁੱਲ੍ਹਣ ਲੱਗੇ ਨਵੇਂ ਭੇਦ

ਅਕਾਲ ਤਖਤ ਸਾਹਿਬ ਅਤੇ ਗੁਰੂ ਪੰਥ ਨੂੰ ਸਮਰਪਿਤ ਦੱਸਿਆ। ਇਸੇ ਤਰਾਂ ਸਿਕੰਦਰ ਸਿੰਘ ਮਲੂਕਾ ਅਤੇ ਸਰਵਣ ਸਿੰਘ ਫਿਲੌਰ ਵੱਲੋਂ ਵੀ ਅਕਾਲ ਤਖਤ ਸਾਹਿਬ ਸਕੱਤਰੇਤ ਵਿਖੇ ਆਪਣਾ ਸਪਸ਼ਟੀਕਰਨ ਦਿੱਤਾ ਗਿਆ ਹੈ। ਜਥੇਦਾਰ ਨੂੰ ਸੰਬੋਧਨ ਪੱਤਰ ਵਿੱਚ ਸਰਵਣ ਸਿੰਘ ਫਿਲੌਰ ਨੇ ਕਿਹਾ ਕਿ ਉਹ 2012 ਤੋਂ 2014 ਤੱਕ ਮੰਤਰੀ ਰਹੇ ਸਨ, ਜਦੋਂ ਕੇ ਬੇਅਦਬੀ ਨਾਲ ਸੰਬੰਧਤ ਘਟਨਾਵਾਂ 2015 ਵਿੱਚ ਵਾਪਰੀਆਂ ਸਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਅਕਾਲ ਤਖਤ ਸਾਹਿਬ ਵੱਲੋਂ ਜੋ ਵੀ ਸਜ਼ਾ ਸੁਣਾਈ ਜਾਵੇਗੀ, ਇੱਕ ਨਿਮਾਣੇ ਸਿੱਖ ਵਜੋਂ ਪ੍ਰਵਾਨ ਕਰਨਗੇ।

ਇਸੇ ਤਰ੍ਹਾਂ 9 ਸਤੰਬਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਪਰਮਿੰਦਰ ਸਿੰਘ ਢੀਂਡਸਾ ਅਤੇ ਸੋਹਣ ਸਿੰਘ ਠੰਡਲ ਨੇ ਅਕਾਲ ਤਖਤ ਸਕੱਤਰੇਤ ਵਿਖੇ ਆਪਣਾ ਪੱਖ ਪੇਸ਼ ਕੀਤਾ। ਆਪਣੇ ਸਪਸ਼ਟੀਕਰਨ ਵਿੱਚ ਬੀਬੀ ਜਗੀਰ ਕੌਰ ਨੇ ਕਿਹਾ ਕਿ ਉਹ 2007 ਤੋਂ 2012 ਦੀ ਅਕਾਲੀ ਸਰਕਾਰ ਸਮੇਂ ਵਿਧਾਨ ਸਭਾ ਦੇ ਮੈਂਬਰ ਨਹੀਂ ਸਨ। 2012-2017 ਵਾਲੀ ਸਰਕਾਰ ਵਿੱਚ 14 ਮਾਰਚ 2012 ਨੂੰ ਉਨ੍ਹਾਂ ਕੈਬਨਿਟ ਮੰਤਰੀ ਵਜੋਂ ਸਹੁੰ ਚੁੱਕੀ ਸੀ, ਪਰ 30 ਮਾਰਚ ਨੂੰ ਇਸ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਉਨ੍ਹਾਂ ਕਿਹਾ ਕਿ ਇਨ੍ਹਾਂ 16 ਦਿਨਾਂ ਲਈ ਉਹ ਮੰਤਰੀ ਰਹੇ ਸਨ। ਇਸ ਸਮੇਂ ਦੌਰਾਨ ਕੋਈ ਵੀ ਫੈਸਲਾ ਕੈਬਨਿਟ ਵੱਲੋਂ ਚਲੰਤ ਵਿਵਾਦਤ ਮੁੱਦਿਆਂ ਸੰਬੰਧੀ ਨਹੀਂ ਲਿਆ ਗਿਆ। ਬੀਬੀ ਜਗੀਰ ਕੌਰ ਨੇ ਕਿਹਾ ਕਿ ਉਹ ਤਾਂ ਸਗੋਂ ਸਮੇਂ ਸਮੇਂ ਸਿਰ ਮਰਿਆਦਾ ਦੀ ਉਲੰਘਣਾ ਦੇ ਵਿਰੁਧ ਖਲੋਂਦੇ ਰਹੇ ਹਨ। ਫਿਰ ਵੀ ਉਨ੍ਹਾਂ ਕਿਹਾ ਕਿ ਉਹ ਅਕਾਲ ਤਖਤ ਸਾਹਿਬ ਅਤੇ ਗੁਰੂ ਪੰਥ ਨੂੰ ਸਮਰਪਿਤ ਹਨ। ਅਕਾਲ ਤਖਤ ਸਾਹਿਬ ਤੋਂ ਜੋ ਵੀ ਹੁਕਮ ਹੋਵੇਗਾ, ਉਨ੍ਹਾਂ ਨੂੰ ਖਿੜੇ ਮੱਥੇ ਪ੍ਰਵਾਨ ਹੋਵੇਗਾ।

ਯਾਦ ਰਹੇ, ਪਿਛਲੇ ਮਹੀਨੇ ਅਕਾਲੀ ਦਲ (ਬਾਦਲ) ਤੋਂ ਵੱਖ ਹੋਏ ਇੱਕ ਧੜੇ ਨੇ ਗੁਰਪ੍ਰਤਾਪ ਸਿੰਘ ਵਡਾਲਾ ਦੀ ਅਗਵਾਈ ਵਿੱਚ ਸੌਦਾ ਸਾਧ ਰਾਮ ਰਹੀਮ ਨੂੰ ਮੁਆਫੀ ਦਿਵਾਉਣ, ਇਸ ਸੰਬੰਧੀ ਅਖ਼ਬਾਰ ਵਿੱਚ 90 ਲੱਖ ਰੁਪਏ ਦੇ ਇਸ਼ਤਿਹਾਰ ਦੇਣ ਅਤੇ ਸੁਮੇਧ ਸਿੰਘ ਸੈਣੀ ਨੂੰ ਡੀ.ਜੀ.ਪੀ. ਨਿਯੁਕਤ ਕਰਨ ਜਿਹੇ ਮਾਮਲਿਆਂ ਨੂੰ ਲੈ ਕੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਇੱਕ ਪੱਤਰ ਸੌਂਪਿਆ ਸੀ, ਜਿਸ ਵਿੱਚ ਉਨ੍ਹਾਂ ਨੇ ਆਪਣੇ ਆਪ ਨੂੰ ਵੀ ਦੋਸ਼ੀ ਮੰਨਦਿਆਂ ਸਜ਼ਾ ਦੀ ਮੰਗ ਕੀਤੀ ਸੀ। ਇਸ ਪਿੱਛੋਂ ਜਥੇਦਾਰ ਨੇ ਸੁਖਬੀਰ ਸਿੰਘ ਬਾਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ 2012 ਤੋਂ 2017 ਤੱਕ ਅਕਾਲੀ ਸਰਕਾਰ ਵਿੱਚ ਰਹੇ ਮੰਤਰੀਆਂ ਨੂੰ ਵੀ ਆਪਣਾ ਪੱਖ ਸਪਸ਼ਟ ਕਰਨ ਲਈ ਕਹਿ ਦਿੱਤਾ ਗਿਆ ਸੀ। ਸੁਖਬੀਰ ਸਿੰਘ ਬਾਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਕਾਲ ਤਖਤ 'ਤੇ ਪੇਸ਼ ਹੋ ਕੇ ਪਹਿਲੀ ਸੱਟੇ ਆਪੋ-ਆਪਣੇ ਸਪਸ਼ਟੀਕਰਨ ਦੇ ਆਏ ਸਨ। ਬੀਤੀ 30 ਅਗਸਤ ਨੂੰ ਅਕਾਲ ਤਖਤ ਸਾਹਿਬ 'ਤੇ ਹੋਈ ਪੰਜ ਸਿੰਘ ਸਹਿਬਾਨ ਦੀ ਮੀਟਿੰਗ ਵਿੱਚ ਵਿਚਾਰ ਕਰਨ ਤੋਂ ਬਾਅਦ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਕਰਾਰ ਦੇ ਦਿੱਤਾ ਗਿਆ। ਸ਼੍ਰੋਮਣੀ ਕਮੇਟੀ ਨੇ 90 ਲੱਖ ਦੇ ਇਸ਼ਤਿਹਾਰਾਂ ਸੰਬੰਧੀ ਇਹ ਆਖ ਕੇ ਪੱਲਾ ਛੁਡਾ ਲਿਆ ਕੇ ਇਨ੍ਹਾਂ ਇਸ਼ਤਿਹਾਰਾਂ ਲਈ ਉਸ ਸਮੇਂ ਦੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਮਰਹੂਮ ਅਵਤਾਰ ਸਿੰਘ ਮੱਕੜ ਅਤੇ ਉਸ ਵੇਲੇ ਦੀ ਕਾਰਜਕਾਰਨੀ ਜ਼ਿੰਮੇਵਾਰ ਹਨ। ਤਨਖਾਹੀਆ ਕਰਾਰ ਦਿੱਤੇ ਜਾਣ ਤੋਂ ਬਾਅਦ ਸੁਖਬੀਰ ਸਿੰਘ ਬਾਦਲ ਨੂੰ ਸਜ਼ਾ ਕੀ ਲਗਾਈ ਜਾਂਦੀ ਹੈ, ਇਹ ਵੇਖਣਾ ਹਾਲੇ ਬਾਕੀ ਹੈ!

ਇਸ ਸਾਰੀ ਸਥਿਤੀ ਵਿੱਚ ਅਕਾਲੀ ਦਲ ਦੇ ਦੋਵੇਂ ਧੜੇ ਆਪਣੇ ਆਪ ਨੂੰ ਸਿਆਸੀ ਤੌਰ 'ਤੇ ਸਰਗਰਮ ਰੱਖਣ ਦਾ ਯਤਨ ਕਰ ਰਹੇ ਹਨ। ਅਕਾਲੀ ਦਲ ਸੁਧਾਰ ਲਹਿਰ ਦੇ ਆਗੂਆਂ ਨੇ ਗੁਰਪ੍ਰਤਾਪ ਸਿੰਘ ਵਡਾਲਾ ਦੀ ਅਗਵਾਈ ਵਿੱਚ 'ਆਪ' ਸਰਕਾਰ ਵੱਲੋਂ ਪੈਟਰੋਲ, ਡੀਜ਼ਲ 'ਤੇ ਵਧਾਏ ਗਏ ਟੈਕਸ, ਬਿਜਲੀ ਮਹਿੰਗੀ ਕਰਨ ਅਤੇ ਰਜਿਸਟਰੀ ਫੀਸ ਮਹਿੰਗੀ ਕੀਤੇ ਜਾਣ ਦੇ ਮਾਮਲੇ ਨੂੰ ਲੈ ਕੇ ਜਲੰਧਰ ਦੇ ਡਿਪਟੀ ਕਮਿਸ਼ਨਰ ਨੂੰ ਇੱਕ ਮੰਗ ਪੱਤਰ ਦਿੱਤਾ ਹੈ। ਇਸ ਵਿੱਚ ਮੰਗ ਕੀਤੀ ਗਈ ਕਿ ਉਪਰੋਕਤ ਆਮ ਖਪਤ ਵਸਤੂਆਂ ਦੇ ਭਾਅ ਵਿੱਚ ਕੀਤੇ ਗਏ ਵਾਧੇ ਨੂੰ ਤਰੰਤ ਵਾਪਸ ਲਿਆ ਜਾਵੇ। ਇੰਝ ਹੀ ਅਕਾਲੀ ਦਲ (ਬਾਦਲ) ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਦੀ ਅਗਵਾਈ ਵਿੱਚ ਵੀ ਅਕਾਲੀ ਵਰਕਰਾਂ ਨੇ ਮਾਲਵੇ ਦੇ ਕਈ ਜ਼ਿਲ੍ਹਿਆਂ ਵਿੱਚ ਡਿਪਟੀ ਕਮਿਸ਼ਨਰਾਂ ਨੂੰ ਪੈਟਰੋਲ-ਡੀਜ਼ਲ, ਬਿਜਲੀ ਅਤੇ ਰਜਿਸਟਰੀ ਫੀਸ ਵਿੱਚ ਕੀਤੇ ਗਏ ਵਾਧੇ ਨੂੰ ਵਾਪਸ ਲੈਣ ਦੀ ਮੰਗ ਕੀਤੀ ਹੈ।



**Prepare for Tomorrow Now With Comprehensive Retirement Planning**

■Annuities ■Life Insurance ■Long-Term Care
■Medicare Planning ■Disability Income




**Call Gurpreet Singh**
*Retirement and Insurance Advisor*
**Cell: 630-677-6144**
Email: Preetisingh@ffig.com

FUTURITY FIRST
Retirement | Life | Health

**Futurity First Insurance Group**



**DIABETIC LIMB SALVAGE AND MAJOR AMPUTATION PREVENTION**
Dr. Singh is the Only Foot and Ankle Surgeon in Illinois with the following training:



Duke University Flap Plastic Surgery; Columbia Presbyterian University Microvascular Surgery; Dr. Dellon's John Hopkins Diabetic Advanced Nerve Surgery; Russian Ilizarov Leg Lengthening and Deformity Correction Fellowship; Four Mini-Fellowships in Leg Lengthening and Deformity Correction from Russia and Greece; Double Board Certified in Foot and Ankle Surgery by the American Board of Foot and Ankle Surgery in Reconstructive Rearfoot, Ankle and Foot Surgery.

**He has over 30 years of surgical experience**
HINDI, PUNJABI, ENGLISH AND SPANISH

Bunions, sports medicine, Pediatric foot deformity, ingrown toenails, warts and Diabetic Limb Salvage

UCLA: BS Biochemistry Cum Laude
San Francisco: Podiatric Medical School
VA WEST LA: Surgical /Trauma Residency Foot/Ankle

**847-310-1600**

St Alexius Medical Center
1555 Barrington Rd, Building 1, Suite 235 (2nd floor) • Hoffman Estates, IL 60169



'ਪੰਜਾਬੀ ਪਰਵਾਜ਼' ਵਿੱਚ ਇਸ਼ਤਿਹਾਰ ਲਵਾਉਣ ਲਈ ਹੇਠ ਲਿਖੇ ਫੋਨ ਨੰਬਰਾਂ ਉਤੇ ਸੰਪਰਕ ਕਰੋ:
224-386-4548
847-454-4062






17115 W. Bluemound Rd, Suite D1, Brookfield, WI 53005

**We Do Catering**
ਅਸੀਂ ਕੇਟਰਿੰਗ ਵੀ ਕਰਦੇ ਹਾਂ

# ਟੇਸਟ ਆਫ ਇੰਡੀਆ
ਮਸ਼ਹੂਰ ਨਾਮ ਅਤੇ ਮਸ਼ਹੂਰ ਖਾਣਾ

**ਵਧੀਆ ਖਾਣਾ ਤੇ ਵਧੀਆ ਸਰਵਿਸ ਹੀ ਸਾਡੀ ਪਹਿਲ ਹੈ**

ਵਿਆਹ ਸਮਾਗਮਾਂ, ਜਨਮ ਦਿਨ ਪਾਰਟੀਆਂ ਅਤੇ ਹੋਰ ਸਮਾਜਿਕ ਤੇ ਭਾਈਚਾਰਕ ਸਮਾਗਮਾਂ ਸਮੇਤ ਨਿੱਕੀਆਂ-ਵੱਡੀਆਂ ਪਾਰਟੀਆਂ ਮੌਕੇ ਸਵਾਦਿਸ਼ਟ ਤੇ ਤਾਜ਼ਾ ਖਾਣੇ ਲਈ ਸਾਨੂੰ ਸੇਵਾ ਦਾ ਮੌਕਾ ਦਿਓ



BOLLYWOOD Grill
Restaurant - Bar - Banquet
1038 N. Jackson St,
Milwaukee, WI 53202

**We Also Provide**
Onsite Tandoor Service For Fresh Naan & KABABS and Onsite Fresh DOSA Service.

ਫੋਨ: 262-894-0913
ਜਾਂ 414-588-3325

# ਮਨੀਪੁਰ ਮੁੜ ਹਿੰਸਾ ਦੀ ਲਪੇਟ ਵਿੱਚ

**ਜਸਵੀਰ ਸਿੰਘ ਮਾਂਗਟ**

***ਪੰਜ ਜਿਲ੍ਹਿਆਂ ਵਿੱਚ ਇੰਟਰਨੈਟ ਸੇਵਾਂਵਾਂ ਬੰਦ***
***ਇੰਫਾਲ ਦੇ ਪੂਰਬੀ ਤੇ ਪੱਛਮੀ ਖੇਤਰਾਂ ਵਿੱਚ ਕਰਫਿਊ ਲਗਾਇਆ***

ਕੁੱਕੀ ਅਤੇ ਮੇਤੀ- ਦੋ ਭਾਈਚਾਰਿਆਂ ਵਿਚਕਾਰ ਇਸੇ ਵਰ੍ਹੇ ਮਈ ਮਹੀਨੇ ਵਿੱਚ ਸ਼ੁਰੂ ਹੋਈ ਹਿੰਸਾ ਕੁਝ ਸਮਾਂ ਦਬ ਜਾਣ ਤੋਂ ਬਾਅਦ ਇੱਕ ਵਾਰ ਫਿਰ ਭੜਕ ਉੱਠੀ ਹੈ। ਬੀਤੇ 10 ਦਿਨਾਂ ਤੋਂ ਇਸ ਅੱਗ ਨੇ ਫਿਰ ਸੁਲਘਣਾ ਸ਼ੁਰੂ ਕਰ ਦਿੱਤਾ ਹੈ। ਹਿੰਸਾ ਦੇ ਇਸ ਦੂਜੇ ਦੌਰ ਵਿੱਚ ਮਨੀਪੁਰ ਵਿੱਚ 10 ਤੋਂ ਵੱਧ ਵਿਅਕਤੀ ਮਾਰੇ ਗਏ ਹਨ ਅਤੇ ਇੰਫਾਲ ਵਿੱਚ ਰਾਜ ਭਵਨ ਵੱਲ ਮਾਰਚ ਕਰਦੇ ਮੇਤੀ ਭਾਈਚਾਰੇ ਦੇ 40 ਵਿਅਕਤੀ ਜ਼ਖਮੀ ਹੋ ਗਏ ਹਨ। ਇਸ ਨਸਲੀ ਹਿੰਸਾ ਵਿੱਚ ਹੁਣ ਤੱਕ 235 ਵਿਅਕਤੀਆਂ ਦੀ ਜਾਨ ਜਾ ਚੁੱਕੀ ਹੈ।

ਤਾਜ਼ਾ ਹਿੰਸਾ ਦੇ ਭੜਕਣ ਤੋਂ ਬਾਅਦ ਮਨੀਪੁਰ ਦੇ 5 ਜਿਲ੍ਹਿਆਂ ਵਿੱਚ ਇੰਟਰਨੈਟ ਸੇਵਾਵਾਂ ਬੰਦ ਕਰ ਦਿੱਤੀਆਂ ਗਈਆਂ ਹਨ। ਇਨ੍ਹਾਂ ਜ਼ਿਲ੍ਹਿਆਂ ਵਿੱਚ ਵਿੱਦਿਅਕ ਸੰਸਥਾਵਾਂ ਵੀ ਬੰਦ ਰੱਖਣ ਦੇ ਹੁਕਮ ਦਿੱਤੇ ਗਏ ਹਨ। ਮਨੀਪੁਰ ਦੀ ਰਾਜਧਾਨੀ ਇੰਫਾਲ ਦੇ ਪੂਰਬੀ, ਪੱਛਮੀ ਖੇਤਰਾਂ ਅਤੇ ਕੁਝ ਹੋਰ ਹਿੱਸਿਆਂ ਵਿੱਚ ਕਰਫਿਊ ਲਗਾ ਦਿੱਤਾ ਗਿਆ ਹੈ। ਸੰਕਟਮਈ ਸਥਿਤੀ ਨਾਲ ਨਜਿੱਠਣ ਲਈ ਕੇਂਦਰ ਸਰਕਾਰ ਨੇ ਸੀ.ਆਰ.ਪੀ.ਐਫ. ਦੀਆਂ ਦੋ ਹੋਰ ਬਟਾਲੀਅਨਾਂ ਮਨੀਪੁਰ ਭੇਜੀਆਂ ਹਨ।

ਇਸ ਤੋਂ ਇਲਾਵਾ ਅਸਾਮ ਰਾਈਫਲਜ਼ ਦੀ ਇੱਕ ਬਟਾਲੀਅਨ ਨੂੰ ਵਾਪਸ ਬੁਲਾ ਲਿਆ ਗਿਆ। ਯਾਦ ਰਹੇ, ਮਨੀਪੁਰ ਦੇ ਪਹਾੜੀ ਖੇਤਰਾਂ ਵਿੱਚ ਮੁੱਖ ਤੌਰ 'ਤੇ ਕੁੱਕੀ ਕਬੀਲੇ ਦੇ ਲੋਕ ਵੱਸਦੇ ਹਨ, ਇਹ ਇਸਾਈ ਧਰਮ ਨਾਲ ਸੰਬੰਧ ਰੱਖਦੇ ਹਨ, ਜਦਕਿ ਮੇਤੀ ਭਾਈਚਾਰਾ ਬਹੁਗਿਣਤੀ ਵਿੱਚ ਹੈ ਅਤੇ ਹਿੰਦੂ ਧਰਮ ਨਾਲ ਸੰਬੰਧ ਰੱਖਦਾ ਹੈ। ਕੁੱਕੀ ਤੇ ਹੋਰ ਘੱਟ ਗਿਣਤੀਆਂ ਦੀ ਵੱਸੋਂ ਪਹਾੜੀ ਖੇਤਰਾਂ ਵਿੱਚ ਹੈ ਅਤੇ ਮੇਤੀ ਭਾਈਚਾਰੇ ਦੀ ਰਾਜਧਾਨੀ ਇੰਫਾਲ ਦੇ ਇਰਦ-ਗਿਰਦ ਵੱਸੋਂ ਹੈ। ਕਿਸੇ ਸਮੇਂ ਮਨੀਪੁਰ ਆਪਣੀ ਸਾਬਤ ਪਛਾਣ ਲਈ ਲੜਿਆ ਕਰਦਾ ਸੀ, ਪਰ 2014 ਵਿੱਚ ਭਾਜਪਾ ਸਰਕਾਰ ਆਉਣ ਤੋਂ ਬਾਅਦ ਉਹੀ ਮਨੀਪੁਰ ਧਾਰਮਿਕ ਫਿਰਕਿਆਂ ਵਿੱਚ ਵੰਡਿਆ ਗਿਆ ਹੈ। ਇਹ ਵੰਡ ਇੰਨੀ ਡੂੰਘੀ ਹੋ ਗਈ ਹੈ ਕਿ ਸਰਕਾਰ ਨੇ ਦੋਹਾਂ ਭਾਈਚਾਰਿਆਂ ਵਿਚਕਾਰ ਅਮਨ-ਅਮਾਨ ਰੱਖਣ ਲਈ ਇੱਕ ਬਫ਼ਰ ਜ਼ੋਨ ਬਣਾ ਦਿੱਤਾ ਹੈ।

ਮੇਤੀ ਭਾਈਚਾਰੇ ਦੇ ਆਗੂਆਂ ਅਨੁਸਾਰ ਤਾਜ਼ਾ ਹਿੰਸਾ ਦਾ ਦੌਰ ਉਦੋਂ ਸ਼ੁਰੂ ਹੋਇਆ, ਜਦੋਂ ਕੁੱਕੀ ਕਬੀਲੇ ਨਾਲ ਸੰਬੰਧਤ ਖਾੜਕੂਆਂ ਵਲੋਂ ਮਿਜ਼ਾਈਲਾਂ ਅਤੇ ਡਰੋਨਾ ਨਾਲ ਧਮਾਕੇ ਕਰਨ ਦਾ ਅਮਲ ਸ਼ੁਰੂ ਕੀਤਾ। ਇਸ ਪੱਖ ਤੋਂ ਮਨੀਪੁਰ ਹਿੰਸਾ ਵਿੱਚ ਇਹ ਨਵਾਂ ਦੌਰ ਹੈ, ਜਿਸ ਵਿੱਚ ਹਾਈਟੈਕ ਹਥਿਆਰਾਂ ਦੀ ਵਰਤੋਂ ਹੋਣੀ ਸ਼ੁਰੂ ਹੋ ਗਈ ਹੈ। ਮਨੀਪੁਰ ਦੀ ਸਰਹੱਦ ਮਿਆਮਾਰ (ਬਰ੍ਹਮਾ) ਨਾਲ ਲਗਦੀ ਹੈ। ਸਰਕਾਰ ਦੀ ਦਲੀਲ ਹੈ ਕਿ ਮਿਆਮਾਰ ਦੀ ਫੌਜੀ ਹਕੂਮਤ ਚੀਨ ਦੇ ਪ੍ਰਭਾਵ ਹੇਠ ਹੈ ਅਤੇ ਉਸ ਪਾਸਿਉਂ ਕੁੱਕੀ ਖਾੜਕੂਆਂ ਨੂੰ ਹਥਿਆਰ ਦੀ ਸਪਲਾਈ ਤੇ ਨਸ਼ੇ ਦੀ ਸਮਗਲਿੰਗ ਹੁੰਦੀ ਹੈ। ਉਧਰ ਫੌਜ ਵੱਲੋਂ ਮਿਆਮਾਰ ਵਿੱਚ ਚੁਣੀ ਹੋਈ ਸਰਕਾਰ ਦਾ ਤਖਤਾ ਪਲਟਣ ਤੋਂ ਬਾਅਦ ਮਿਲਟਰੀ ਹਕੂਮਤ ਖਿਲਾਫ ਹਥਿਆਰਬੰਦ ਸੰਘਰਸ਼ ਚੱਲ ਰਿਹਾ ਹੈ।

ਮਨੀਪੁਰ ਵਿੱਚ ਮੁੱਖ ਮੰਤਰੀ ਬਿਰੇਨ ਸਿੰਘ ਦੀ ਅਗਵਾਈ ਵਿੱਚ ਭਾਰਤੀ ਜਨਤਾ ਪਾਰਟੀ ਦੀ ਹੀ ਸਰਕਾਰ ਹੈ। ਇੱਕ ਹਿਸਾਬ ਨਾਲ ਇਹ ਡਬਲ ਇੰਜਣ ਦੀ ਸਰਕਾਰ ਹੀ ਹੈ; ਪਰ ਹਿੰਸਾ ਅਤੇ ਦੁਫੇੜ ਦੀ ਹਾਲਤ ਇਹ ਹੋ ਗਈ ਹੈ ਕਿ ਮਾਮਲੇ ਨੂੰ ਨਜਿੱਠਣ ਵਿੱਚ ਕੇਂਦਰ ਸਰਕਾਰ ਤੇ ਮੁੱਖ ਮੰਤਰੀ ਵਿਚਕਾਰ ਵੀ ਮੱਤਭੇਦ ਬਣਨੇ ਸ਼ੁਰੂ ਹੋ ਗਏ ਹਨ। ਰਾਜ ਵਿੱਚ ਆਮ ਵਰਗੇ ਹਾਲਾਤ ਬਹਾਲ ਕੀਤੇ ਜਾਣ ਲਈ ਰਿਟਾਇਰ ਪੁਲਿਸ ਅਫਸਰ ਕੁਲਦੀਪ ਸਿੰਘ ਨੂੰ ਕੇਂਦਰ ਵੱਲੋਂ 31 ਮਈ ਨੂੰ ਵੱਖ-ਵੱਖ ਸੁਰੱਖਿਆ ਏਜੰਸੀਆਂ ਦੀ ਸਾਂਝੀ (ਯੂਨੀਫਾਈਡ) ਕਮਾਂਡ ਦਾ ਮੁੱਖੀ ਨਿਯੁਕਤ ਕੀਤਾ ਗਿਆ। ਇਸ ਤਰ੍ਹਾਂ ਰਾਜ ਵਿੱਚ ਸੁਰੱਖਿਆ ਦਸਤਿਆਂ ਦੇ ਉਪਰੇਸ਼ਨਾਂ ਦੀ ਕਮਾਂਡ ਕੇਂਦਰੀ ਗ੍ਰਹਿ ਮੰਤਰਾਲੇ ਅਧੀਨ ਹੈ। ਪਿਛਲੇ ਕੁਝ ਦਿਨਾਂ ਤੋਂ ਮਨੀਪੁਰ ਦੇ ਮੁੱਖ ਮੰਤਰੀ ਆਖ ਰਹੇ ਹਨ ਕਿ ਯੂਨੀਫਾਈਡ ਕਮਾਂਡ ਰਾਜ ਸਰਕਾਰ ਦੇ ਹੱਥ ਦਿੱਤੀ ਜਾਣੀ ਚਾਹੀਦੀ ਹੈ। ਇਹ ਕੇਂਦਰ ਸਰਕਾਰ ਕੋਲ ਹੋਣ ਕਾਰਨ ਹੀ ਮਨੀਪੁਰ ਵਿੱਚ ਹਿੰਸਾ ਦਾ ਕਾਲ ਚੱਕਰ ਖਤਮ ਨਹੀਂ ਹੋ ਰਿਹਾ। ਇਸ ਤੋਂ ਵੀ ਅੱਗੇ ਵੱਖ-ਵੱਖ ਪੁਲਿਸ ਫੋਰਸਾਂ ਦਾ ਰਵੱਈਆ ਵੀ ਫਿਰਕਿਆਂ ਦੀ ਵੰਡ ਦਾ ਸ਼ਿਕਾਰ ਹੋ ਗਿਆ ਹੈ। ਜਿੱਥੇ ਕੁੱਕੀ ਕਬੀਲੇ ਦੇ ਲੋਕ ਅਸਾਮ ਰਾਈਫਲਜ਼ ਦੀ ਤਾਇਨਾਤੀ ਨੂੰ ਜਾਰੀ ਰੱਖਣ ਦੀ ਮੰਗ ਕਰ ਰਹੇ ਹਨ, ਉਥੇ ਬਹੁਗਿਣਤੀ ਮੇਤੀ ਭਾਈਚਾਰਾ ਅਸਾਮ ਰਾਈਫਲਜ਼ ਨਾਲ ਸੰਬੰਧਤ ਸੁਰੱਖਿਆ ਦਸਤਿਆਂ ਨੂੰ ਰਾਜ ਵਿੱਚੋਂ ਬਾਹਰ ਕੱਢਣ ਦੀ ਮੰਗ ਕਰ ਰਿਹਾ ਹੈ। ਕੁੱਕੀ ਭਾਈਚਾਰੇ ਦੇ ਲੋਕ ਮਨੀਪੁਰ ਪੁਲਿਸ 'ਤੇ ਦੋਸ਼ ਲਾਉਂਦੇ ਹਨ ਕਿ ਉਹ ਮੇਤੀ ਭਾਈਚਾਰੇ ਦਾ ਪੱਖ ਪੂਰ ਰਹੀ ਹੈ ਅਤੇ ਉਨ੍ਹਾਂ ਨਾਲ ਵਿਤਕਰਾ ਕਰਦੀ ਹੈ।

ਯਾਦ ਰਹੇ, ਬੀਤੀ 3 ਮਈ ਨੂੰ ਮਨੀਪੁਰ ਦੇ ਥੋਬਾਲ ਜ਼ਿਲ੍ਹੇ ਦੇ ਚੂਰਚਾਂਦਪੁਰ ਵਿੱਚ ਕੁੱਕੀ ਅਤੇ ਜੋਮੀ ਕਬੀਲੇ ਦੀਆਂ ਦੋ ਔਰਤਾਂ ਨੂੰ ਭੀੜ ਸਾਹਮਣੇ ਨੰਗਿਆਂ ਕਰਕੇ ਪਰੇਡ ਕਰਨ ਲਈ ਮਜਬੂਰ ਕੀਤਾ ਗਿਆ ਸੀ। ਇਸ ਬਾਰੇ ਕੀਤੀ ਗਈ ਪੜਤਾਲ ਵਿੱਚ ਸਾਹਮਣੇ ਆਇਆ ਸੀ ਕਿ ਇਸ ਮਾਮਲੇ ਨਾਲ ਸੰਬੰਧਤ ਦੋ ਕਥਿਤ ਦੋਸ਼ੀਆਂ ਨੇ ਮਨੀਪੁਰ ਪੁਲਿਸ ਦੀ ਜਿਪਸੀ ਵਿੱਚ ਬੈਠ ਕੇ ਖਿਸਕਣ ਦਾ ਯਤਨ ਕੀਤਾ ਸੀ। ਇਸ ਮੁੱਦੇ 'ਤੇ ਕਾਂਗਰਸ ਪਾਰਟੀ ਖਾਸ ਕਰਕੇ ਰਾਹੁਲ ਗਾਂਧੀ ਨੇ ਜ਼ੋਰ ਨਾਲ ਅਵਾਜ਼ ਚੁੱਕੀ ਅਤੇ ਪ੍ਰਧਾਨ ਮੰਤਰੀ ਨੂੰ ਲੋਕ ਸਭਾ ਵਿੱਚ ਬਿਅਨ ਦੇਣ ਲਈ ਜ਼ੋਰ ਪਾਇਆ ਸੀ; ਪਰ ਪ੍ਰਧਾਨ ਮੰਤਰੀ ਵੱਲੋਂ ਇਸ ਮਸਲੇ 'ਤੇ ਲਗਾਤਾਰ ਚੁੱਪ ਵੱਟੀ ਰੱਖੀ ਗਈ। ਅੰਤ ਵਿਰੋਧੀ ਧਿਰਾਂ ਨੇ ਸਰਕਾਰ ਵਿਰੁਧ ਅਵਿਸ਼ਵਾਸ ਮਤਾ ਲਿਆ ਕੇ ਪ੍ਰਧਾਨ ਮੰਤਰੀ ਨੂੰ ਮਨੀਪੁਰ 'ਤੇ ਬੋਲਣ ਲਈ ਮਜਬੂਰ ਕੀਤਾ। ਅਵਿਸ਼ਵਾਸ ਮਤੇ ਦਾ ਰੱਦ ਹੋਣਾ ਤਾਂ ਤੈਅ ਹੀ ਸੀ, ਪਰ ਪ੍ਰਧਾਨ ਮੰਤਰੀ ਨੇ ਅਵਿਸ਼ਵਾਸ ਮਤੇ 'ਤੇ ਬੋਲਦਿਆਂ ਵੀ ਮਨੀਪੁਰ ਦਾ ਕੁਝ ਮਿੰਟ ਲਈ ਰਸਮੀ ਜ਼ਿਕਰ ਹੀ ਕੀਤਾ। ਯੂਰਪੀਅਨ ਪਾਰਲੀਮੈਂਟ ਵਿੱਚ ਇਸ ਮਸਲੇ ਨੂੰ ਲੈ ਕੇ ਚਰਚਾ ਹੁੰਦੀ ਰਹੀ ਅਤੇ ਇਸ ਕਾਰਨ ਇਸ ਮਸਲੇ ਦਾ ਕੌਮਾਂਤਰੀਕਰਣ ਹੋ ਗਿਆ ਸੀ।

ਮਨੀਪੁਰ ਕਲੇਸ਼ ਵਿੱਚ ਘੱਟਗਿਣਤੀ ਕੁੱਕੀ ਭਾਈਚਾਰੇ ਦੀ ਸ਼ਾਮੂਲੀਅਤ ਹੋਣ ਕਾਰਨ ਪੱਛਮ ਦੇ ਕੁਝ ਮਨੁੱਖੀ ਅਧਿਕਾਰ ਸੰਗਠਨਾਂ ਨੇ ਵੀ ਇਸ ਹਿੰਸਾ 'ਤੇ ਚਿੰਤਾ ਪਰਗਟ ਕੀਤੀ ਹੈ। ਬੀਤੇ ਮੰਗਲਵਾਰ ਇੰਫਾਲ ਰਾਜ ਭਵਨ ਵੱਲ ਮੇਤੀ ਲੋਕਾਂ ਅਤੇ ਵਿਦਿਆਰਥੀਆਂ ਦੀ ਵੱਡੀ ਭੀੜ ਵੱਲੋਂ ਮਾਰਚ ਕੀਤਾ ਗਿਆ। ਲੋਕ ਰਾਜ ਦੇ ਪੁਲਿਸ ਮੁਖੀ ਨੂੰ ਹਟਾਉਣ ਦੀ ਮੰਗ ਕਰ ਰਹੇ ਸਨ। ਇਸ ਦੌਰਾਨ ਪੁਲਿਸ ਨੇ ਭੀੜ ਨੂੰ ਰੋਕਣ ਲਈ ਪਾਣੀ ਦੀਆਂ ਬੁਛਾੜਾਂ ਅਤੇ ਅੱਥਰੂ ਗੈਸ ਦੇ ਗੋਲਿਆਂ ਦੀ ਵਰਤੋਂ ਕੀਤੀ। ਇਸ ਪ੍ਰਦਰਸ਼ਨ ਦੌਰਾਨ ਕੀਤੀ ਗਈ ਕਾਰਵਾਈ ਵਿੱਚ 44 ਵਿਅਕਤੀ ਜ਼ਖਮੀ ਹੋ ਗਏ ਹਨ। ਵਿਦਿਆਰਥੀਆਂ ਵੱਲੋਂ ਨਾਅਰੇਬਾਜ਼ੀ ਕੀਤੀ ਜਾ ਰਹੀ ਸੀ ਕਿ ਰਾਜ ਸਰਕਾਰ ਹਿੰਸਾ ਨੂੰ ਰੋਕਣ ਵਿੱਚ ਫੇਲ੍ਹ ਹੋ ਚੁੱਕੀ ਹੈ। ਮੁਜ਼ਾਹਰਾਕਾਰੀ ਮੰਗ ਕਰ ਰਹੇ ਸਨ ਕਿ ਕੇਂਦਰ ਅਤੇ ਰਾਜ ਸਰਕਾਰ ਕਿਤੇ ਵੀ ਵਿਖਾਈ ਨਹੀਂ ਦਿੰਦੀ। ਇਸ ਦੌਰਾਨ ਇਹ ਅਫਵਾਹ ਵੀ ਫੈਲ ਗਈ ਕਿ ਪੁਲਿਸ ਵੱਲੋਂ ਕੀਤੀ ਫਾਇਰਿੰਗ ਨਾਲ ਇੱਕ ਵਿਦਿਆਰਥੀ ਦੀ ਮੌਤ ਹੋ ਗਈ ਹੈ, ਪਰ ਬਾਅਦ ਵਿੱਚ ਪਤਾ ਲੱਗਾ ਕਿ ਵਿਦਿਆਰਥੀ ਦੀ ਮੌਤ ਓਵਰ ਬ੍ਰਿੱਜ ਤੋਂ ਡਿੱਗ ਜਾਣ ਕਾਰਨ ਹੋਈ ਹੈ।

ਕਾਂਗਰਸ ਪਾਰਟੀ ਦੇ ਪ੍ਰਧਾਨ ਮਲਿਕਾਰੁਜਨ ਖੜਗੇ ਨੇ ਆਪਣੇ ਇੱਕ ਬਿਆਨ ਵਿੱਚ ਕਿਹਾ ਕਿ ਮਨੀਪੁਰ ਵਿੱਚ ਡਬਲ ਇੰਜਣ ਦੀ ਸਰਕਾਰ ਫੇਲ੍ਹ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਮਨੀਪੁਰ ਵਿੱਚ ਫੈਲੀ ਹਿੰਸਾ ਅਤੇ ਨਫਰਤ ਦਾ ਮਾਹੌਲ ਭਾਰਤੀ ਜਨਤਾ ਪਾਰਟੀ ਦੀ ਫਿਰਕਾਪ੍ਰਸਤ ਨੀਤੀ ਦਾ ਸਿੱਟਾ ਹੈ, ਜਿਸ ਵਿੱਚ ਦੇਸ਼ ਦੇ ਬਹੁਗਿਣਤੀ ਧਾਰਮਿਕ ਭਾਈਚਾਰੇ ਨੂੰ ਘੱਟਗਿਣਤੀਆਂ ਦੇ ਖਿਲਾਫ ਖੜ੍ਹਾ ਕੀਤਾ ਜਾ ਰਿਹਾ ਹੈ। ਕੁਝ ਹੋਰ ਵਿਰੋਧੀ ਪਾਰਟੀਆਂ ਨੇ ਵੀ ਕੇਂਦਰ ਸਰਕਾਰ ਨੂੰ ਮਨੀਪੁਰ ਵਿੱਚ ਫੌਰੀ ਦਖਲ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਦਾ ਆਖਣਾ ਹੈ ਕਿ ਬੰਗਾਲ ਵਾਂਗ ਜਿਥੇ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਹਨ, ਉਥੇ ਕੇਂਦਰ ਸਰਕਾਰ ਬੜੀ ਜਲਦੀ ਰਾਸ਼ਟਰਪਤੀ ਰਾਜ ਲਾਗੂ ਕਰਨ ਦੀਆਂ ਗੱਲਾਂ ਕਰਨ ਲਗਦੀ ਹੈ, ਪਰ ਮਨੀਪੁਰ ਦੇਰ ਤੋਂ ਹਿੰਸਾ ਦੀ ਲਪੇਟ ਵਿੱਚ ਹੈ, ਇੱਥੇ ਨਾ ਤੇ ਕੇਂਦਰ ਅਤੇ ਨਾ ਹੀ ਰਾਜ ਸਰਕਾਰ ਕੁਝ ਕਰ ਪਾ ਰਹੀ ਹੈ।

## ਰਾਹੁਲ ਦੀ ਅਮਰੀਕਾ ਫੇਰੀ...

ਤੁਲਨਾ ਕਰਦਿਆਂ ਕਿਹਾ ਕਿ ਆਰ.ਐਸ.ਐਸ. ਦੀ ਧਾਰਨਾ ਹੈ ਕਿ ਹਿੰਦੁਸਤਾਨ ਇੱਕ (ਸਿੰਗਲ) ਆਈਡੀਆ ਹੈ। ਜਦਕਿ ਸਾਡਾ ਮੰਨਣਾ ਹੈ ਕਿ ਹਿੰਦੁਸਤਾਨ 'ਬਹੁ-ਵਿਚਾਰ' (ਮੁਲਟੀਪਲ ਆਈਡੀਆਜ਼) ਵਾਲੀ ਸਥਿਤੀ ਵਾਲਾ ਮੁਲਕ ਹੈ। ਉਨ੍ਹਾਂ ਕਿਹਾ ਕਿ ਭਾਜਪਾ ਅਤੇ ਆਰ.ਐਸ.ਐਸ. ਨਾਲ ਇਹੋ ਸਾਡਾ ਸੰਘਰਸ਼ ਹੈ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਦੇਸ਼ ਦੀ ਇੱਕ ਕੌਮੀ ਪਾਰਟੀ ਹੁਣ ਇਸ ਤੱਥ ਨੂੰ ਸਵਿਕਾਰ ਕਰਨ ਲੱਗੀ ਹੈ ਕਿ ਭਾਰਤ ਵਿੱਚ ਬਹੁਤ ਸਾਰੇ ਧਰਮਾਂ, ਭਾਸ਼ਾਵਾਂ ਅਤੇ ਨਸਲਾਂ ਆਦਿ ਦੇ ਲੋਕ ਵੱਸਦੇ ਹਨ। ਇਕੱਠੇ ਰੱਖਣ ਲਈ ਇਨ੍ਹਾਂ ਵਿਚਕਾਰ ਇਕਸੁਰਤਾ ਦੀ ਜ਼ਰੂਰਤ ਹੈ ਅਤੇ ਵੱਖਰੇਪਨ ਦੇ ਸਨਮਾਨ ਤੇ ਉਸ ਨੂੰ ਦਿੱਤੀ ਜਾਣ ਵਾਲੀ ਬਰਾਬਰ ਦੀ ਸਪੇਸ (ਈਕੁਅਲ ਸਪੇਸ) ਰਾਹੀਂ ਹੀ ਇਹ ਟੀਚਾ ਹਾਸਲ ਕੀਤਾ ਜਾ ਸਕਦਾ।

ਯਾਦ ਰਹੇ, ਇਸੇ ਵਰ੍ਹੇ ਹੋ ਕੇ ਹਟੀਆਂ ਚੋਣਾਂ ਵਿੱਚ ਵੀ ਇਸ ਕਿਸਮ ਦੀ ਸਿਆਸੀ ਕੁਲੀਸ਼ਨ ਉਭਰ ਆਈ ਹੈ, ਜਿਹੜੀ ਦੇਸ਼ ਦੇ ਬਹੁਰੰਗੀ ਖ਼ਾਸੇ ਦੀ ਪ੍ਰਤੀਨਿਧਤਾ ਕਰਦੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਬੀਤੇ ਵਿੱਚ ਕਾਂਗਰਸ ਪਾਰਟੀ ਵੀ ਦੇਸ਼ ਦੀ ਇਕਾਤਮਕ ਵਿਵਸਥਾ 'ਤੇ ਹੀ ਜ਼ੋਰ ਦਿੰਦੀ ਰਹੀ ਹੈ ਅਤੇ ਉਸੇ ਕਾਰਨ ਇਸ ਪਾਰਟੀ ਦਾ ਸਿੱਖਾਂ ਨਾਲ 84ਵਿਆਂ ਵਾਲਾ ਟਕਰਾਅ ਉਭਰਿਆ ਸੀ। 'ਦੇਰ ਆਏ ਦਰੁਸਤ ਆਏ' ਦੀ ਪੰਜਾਬੀ ਅਖਾਣ ਅਨੁਸਾਰ ਜੇ ਆਪਣੇ ਸੰਕਟ ਦੇ ਦੌਰ ਵਿੱਚ ਕਾਂਗਰਸ ਪਾਰਟੀ ਦੀ ਨਵੀਂ ਲੀਡਰਸ਼ਿੱਪ ਵੱਲੋਂ ਹਿੰਦੁਸਤਾਨ ਦੀ ਅਸਲੀ ਸਮਾਜਕ ਅਤੇ ਸਭਿਆਚਾਰਕ ਸਥਿਤੀ ਬਾਰੇ ਆਪਣੀ ਵਿਚਾਰਧਾਰਾ ਨੂੰ ਬਦਲਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਇਸ ਦਾ ਨਾ ਸਿਰਫ ਸੁਆਗਤ ਕੀਤਾ ਜਾਣਾ ਚਾਹੀਦਾ ਹੈ, ਸਗੋਂ ਇਸ ਨੂੰ ਉਤਸ਼ਾਹਿਤ ਵੀ ਕੀਤਾ ਜਾਣਾ ਚਾਹੀਦਾ ਹੈ। ਇਸ ਲਈ ਕਾਂਗਰਸ ਦਾ ਇਕਪਾਸੜ ਵਿਰੋਧ ਕਰਦੀਆਂ ਆ ਰਹੀਆਂ ਧਿਰਾਂ ਨੂੰ ਵੀ ਆਪਣੀ ਪਹੁੰਚ ਵਿੱਚ ਨਰਮੀ ਲਿਆਉਣ ਦੀ ਜ਼ਰੂਰਤ ਹੈ।

ਇਸ ਨੁਕਤੇ ਤੋਂ ਸਿੱਖਾਂ ਦੀ ਪ੍ਰਤੀਨਿਧਤਾ ਕਰਨ ਵਾਲੀਆਂ ਰਾਜਨੀਤਿਕ ਪਾਰਟੀਆਂ ਨੂੰ ਵੀ ਆਪਣੇ ਵਿਚਾਰਧਾਰਕ ਪੈਂਤੜਿਆਂ ਬਾਰੇ ਮੁੜ ਤੋਂ ਸੋਚਣਾ ਚਾਹੀਦਾ ਹੈ। ਨਵੀਂ ਉਭਰ ਰਹੀ ਸਿੱਖ ਲੀਡਰਸ਼ਿੱਪ ਨੂੰ ਇਸ ਪਾਸੇ ਵੱਲ ਵਿਸ਼ੇਸ਼ ਤੌਰ 'ਤੇ ਧਿਆਨ ਦੇਣਾ ਚਾਹੀਦਾ ਹੈ ਕਿ ਕਾਂਗਰਸ ਨੂੰ 'ਅੰਨ੍ਹੀਂ ਨਫਰਤ' ਕਰਨ ਦੀ ਥਾਂ ਹੁਣ ਇਸ ਪਾਰਟੀ ਨਾਲ ਰਾਜਨੀਤਿਕ ਗੱਠਜੋੜਾਂ ਬਾਰੇ ਨਵੇਂ ਸਿਰਿਉਂ ਸੋਚਣਾ ਚਾਹੀਦਾ ਹੈ। ਅਕਾਲੀ ਦਲਾਂ/ਦਲ ਨੂੰ ਆਪਣੀ ਵੱਖਰੀ ਸਿਆਸੀ ਪਾਰਟੀ/ਪਾਰਟੀਆਂ ਦੀ ਹੋਂਦ ਨੂੰ ਬਰਕਰਾਰ ਰੱਖਦਿਆਂ, ਇਸ ਨੂੰ ਤਕੜਾ ਕਰਦਿਆਂ, ਦੇਸ਼ ਅੰਦਰ ਭਵਿੱਖ ਵਿੱਚ ਉਭਰਨ ਵਾਲੇ ਸਿਆਸੀ ਮੁਹਾਣਾਂ 'ਤੇ ਮਹੀਨ ਨਜ਼ਰ ਰੱਖਣੀ ਚਾਹੀਦੀ ਹੈ। ਪੰਜਾਬ ਦੇ ਲੋਕ ਆਮ ਤੌਰ 'ਤੇ ਮੋਟੀ ਬੁੱਧੀ ਦੇ ਮਾਲਕ ਸਮਝੇ ਜਾਂਦੇ ਹਨ। ਇਸੇ ਲਈ ਦੱਖਣ ਵਾਲੇ ਸਾਨੂੰ 'ਢੱਗੇ' ਆਖਦੇ ਹਨ, ਜਿਨ੍ਹਾਂ ਤੋਂ ਕੰਮ ਲੈਣ ਲਈ ਪੰਜਾਲੀਆਂ ਮੂਹਰੇ ਜੋੜਨਾ ਤੇ ਹੱਕਣਾ ਪੈਂਦਾ ਹੈ। ਹਿੰਦੁਸਤਾਨ/ਸੰਸਾਰ/ਪੰਜਾਬ ਦੇ ਆਰਥਿਕ ਸਿਆਸੀ ਹਾਲਾਤ ਤੇਜ਼ੀ ਨਾਲ ਬਦਲ ਰਹੇ ਹਨ। ਪੰਜਾਬ/ਸਿੱਖ ਲੀਡਰਸ਼ਿੱਪ ਜੇ ਇਨ੍ਹਾਂ ਬਦਲ ਰਹੀਆਂ ਸਥਿਤੀਆਂ ਦੇ ਹਾਣ ਦੀ ਨਾ ਰਹੀ ਤਾਂ ਇਤਿਹਾਸ ਦਾ ਪਹੀਆ ਤੇ ਘੁੰਮ ਹੀ ਜਾਣਾ ਹੈ ਅਤੇ ਗੱਡੀ ਇੱਕ ਵਾਰ ਫੇਰ ਨਿਕਲ ਜਾਣੀ ਹੈ। ਕਿਧਰੇ ਅਸੀਂ ਇਸ ਵਾਰ ਵੀ ਲੰਘੇ ਸੱਪ ਦੀ ਲਕੀਰ ਕੁੱਟਣ ਵਾਲੇ ਨਾ ਰਹਿ ਜਾਈਏ। ਖੇਤਰੀ ਅਤੇ ਵੰਨ-ਸੁਵੰਨੀ ਵਿਚਾਰਧਾਰਕ ਪਹੁੰਚ ਦੇ ਤਹਿਤ ਹੀ ਰਾਹੁਲ ਗਾਂਧੀ ਨੇ ਭਾਰਤ ਦੀ ਦਲਿਤ/ਕਾਮੇ/ਕਾਰੀਗਰ ਆਬਾਦੀ ਦੇ ਮਸਲਿਆਂ ਨੂੰ ਛੋਹਿਆ ਹੈ। ਇਸ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਭਾਰਤ ਵਿੱਚ ਹੁਨਰ ਦੀ ਕੋਈ ਕਮੀ ਨਹੀਂ ਹੈ, ਪਰ ਇਸ ਦੀ ਕਦਰ ਨਹੀਂ ਹੈ। ਹੁਨਰਮੰਦ ਲੋਕਾਂ ਨੂੰ ਖੁੱਡੇ ਲਾਈਨ ਲਾਇਆ ਜਾ ਰਿਹਾ ਹੈ। ਭਾਰਤੀ ਮਹਾਕਾਵਿ 'ਮਹਾਭਾਰਤ' ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ 'ਏਕਲਵਿਆ ਨੂੰ ਆਪਣੇ ਗੁਰੂ (ਦਰੋਣਾਚਾਰੀਆ) ਨੂੰ ਆਪਣਾ ਅੰਗੂਠਾ ਦੇਣਾ ਪਿਆ ਸੀ।' ਉਨ੍ਹਾਂ ਕਿਹਾ ਕਿ ਭਾਰਤ ਵਿੱਚ ਹੁਣ ਵੀ ਹਰ ਰੋਜ਼ ਏਕਲਵਿਆ ਦਾ ਅੰਗੂਠਾ ਕੱਟਿਆ ਜਾ ਰਿਹਾ ਹੈ।

ਆਪਣੇ ਨਵੇਂ ਸਿਆਸੀ ਪ੍ਰਵਚਨ ਤੋਂ ਇਲਾਵਾ ਰਾਹੁਲ ਗਾਂਧੀ ਨੇ ਹਿੰਦੁਸਤਾਨ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਬਾਰੇ ਵੀ ਕਈ ਕੁਝ ਕਿਹਾ ਹੈ। ਇਸ ਨਾਲ ਤੁਹਾਡੇ ਤਫਰਕੇ ਹੋ ਸਕਦੇ ਹਨ। ਇੱਕ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਪੱਛਮੀ ਮੁਲਕਾਂ ਤੇ ਅਮਰੀਕਾ ਨੇ ਮੈਨੂਫੈਕਚਰਿੰਗ (ਇੰਡਸਟਰੀਅਲ ਪ੍ਰੋਡਕਸ਼ਨ) ਨੂੰ ਚੀਨ ਵਿੱਚ ਧੱਕ ਦਿੱਤਾ ਹੈ। ਉਨ੍ਹਾਂ ਕਿਹਾ ਮੈਨੂਫੈਕਚਰਿੰਗ ਦੇ ਖੇਤਰ ਵਿੱਚ ਹੀ ਬਹੁਤੇ ਲੋਕਾਂ ਨੂੰ ਰੁਜ਼ਗਾਰ ਮਿਲ ਸਕਦਾ ਹੈ। ਇਸੇ ਕਰਕੇ ਅਮਰੀਕਾ ਤੇ ਪੱਛਮ ਵਿੱਚ ਬੇਰੁਜ਼ਗਾਰੀ ਹੈ। ਆਈ.ਟੀ. ਅਤੇ ਆਰਟੀਫੀਸ਼ੀਅਲ ਵਿੱਚ ਬਹੁਤਾ ਰੁਜ਼ਗਾਰ ਮੁਹੱਈਆ ਨਹੀਂ ਕਰਵਾਇਆ ਜਾ ਸਕਦਾ। ਇੱਥੇ ਉਂਝ ਆਰਥਿਕਤਾ ਦਾ ਇਹ ਪੱਖ ਵੀ ਧਿਆਨ ਦੇਣ ਯੋਗ ਹੈ ਕਿ ਅਮਰੀਕਾ ਨੇ ਗਿਆਨ ਦੀ ਪੈਦਾਵਾਰ (ਵਿਸ਼ੇਸ਼ ਕਰਕੇ ਸਾਇੰਸ ਤੇ ਟੈਕਨੌਲੋਜੀ ਵਿੱਚ) ਅਤੇ ਰਿਸਰਚ ਤੇ ਇਨੋਵੇਸ਼ਨ ਦਾ ਖੇਤਰ ਆਪਣੇ ਕੋਲ ਰੱਖ ਲਿਆ ਹੈ। ਮੈਟੀਰੀਅਲ ਪ੍ਰੋਡਕਸ਼ਨ ਵਾਲੀ ਸਨਅਤ ਚੀਨ ਤੇ ਦੁਨੀਆਂ ਦੇ ਹੋਰ ਦੂਜੇ-ਤੀਜੇ ਮੁਲਕਾਂ ਵੱਲ ਤੋਰ ਦਿੱਤੀ ਹੈ। ਇਹ ਵੀ ਦਿਲਚਸਪ ਹੈ ਕਿ ਚੀਨ ਸਨਅਤੀ ਦੌਰ ਤੋਂ ਤੇਜ਼ੀ ਨਾਲ ਗਿਆਨ ਦੀ ਪੈਦਾਵਾਰ 'ਤੇ ਆਧਾਰਤ ਆਟੋਮੇਸ਼ਨ ਵੱਲ ਤੇਜ਼ੀ ਨਾਲ ਵਧ ਰਿਹਾ ਹੈ। ਇਸ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਵਾਲਾ ਪੱਖ ਵੀ ਜੁੜ ਰਿਹਾ ਹੈ। ਇਸ ਨਵੀਂ ਆਰਥਿਕਤਾ ਦੇ ਆਸਰੇ ਹੀ ਅਮਰੀਕਾ ਤੇ ਚੀਨ ਯੂਰਪ ਤੋਂ ਸਰਦਾਰੀ ਖੋਹ ਲੈ ਗਏ ਹਨ। ਯੂਰਪੀਅਨ ਯੂਨੀਅਨ ਵੱਲੋਂ ਇਟਲੀ ਦੇ ਸਾਬਕਾ ਪ੍ਰਧਾਨ ਮੰਤਰੀ ਮਾਰੀਓ ਦਰਾਘੀ ਤੋਂ ਵਿਸ਼ੇਸ਼ ਤੌਰ 'ਤੇ ਤਿਆਰ ਕਰਵਾਈ ਗਈ ਰਿਪੋਰਟ ਵਿੱਚ ਇਹੋ ਸਾਹਮਣੇ ਆਇਆ ਹੈ ਕਿ ਅਮਰੀਕਾ ਅਤੇ ਚੀਨ ਨਾਲ ਮੜਿੱਕਣ ਲਈ ਯੂਰਪ ਨੂੰ 'ਇਨੋਵੇਸ਼ਨ' 'ਤੇ ਜ਼ੋਰ ਦੇਣਾ ਹੋਵੇਗਾ। ਇਸ ਵਾਸਤੇ ਨਵੀਂ ਸਨਅਤੀ ਰਣਨੀਤੀ ਦੀ ਲੋੜ ਹੈ।

ਵਾਸ਼ਿੰਗਟਨ ਡੀ.ਸੀ. ਵਿੱਚ 'ਨੈਸ਼ਨਲ ਪ੍ਰੈਸ ਕਲੱਬ' ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਹੁਲ ਗਾਂਧੀ ਨੇ ਕਿਹਾ ਕਿ ਭਾਰਤ ਵਿੱਚ ਪਿਛਲੇ ਦਸ ਸਾਲਾਂ ਦੌਰਾਨ ਲੋਕਤੰਤਰ ਨੂੰ ਕਾਫੀ ਢਾਹ ਲਾਈ ਗਈ ਹੈ।


### ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

**Punjabi Parwaz LLC - DBA Punjabi Parwaz**

**Address:**
827 E. Kings Row, Unit# 7, Palatine, IL 60074

**Managed by:**
Anureet Kaur & Kuljeet Singh

**Punjab Incharge:**
Jasvir Singh Mangat

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ



### ਪੰਜਾਬੀ ਪਰਵਾਜ਼ Punjabi Parwaz ਬੋਰਡ ਮੈਂਬਰ

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਜੋਧ ਸਿੰਘ ਸਿੱਧੂ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਿੰਦਰਜੀਤ ਸਿੰਘ ਗਰੇਵਾਲ
ਬੇਅੰਤ ਸਿੰਘ ਬੋਪਾਰਾਏ
ਅਮਰਜੀਤ ਸਿੰਘ ਢੀਂਡਸਾ
ਦੀਦਾਰ ਸਿੰਘ ਧਨੋਆ
ਗੁਰਵਿੰਦਰ ਸਿੰਘ ਬੱਬੂ (ਐਪਲਟਨ)
ਬਿਕਰਮ ਸਿੰਘ ਸਿੱਧੂ
ਮਿੰਨੀ ਮੁਲਤਾਨੀ
ਮਨਮਿੰਦਰ ਸਿੰਘ ਹੀਰ
ਗੁਰਪ੍ਰੀਤ ਕੇ. ਸਿੰਘ
ਇੰਦਰ ਹੁੰਜਣ
ਜਿਗਰਦੀਪ ਸਿੰਘ ਢਿੱਲੋਂ
ਅਜੈਬ ਸਿੰਘ ਲੱਖਣ
ਹਰਕੇਵਲ ਸਿੰਘ ਲਾਲੀ
ਸੰਨੀ ਧੂੜ (ਮਿਸ਼ੀਗਨ)
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਹਰਮੀਕ ਸਿੰਘ ਗਿਰਨ

# ਇੱਕ ਬੇਦੋਸ਼ਾ 'ਮੈਂ ਬੇਕਸੂਰ ਹਾਂ' ਕੂਕਦਾ ਕੂਕਦਾ ਫੌਤ ਹੋ ਗਿਆ

## ਸਜ਼ਾ ਦੀ ਕਵਾਇਦ


**ਪੰਜਾਬੀ ਪਰਵਾਜ਼ ਫੀਚਰਜ਼**

ਭਾਰਤੀ ਮੂਲ ਦੇ ਇੱਕ ਬ੍ਰਿਟਿਸ਼ ਨਾਗਰਿਕ ਕ੍ਰਿਸ਼ਨ ਮਹਾਰਾਜ ਨੇ 38 ਸਾਲ ਅਮਰੀਕਾ ਦੀ ਜੇਲ੍ਹ 'ਚ ਅਣਕੀਤੇ ਗੁਨਾਹ ਲਈ ਕੱਟੇ ਤੇ ਫੌਤ ਹੋ ਗਿਆ। ਉਸ ਨੇ ਉਸ ਗੁਨਾਹ ਲਈ ਸਜ਼ਾ ਭੁਗਤੀ, ਜੋ ਉਸ ਨੇ ਕੀਤਾ ਹੀ ਨਹੀਂ ਸੀ। ਉਹ ਇਹੋ ਗੁਹਾਰ ਲਾਉਂਦਾ ਰਿਹਾ, "ਮੈਂ ਬੇਕਸੂਰ ਹਾਂ।" ਉਹ ਇਹੋ ਗੱਲ ਅਦਾਲਤ, ਮੀਡੀਆ ਅਤੇ ਆਪਣੇ ਵਕੀਲਾਂ ਨੂੰ ਕਹਿੰਦਾ ਰਿਹਾ ਕਿ ਉਹ ਬੇਗੁਨਾਹ ਹੈ। ਸਜ਼ਾ ਦੇ ਪੂਰੇ ਸਮੇਂ ਦੌਰਾਨ ਉਹ ਅਮਰੀਕਾ ਦੇ ਫਲੋਰਿਡਾ ਰਾਜ ਦੀ ਜੇਲ੍ਹ ਵਿੱਚ ਕੈਦ ਸੀ, ਜਿੱਥੇ ਉਸ ਨੂੰ 1986 ਵਿੱਚ ਮਿਆਮੀ ਵਿੱਚ ਦੋ ਲੋਕਾਂ ਦੇ ਕਤਲ ਲਈ ਦੋਸ਼ੀ ਠਹਿਰਾਇਆ ਗਿਆ ਸੀ। ਇਹ ਮਾਮਲਾ ਕਿਸੇ ਫਿਲਮੀ ਕਹਾਣੀ ਜਿਹਾ ਹੈ, ਪਰ ਹੈ ਸੱਚੋ-ਸੱਚ!

ਬੇਸ਼ੱਕ ਇੱਕ ਜੱਜ ਨੇ ਉਸਦੀ ਬੇਗੁਨਾਹੀ ਦੇ ਸਬੂਤ ਨੂੰ ਸਵੀਕਾਰ ਕਰ ਲਿਆ ਸੀ (ਇਹ ਅਪਰਾਧ ਕਥਿਤ ਤੌਰ 'ਤੇ ਪਾਬਲੋ ਐਸਕੋਬਾਰ ਦੀ ਅਗਵਾਈ ਵਾਲੇ ਮੇਡੇਲਿਨ ਕਾਰਟੈਲ ਦੇ ਮੈਂਬਰਾਂ ਦੁਆਰਾ ਕੀਤਾ ਗਿਆ ਸੀ), ਪਰ ਕ੍ਰਿਸ਼ਨ ਮਹਾਰਾਜ ਜਿਉਂਦੇ ਜੀਅ ਆਜ਼ਾਦੀ ਹਾਸਿਲ ਨਾ ਕਰ ਸਕਿਆ। ਕਰੀਬ 85 ਸਾਲ ਦੀ ਉਮਰ ਵਿੱਚ ਉਸ ਦਾ ਜੇਲ੍ਹ ਦੇ ਹਸਪਤਾਲ ਵਿੱਚ ਦੇਹਾਂਤ ਹੋ ਗਿਆ, ਜਿੱਥੇ ਉਸ ਨੂੰ ਰੱਖਿਆ ਗਿਆ ਸੀ। ਉਸ ਨੇ ਸਾਲ 2019 ਵਿੱਚ ਮੀਡੀਆ ਨੂੰ ਦੱਸਿਆ ਸੀ, "ਜਦੋਂ ਮੈਨੂੰ ਮੌਤ ਦੀ ਸਜ਼ਾ ਸੁਣਾਈ ਗਈ ਤਾਂ ਮੈਂ ਅਦਾਲਤ ਦੇ ਫਰਸ਼ 'ਤੇ ਡਿੱਗ ਗਿਆ, ਕਿਉਂਕਿ ਉਹ ਮੇਰੀ ਪਹਿਲੀ ਸਜ਼ਾ ਸੀ। ਮੈਨੂੰ ਵਿਸ਼ਵਾਸ ਨਹੀਂ ਹੋਇਆ ਸੀ ਕਿ ਮੈਨੂੰ ਇੱਕ ਅਜਿਹੇ ਅਪਰਾਧ ਲਈ ਸਜ਼ਾ ਸੁਣਾਈ ਗਈ ਸੀ, ਜਿਸ ਬਾਰੇ ਮੈਂ ਕੁਝ ਜਾਣਦਾ ਹੀ ਨਹੀਂ ਸੀ ਅਤੇ ਜੋ ਮੈਂ ਕਦੇ ਕੀਤਾ ਵੀ ਨਹੀਂ ਸੀ।"

ਕ੍ਰਿਸ਼ਨ ਮਹਾਰਾਜ ਦੇ ਵਕੀਲ ਕਲਾਈਵ ਸਟੈਫੋਰਡ ਸਮਿਥ ਨੇ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਵਾ ਲਿਆ ਸੀ ਅਤੇ ਆਖ਼ਰਕਾਰ ਅਦਾਲਤ ਨੇ ਫ਼ੈਸਲੇ ਵਿੱਚ ਕਿਹਾ ਸੀ ਕਿ ਮਹਾਰਾਜ ਦਾ ਉਸ ਦੋਹਰੇ ਕਤਲ ਨਾਲ ਕੋਈ ਲੈਣਾ-ਦੇਣਾ ਨਹੀਂ ਸੀ, ਜਿਸ ਵਿੱਚ ਉਸ ਨੂੰ ਦੋਸ਼ੀ ਠਹਿਰਾਇਆ ਗਿਆ ਸੀ; ਪਰ ਕੁਝ ਕਾਨੂੰਨੀ ਚਾਰਾਜੋਈਆਂ ਦੇ ਮੱਦੇਨਜ਼ਰ ਉਹ ਜੇਲ੍ਹ ਵਿੱਚ ਹੀ ਸੀ। ਸਟੈਫੋਰਡ ਨੇ ਮੀਡੀਆ ਨੂੰ ਦੱਸਿਆ, "ਅਦਾਲਤ ਨੇ ਕਿਹਾ ਕਿ ਹਾਲਾਂਕਿ ਮਹਾਰਾਜ ਦੀ ਬੇਗੁਨਾਹੀ ਨੂੰ ਦਰਸਾਉਣ ਵਾਲੇ ਸਬੂਤ ਪੁਖਤਾ ਸਨ, ਪਰ ਉਨ੍ਹਾਂ ਨੂੰ ਰਿਹਾਅ ਕਰਨ ਲਈ ਕਾਫੀ ਨਹੀਂ ਸਨ।" ਮਹਾਰਾਜ ਦੀ ਪਤਨੀ ਮੈਰੀਟਾ ਅਤੇ ਸਟੈਫੋਰਡ ਨੇ ਹੀ ਕ੍ਰਿਸ਼ਨ ਮਹਾਰਾਜ ਦੀ ਦੇਹ ਨੂੰ ਪਿੱਤਰੀ ਮੁਲਕ ਭੇਜਣ ਲਈ ਪ੍ਰਬੰਧ ਕੀਤਾ।

ਜ਼ਿਕਰਯੋਗ ਹੈ ਕਿ 16 ਅਕਤੂਬਰ 1986 ਨੂੰ ਜਮਾਇਕਾ ਵਿੱਚ ਜਨਮੇ ਡੇਰਿਕ ਮੂ ਯੰਗ ਅਤੇ ਉਸ ਦੇ ਪੁੱਤਰ ਡੁਏਨ ਮਿਆਮੀ ਵਿੱਚ ਇੱਕ ਹੋਟਲ ਦੇ ਕਮਰੇ ਵਿੱਚ ਮਰੇ ਹੋਏ ਮਿਲੇ ਸਨ। ਦੋਵਾਂ ਦੇ ਸਰੀਰ ਦੇ ਗੋਲੀਆਂ ਦੇ ਜਖ਼ਮ ਸਨ। ਜਲਦੀ ਹੀ ਜਾਂਚ ਸ਼ੁਰੂ ਹੋ ਗਈ, ਜਿਸ ਵਿੱਚ ਮਹਾਰਾਜ ਨੂੰ ਦੋਸ਼ੀ ਠਹਿਰਾਇਆ ਗਿਆ। ਕ੍ਰਿਸ਼ਨ ਮਹਾਰਾਜ ਇੱਕ ਭਾਰਤੀ ਮੂਲ ਦਾ ਬ੍ਰਿਟਿਸ਼ ਸੀ, ਜੋ ਕੇਲਿਆਂ ਦੀ ਦਰਾਮਦ ਦੇ ਕਾਰੋਬਾਰ ਕਰ ਕੇ ਕਰੋੜਪਤੀ ਸੀ ਅਤੇ ਉਸ ਦਾ ਮੂ ਯੰਗ ਨਾਲ ਵਪਾਰਕ ਝਗੜਾ ਸੀ।



■ ਕ੍ਰਿਸ਼ਨ ਮਹਾਰਾਜ

ਪੁਲਿਸ ਜਾਣਕਾਰੀ ਮੁਤਾਬਕ ਮਹਾਰਾਜ ਨੇ ਹੋਟਲ ਦੇ ਇੱਕ ਕਮਰੇ 'ਚ ਮੂ ਯੰਗ ਨੂੰ ਮਿਲਣ ਦਾ ਇੰਤਜ਼ਾਮ ਕੀਤਾ ਸੀ। ਇੱਕ ਗਵਾਹ ਅਨੁਸਾਰ 'ਕਮਰੇ ਦੇ ਅੰਦਰ ਵੜਦਿਆਂ ਹੀ ਮਹਾਰਾਜ ਨੇ ਮੂ ਯੰਗ ਅਤੇ ਉਸ ਦੇ ਪੁੱਤਰ ਨੂੰ ਗੋਲੀ ਮਾਰ ਦਿੱਤੀ।' ਇਰਾਦਾ ਕਥਿਤ ਤੌਰ 'ਤੇ ਪੈਸੇ ਦੇ ਲੈਣ-ਦੇਣ ਨੂੰ ਲੈ ਕੇ ਬਹਿਸ ਸੀ, ਜੋ ਮੂ ਯੰਗ ਨੇ ਤ੍ਰਿਨੀਦਾਦ ਟਾਪੂ 'ਤੇ ਮਹਾਰਾਜ ਦੇ ਕੁਝ ਰਿਸ਼ਤੇਦਾਰਾਂ ਤੋਂ ਧੋਖੇ ਨਾਲ ਲਏ ਸਨ ਤੇ ਕ੍ਰਿਸ਼ਨ ਮਹਾਰਾਜ ਉਸ ਨੂੰ ਵਾਪਸ ਲੈਣਾ ਚਾਹੁੰਦਾ ਸੀ।

ਮਹਾਰਾਜ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ, ਦੋਹਰੇ ਕਤਲ ਦਾ ਦੋਸ਼ ਲਾਇਆ ਗਿਆ ਅਤੇ ਇੱਕ ਸਾਲ ਦੇ ਅੰਦਰ ਦੋਹਰੇ ਕਤਲ ਲਈ ਮੌਤ ਦੀ ਸਜ਼ਾ ਵੀ ਸੁਣਾ ਦਿੱਤੀ ਗਈ। ਸਾਲ 2019 ਵਿੱਚ ਕ੍ਰਿਸ਼ਨ ਮਹਾਰਾਜ ਵੱਲੋਂ ਮੀਡੀਆ ਨੂੰ ਦੱਸਿਆ ਗਿਆ, "ਮੈਂ ਉਥੇ ਨਹੀਂ ਸੀ। ਘੱਟੋ-ਘੱਟ ਛੇ ਲੋਕਾਂ ਨੇ ਕਿਹਾ ਕਿ ਮੈਂ ਉਸ ਦਿਨ ਹੋਟਲ ਤੋਂ 30 ਕਿਲੋਮੀਟਰ ਤੋਂ ਜ਼ਿਆਦਾ ਦੂਰ ਕਿਤੇ ਹੋਰ ਸੀ। ਮੈਂ ਵਿਸ਼ਵਾਸ ਨਹੀਂ ਕਰ ਸਕਦਾ ਸੀ ਕਿ ਮੈਨੂੰ ਦੋਸ਼ੀ ਠਹਿਰਾਇਆ ਗਿਆ ਸੀ।" ਛੇ ਸਾਲਾਂ ਤੱਕ 1993 'ਚ ਜਦੋਂ ਸਟੈਫੋਰਡ ਨੇ ਕੇਸ ਨੂੰ ਸੰਭਾਲਣ ਦਾ ਫ਼ੈਸਲਾ ਨਹੀਂ ਸੀ ਲਿਆ, ਦੋਸ਼ੀ ਵੱਲੋਂ ਆਪਣੀ ਬੇਗੁਨਾਹੀ ਸਾਬਤ ਕਰਨ ਅਤੇ ਮੌਤ ਦੀ ਸਜ਼ਾ ਤੋਂ ਬਚਣ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਕੁਝ ਨਹੀਂ ਬਦਲਿਆ। ਸਟੈਫੋਰਡ ਮਨੁੱਖੀ ਅਧਿਕਾਰਾਂ ਦੇ ਵਕੀਲ ਵਜੋਂ ਕੰਮ ਕਰਦਾ ਸੀ। ਖੈਰ! ਸਟੈਫੋਰਡ ਦਾ ਪਹਿਲਾ ਕਦਮ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਲਈ ਅਪੀਲ ਦਾਇਰ ਕਰਨਾ ਸੀ, ਜਿਸ ਨੂੰ ਉਹ 2002 ਵਿੱਚ ਕਰਨ ਵਿੱਚ ਸਫ਼ਲ ਰਿਹਾ। ਫਿਰ ਉਸ ਨੇ ਮਹਾਰਾਜ ਦੀ ਬੇਗੁਨਾਹੀ ਨੂੰ ਸਾਬਤ ਕਰਨ ਵੱਲ ਧਿਆਨ ਦਿੱਤਾ।

ਇਹ ਅਪਰਾਧ 1980 ਦੇ ਦਹਾਕੇ ਵਿੱਚ ਮਿਆਮੀ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਉਛਾਲ ਦੌਰਾਨ ਹੋਇਆ ਸੀ ਅਤੇ ਇੰਨਾ ਹੀ ਨਹੀਂ, ਕਾਰੋਬਾਰ ਦੇ ਨਿਯੰਤਰਣ ਨੂੰ ਲੈ ਕੇ ਕੋਲੰਬੀਆ ਦੇ ਗਰੋਹਾਂ ਤੇ ਕਿਊਬਾ ਦੇ ਨਸ਼ੀਲੇ ਪਦਾਰਥਾਂ ਦੇ ਤਸਕਰਾਂ ਵਿਚਕਾਰ ਇੱਕ ਗੁਪਤ ਜੰਗ ਵੀ ਚੱਲ ਰਹੀ ਸੀ। ਸਟੈਫੋਰਡ ਨੂੰ ਇਸ ਗੱਲ ਦੇ ਸਬੂਤ ਮਿਲੇ ਕਿ ਮੂ ਯੰਗ ਨਸ਼ੀਲੇ ਪਦਾਰਥਾਂ ਦੇ ਤਸਕਰਾਂ ਲਈ ਜਾਣਿਆ-ਪਛਾਣਿਆ ਮਖੌਟਾ ਸੀ ਅਤੇ ਉਸ ਦਾ ਕਤਲ ਕਥਿਤ ਤੌਰ 'ਤੇ ਮੇਡੇਲਿਨ ਗਰੋਹ ਦੇ ਮੈਂਬਰਾਂ ਵੱਲੋਂ ਕੀਤਾ ਗਿਆ ਸੀ। ਅਸਲ ਵਿੱਚ ਇਸਦਾ ਹੁਕਮ ਪਾਬਲੋ ਐਸਕੋਬਾਰ ਦੁਆਰਾ ਦਿੱਤਾ ਗਿਆ ਸੀ ਅਤੇ ਉਸ ਦੇ ਗੁੰਡਿਆਂ ਨੇ ਇਸ ਨੂੰ ਅੰਜ਼ਾਮ ਦਿੱਤਾ ਸੀ। ਸਟੈਫੋਰਡ ਮੇਡੇਲਿਨ ਗਿਆ ਸੀ ਤਾਂ ਕਿ ਸਾਬਕਾ ਕਾਰਟੈਲ ਮੈਂਬਰ ਜੋ ਅਜੇ ਵੀ ਜ਼ਿੰਦਾ ਸਨ, ਨੂੰ ਗਵਾਹੀ ਦੇਣ ਲਈ ਰਾਜ਼ੀ ਕੀਤਾ ਜਾ ਸਕੇ; ਕਿਉਂਕਿ ਮਹਾਰਾਜ ਦਾ ਇਸ ਅਪਰਾਧ ਨਾਲ ਕੋਈ ਲੈਣਾ-ਦੇਣਾ ਨਹੀਂ ਸੀ। ਇਕੱਠੇ ਕੀਤੇ ਗਏ ਸਾਰੇ ਸਬੂਤਾਂ ਨੂੰ ਧਿਆਨ ਵਿੱਚ ਰੱਖਿਆ ਗਿਆ, ਜੋ ਸੰਕੇਤ ਦਿੰਦੇ ਸਨ ਕਿ ਮੂ ਯੰਗ ਨੂੰ ਮਾਰਨ ਵਿੱਚ ਹੋਰ ਲੋਕ ਸ਼ਾਮਲ ਸਨ ਅਤੇ ਸਭ ਤੋਂ ਵੱਧ, ਛੇ ਗਵਾਹੀਆਂ, ਜੋ ਇਸ ਗੱਲ ਦੀ ਪੁਸ਼ਟੀ ਕਰਦੀਆਂ ਸਨ ਕਿ ਮਹਾਰਾਜ ਉਥੋਂ ਬਹੁਤ ਦੂਰ ਸੀ, ਜਿੱਥੇ ਕਤਲ ਹੋਏ ਸਨ।

ਮੁਆਫ਼ੀਨਾਮੇ ਲਈ ਕਿਸੇ ਬੇਨਤੀ ਜਾਂ ਕੋਸ਼ਿਸ਼ ਦੀ ਅਪੀਲ ਦੇ ਜਵਾਬ ਵਿੱਚ ਹਮੇਸ਼ਾ ਨਕਾਰਾਤਮਕ ਜਵਾਬ ਹੁੰਦਾ ਸੀ। ਫੈਡਰਲ ਸਰਕਾਰ ਸਬੂਤਾਂ ਨੂੰ ਸੁਣਨ ਲਈ ਤਿਆਰ ਨਹੀਂ ਸੀ ਅਤੇ ਇੱਕ ਨਿਰਦੋਸ਼ ਵਿਅਕਤੀ ਨੂੰ ਆਜ਼ਾਦ ਕਰਨਾ ਤਰਸ ਦਾ ਮਸਲਾ ਸੀ। ਨਵੰਬਰ 2017 ਵਿੱਚ ਇੱਕ ਸਾਬਕਾ ਡੀ.ਈ.ਏ. ਏਜੰਟ ਨੇ ਇੱਕ ਅਦਾਲਤ ਨੂੰ ਦੱਸਿਆ ਕਿ ਪਾਬਲੋ ਐਸਕੋਬਾਰ ਨਾਲ ਜੁੜੇ ਲੋਕ ਕਤਲ ਵਾਲੇ ਦਿਨ ਡਿਊਪੋਂਟ ਪਲਾਜ਼ਾ ਹੋਟਲ ਦੇ ਇੱਕ ਕਮਰੇ ਵਿੱਚ ਰੁਕੇ ਹੋਏ ਸਨ। ਸਾਬਕਾ ਏਜੰਟ ਦੇ ਬਿਆਨ ਅਨੁਸਾਰ ਐਸਕੋਬਾਰ ਨੇ ਮੂ ਯੰਗ ਦੇ ਕਤਲ ਦਾ ਆਦੇਸ਼ ਦਿੱਤਾ ਸੀ, ਕਿਉਂਕਿ ਉਸ ਨੇ ਗਰੋਹ ਸਬੰਧੀ ਪੈਸਾ ਰੱਖਿਆ ਸੀ ਅਤੇ ਉਸ ਨੇ ਮਨੀ ਲਾਂਡਰਿੰਗ ਰਾਹੀਂ ਇਸ ਨੂੰ ਕਾਨੂੰਨੀ ਬਣਾਉਣ ਵਿੱਚ ਮਦਦ ਕੀਤੀ ਸੀ। ਉਸ ਨੇ ਇਹ ਵੀ ਕਿਹਾ ਕਿ ਉਸ ਨੇ ਇਹ ਜਾਣਕਾਰੀ ਜੌਨ ਜੈਰੋ ਵੇਲਾਸਕਵੇਜ਼ ਤੋਂ ਹਾਸਿਲ ਕੀਤੀ ਸੀ, ਜੋ ਪੋਪਈ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ।

ਪੋਪਈ 23 ਸਾਲ ਦੀ ਕੈਦ ਦੀ ਸਜ਼ਾ ਕੱਟਣ ਤੋਂ ਬਾਅਦ ਅਗਸਤ 2014 ਵਿੱਚ ਰਿਹਾਅ ਹੋਇਆ ਸੀ। ਪੋਪਈ ਐਸਕੋਬਾਰ ਦੇ ਚੋਟੀ ਦੇ ਜਰਨੈਲਾਂ ਵਿੱਚੋਂ ਇੱਕ ਸੀ। ਅਮਰੀਕੀ ਨਿਆਂ ਤੋਂ ਬਚਣ ਲਈ ਮਹਾਰਾਜ 'ਤੇ ਗਰੋਹ ਦੁਆਰਾ ਝੂਠਾ ਇਲਜ਼ਾਮ ਲਗਾਇਆ ਗਿਆ ਸੀ। ਇਸ ਨਵੇਂ ਸਬੂਤ ਦੇ ਨਾਲ, ਜੋ ਪਹਿਲਾਂ ਤੋਂ ਸਾਹਮਣੇ ਆਏ ਸਬੂਤਾਂ ਨਾਲੋਂ ਕਿਤੇ ਜ਼ਿਆਦਾ ਮਜਬੂਤ ਸੀ, ਵਕੀਲ ਇਹ ਯਕੀਨੀ ਬਣਾਉਣ ਵਿੱਚ ਕਾਮਯਾਬ ਰਹੇ ਕਿ ਜੁਰਮ ਕੀਤੇ ਜਾਣ ਦੇ 33 ਸਾਲਾਂ ਬਾਅਦ ਮਹਾਰਾਜ ਦੀ ਸੁਣਵਾਈ ਹੋ ਸਕੇ। ਉਸੇ ਸਾਲ ਦੋ ਵਿਰੋਧਾਭਾਸੀ ਘਟਨਾਵਾਂ ਵਾਪਰੀਆਂ- ਪਹਿਲੀ, 11ਵੇਂ ਸਰਕਟ ਲਈ ਯੂ.ਐਸ. ਕੋਰਟ ਆਫ਼ ਅਪੀਲਜ਼ ਦੇ ਇੱਕ ਜੱਜ ਨੇ ਫ਼ੈਸਲਾ ਸੁਣਾਇਆ ਕਿ ਮਹਾਰਾਜ ਦੀ ਬੇਗੁਨਾਹੀ ਸਾਬਤ ਕਰਨ ਵਾਲੇ ਸਬੂਤ ਮੌਜੂਦ ਹਨ। ਹਾਲਾਂਕਿ ਜਦੋਂ ਕੇਸ ਨੂੰ ਅਜਿਹੀ ਕਾਰਵਾਈ ਲਈ ਸਰਵਉਚ ਅਦਾਲਤ, ਫੈਡਰਲ ਕੋਰਟ ਆਫ ਅਪੀਲਜ਼ ਵਿੱਚ ਲੈ ਕੇ ਗਏ ਤਾਂ ਅਦਾਲਤ ਨੇ ਫ਼ੈਸਲਾ ਲਿਆ ਕਿ 'ਜੱਜ ਦਾ ਫ਼ੈਸਲਾ ਮਹਾਰਾਜ ਨੂੰ ਰਿਹਾਅ ਕਰਨ ਲਈ ਕਾਫੀ ਨਹੀਂ ਸੀ।'

ਮਹਾਰਾਜ ਦੀ ਪਤਨੀ ਮੈਰੀਟਾ 38 ਸਾਲਾਂ ਤੋਂ ਉਨ੍ਹਾਂ ਨੂੰ ਮਿਲਣ ਆ ਰਹੀ ਸੀ, ਕੁਝ ਸਾਲ ਪਹਿਲਾਂ ਇਸ ਉਮੀਦ ਨਾਲ ਯੂ.ਕੇ. ਚਲੀ ਗਈ ਸੀ ਕਿ ਉਸ ਦੇ ਪਤੀ ਨੂੰ ਬ੍ਰਿਟਿਸ਼ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ ਜਾਵੇਗਾ; ਪਰ 5 ਅਗਸਤ ਨੂੰ ਕਈ ਸਿਹਤ ਸਮੱਸਿਆਵਾਂ ਤੋਂ ਮਗਰੋਂ ਜੇਲ੍ਹ ਦੇ ਹਸਪਤਾਲ ਵਿੱਚ ਕ੍ਰਿਸ਼ਨ ਮਹਾਰਾਜ ਦੀ ਮੌਤ ਹੋ ਗਈ, ਜਿੱਥੇ ਉਨ੍ਹਾਂ ਨੂੰ ਰੱਖਿਆ ਗਿਆ ਸੀ। ਇੱਕ ਬੇਦੋਸ਼ਾ 'ਮੈਂ ਬੇਕਸੂਰ ਹਾਂ' ਕੂਕਦਾ ਕੂਕਦਾ ਹੀ ਫੌਤ ਹੋ ਗਿਆ!


# Elite Pro Solutions

- Trucking Permits
- MC ■DOT ■EIN
- Filling name with the state
- Fuel Permit ■Fuel Taxes
- Oregon Permit
- New Mexico Permit
- New York Permit
- Commercial Plates
- Safety Training

*Driver Training
*(Flat bed special class)*
*DOT Audit
*CDL Safety Class
*CA number required

To obtain these permits, trucking Companies often need to provide details such as vehicle specifications route in formation, and cargo descriptions.

The application process can vary by state and type of permit.

Elite Pro Solutions ਵਿੱਚ ਤੁਹਾਡਾ ਸੁਆਗਤ ਹੈ, ਜਿੱਥੇ ਨਵੀਨਤਾ ਮੁਹਾਰਤ ਨੂੰ ਪੂਰਾ ਕਰਦੀ ਹੈ। ਅਸੀਂ ਅੱਜ ਦੇ ਗਤੀਸ਼ੀਲ ਬਾਜ਼ਾਰ ਵਾਤਾਵਰਣ ਦੀਆਂ ਗੁੰਝਲਾਂ ਨੂੰ ਨੈਵੀਗੇਟ ਕਰਨ ਵਿੱਚ ਹਰ ਆਕਾਰ ਦੇ ਕਾਰੋਬਾਰਾਂ ਦੀ ਮਦਦ ਕਰਨ ਲਈ ਸਮਰਪਿਤ ਪ੍ਰਮੁੱਖ ਸਲਾਹ ਸੇਵਾਵਾਂ ਪ੍ਰਦਾਨ ਕਰਦੇ ਹਾਂ। ਸਾਡਾ ਮਿਸ਼ਨ ਰਣਨੀਤਕ ਸੂਝ, ਕਾਰਜਸ਼ੀਲ ਸੰਸਥਾਵਾਂ ਨੂੰ ਸ਼ਕਤੀ ਪ੍ਰਦਾਨ ਕਰਨਾ ਹੈ।

Welcome to ELITEPRO-Solutions where innovation meets expertise. We are premier consulting Services dedicated to helping businesses of all sizes navigate the complexities of today's dynamic Market environment. Our Mission is to empower organizations with strategic insights, Operational.

## Business License

| | |
|---|---|
| Restaurant Permits | Construction |
| Food Service License | Beauty Salon |
| Liquor License | Convenience Store |
| Health Department | Cleaning Business |
| Building & Zoning Permits | Body Shop |
| Sign Permit | Mechanic Shop |
| Music License *(optional)* | Accounting Services |
| Fire Department | E-Commerce |

**ਸਾਡੀ ਮੁਹਾਰਤ***

ਤਜਰਬੇਕਾਰ ਪੇਸ਼ੇਵਰਾਂ ਦੀ ਇੱਕ ਟੀਮ ਦੇ ਨਾਲ Elite Pro Solutions ਸਲਾਹ ਸੇਵਾਵਾਂ ਦਾ ਇੱਕ ਵਿਆਪਕ ਸੂਟ ਪੇਸ਼ ਕਰਦਾ ਹੈ।

**Our Expertise*** With a team of seasoned professionals Elite Pro Solutions offers a Comprehensive Suite of Consulting services.

**ਸਾਡੀ ਪਹੁੰਚ**

A+ (Eilte Pro Soluitons) ਅਸੀਂ ਇੱਕ ਸਹਿਯੋਗੀ ਪਹੁੰਚ 'ਤੇ ਵਿਸ਼ਵਾਸ ਕਰਦੇ ਹਾਂ। ਅਸੀਂ ਆਪਣੇ ਗਾਹਕਾਂ ਦੀਆਂ ਚੁਣੌਤੀਆਂ ਅਤੇ ਉਦੇਸ਼ਾਂ ਨੂੰ ਸਮਝਣ ਲਈ ਉਨ੍ਹਾਂ ਨਾਲ ਮਿਲ ਕੇ ਕੰਮ ਕਰਦੇ ਹਾਂ, ਇਹ ਸੁਨਿਸ਼ਚਿਤ ਕਰਦੇ ਹੋਏ ਕਿ ਸਾਡੇ ਹੱਲ ਵਿਹਾਰਕ, ਪ੍ਰਭਾਵਸ਼ਾਲੀ ਅਤੇ ਉਨ੍ਹਾਂ ਦੇ ਟੀਚਿਆਂ ਨਾਲ ਜੁੜੇ ਹੋਏ ਹਨ। ਸਾਡੀ ਕਾਰਜਪ੍ਰਣਾਲੀ ਮਾਪਣਯੋਗ ਨਤੀਜੇ ਪ੍ਰਦਾਨ ਕਰਨ ਲਈ ਨਵੀਨਤਾਕਾਰੀ ਸੋਚ ਦੇ ਨਾਲ ਉਦਯੋਗ ਦੇ ਸਭ ਤੋਂ ਵਧੀਆ ਅਭਿਆਸਾਂ ਨੂੰ ਜੋੜਦੀ ਹੈ।

**Contact: 317-319-3832 or 317-603-1597**

## ਵੰਡ '47 ਦੀ


***1947 ਦੇ ਮੁਲਕੀ ਵੰਡ-ਵੰਡਾਰੇ ਅਤੇ ਮਨੁੱਖੀ ਵੱਢ-ਵਢਾਂਗੇ ਦੀ ਪੀੜ ਜਿਨ੍ਹਾਂ ਨੇ ਸਹੀ ਹੈ, ਉਨ੍ਹਾਂ ਵਿੱਚੋਂ ਬੇਸ਼ੱਕ ਬਹੁਤੇ ਤਾਂ ਇਸ ਦੁਨੀਆਂ ਤੋਂ ਰੁਖਸਤ ਹੋ ਗਏ ਹਨ, ਪਰ ਇਸ ਦੀ ਵਿਆਪਕ ਪੀੜ ਅੱਜ ਵੀ ਮਹਿਸੂਸ ਕੀਤੀ ਜਾ ਸਕਦੀ ਹੈ। ਬਟਵਾਰੇ ਦੇ ਦੁਖਾਂਤ ਲਈ ਅਸਲ ਕਾਰਨ ਕੀ ਬਣੇ ਜਾਂ ਕਿਸ ਤਰ੍ਹਾਂ ਪ੍ਰਸਥਿਤੀਆਂ ਪੈਦਾ ਹੁੰਦੀਆਂ ਗਈਆਂ; ਜਾਂ ਇਸ ਸਭ ਲਈ ਅਸਲ ਦੋਸ਼ੀ ਕੌਣ ਸਨ? ਬਾਰੇ ਲਿਖਿਆ ਹਥਲਾ ਲੇਖ ਬਹੁਤ ਧਿਆਨ ਮੰਗਦਾ ਹੈ। ਲੇਖਕ ਦੇ ਸ਼ਬਦਾਂ ਵਿੱਚ "ਇਹ ਕਹਿਣਾ ਕਿ ਮੁਲਕ ਦੀ ਵੰਡ ਦੇ ਬੀਜ ਅੰਗਰੇਜ਼ਾਂ ਨੇ ਬੀਜੇ ਬਹੁਤ ਗਲਤ ਹੈ।" ਇਸ ਸਬੰਧੀ ਉਨ੍ਹਾਂ ਕੁਝ ਦਲੀਲਾਂ ਵੀ ਪੇਸ਼ ਕੀਤੀਆਂ ਹਨ ਅਤੇ ਇਸ ਦੇ ਇਰਦ-ਗਿਰਦ ਜੁੜਦੀਆਂ ਗਈਆਂ ਜਾਂ ਪੈਦਾ ਕੀਤੀਆਂ ਗਈਆਂ ਘਟਨਾਵਾਂ ਦੇ ਪਰਿਪੇਖ ਵਿੱਚ ਵੱਖਰੇ ਕੋਣ ਤੋਂ ਨਜ਼ਰੀਆ ਜਾਹਰ ਕੀਤਾ ਹੈ। ਲੇਖਕ ਦੇ ਵਿਚਾਰਾਂ ਨਾਲ 'ਪੰਜਾਬੀ ਪਰਵਾਜ਼' ਦਾ ਸਹਿਮਤ ਹੋਣਾ ਜਾਂ ਨਾ ਹੋਣਾ ਜ਼ਰੂਰੀ ਨਹੀਂ, ਪਰ ਇਸ ਮਾਮਲੇ ਬਾਰੇ ਅਸੀਂ ਇਹ ਲੇਖ ਪਾਠਕਾਂ ਦੀ ਕਚਹਿਰੀ ਵਿੱਚ ਪੇਸ਼ ਕਰ ਰਹੇ ਹਾਂ, ਜਿਸ ਵਿੱਚ '1947 ਦੀ ਵੰਡ ਮੌਕੇ ਵੱਖਰਾ ਸਿੱਖ ਮੁਲਕ ਨਾ ਬਣ ਸਕਣ ਦੀ ਅਸਲੀਅਤ ਕੀ ਹੈ?' ਉਤੇ ਵੀ ਚਰਚਾ ਕੀਤੀ ਗਈ ਹੈ। ਪੇਸ਼ ਹੈ, '47 ਦੀ ਵੰਡ ਬਾਬਤ ਲੰਮੇ ਲੇਖ ਦੀ ਦੂਜੀ ਕਿਸ਼ਤ...***

### ਸੰਤਾਲੀ ਮੌਕੇ ਵੱਖਰਾ ਸਿੱਖ ਮੁਲਕ ਨਾ ਬਣ ਸਕਣ ਦੀ ਅਸਲੀਅਤ ਕੀ ਹੈ?

# ਅੰਗਰੇਜ਼ ਮੁਲਕ ਦੀ ਵੰਡ ਨਹੀਂ ਸਨ ਚਾਹੁੰਦੇ

**ਮਸਲੇ**

ਗੁਰਪ੍ਰੀਤ ਸਿੰਘ ਮੰਡਿਆਣੀ
ਫੋਨ: +91-8872664000



1940 ਤੋਂ 45 ਤਕ ਚੱਲੀ ਸੰਸਾਰ ਜੰਗ ਮੌਕੇ ਭਾਰਤ ਦੇ ਵਾਇਸਰਾਏ ਲਾਰਡ ਵੇਵਲ ਨੇ ਦੇਸ਼ ਦੀ ਸੈਂਟਰਲ ਅਸੈਂਬਲੀ (ਲੋਕ ਸਭਾ) ਵਿੱਚ ਤਕਰੀਰ ਕਰਦਿਆਂ ਕਿਹਾ ਸੀ- ਭਾਵੇਂ ਐਸ ਵੇਲੇ ਅੰਗਰੇਜ਼ਾਂ ਦਾ ਮੁੱਖ ਮੰਤਵ ਜੰਗ ਨੂੰ ਜਿੱਤਣਾ ਹੈ, ਪਰ ਅਸੀਂ ਆਉਣ ਵਾਲੇ ਦਿਨਾਂ ਲਈ ਵੀ ਬਰਾਬਰ ਤਿਆਰੀ ਕਰ ਰਹੇ ਹਾਂ। ਅੰਗਰੇਜ਼ ਜਾਤੀ ਤੇ ਬ੍ਰਿਟਿਸ਼ ਸਰਕਾਰ ਸੰਯੁਕਤ, ਖੁਸ਼ਹਾਲ ਤੇ ਸਵਤੰਤਰ ਹਿੰਦੁਸਤਾਨ ਨੂੰ ਦੇਖਣ ਦੀ ਪੁੱਜ ਕੇ ਇੱਛਾਵਾਨ ਹੈ। ਹਿੰਦੁਸਤਾਨ ਦਾ ਵੰਡਾਰਾ ਕਦਾਚਿਤ ਯੋਗ ਨਹੀਂ, ਕਿਉਂ ਜੁ ਕੁਦਰਤ ਨੇ ਭੂਗੋਲਿਕ ਤੌਰ 'ਤੇ ਹਿੰਦੁਸਤਾਨ ਨੂੰ ਅਖੰਡ ਬਣਾਇਆ ਹੈ। ਜਿਸ ਵੇਲੇ ਵੀ ਹਿੰਦੁਸਤਾਨੀ ਮਿਲ ਕੇ ਆਪਣਾ ਮਨ ਭਾਉਂਦਾ ਵਿਧਾਨ ਬਣਾ ਲੈਣ, ਅਸੀਂ ਦੇਸ਼ ਦਾ ਸਾਰਾ ਰਾਜ-ਭਾਗ ਉਨ੍ਹਾਂ ਨੂੰ ਸੌਂਪਣ ਨੂੰ ਤਿਆਰ ਹਾਂ। 1945 ਵਿੱਚ ਬਰਤਾਨਵੀ ਪਾਰਲੀਮੈਂਟ ਦੀਆਂ ਚੋਣਾਂ ਹੋਈਆਂ, ਜਿਸ ਵਿੱਚ ਲੇਬਰ ਪਾਰਟੀ ਦੀ ਜਿੱਤ ਹੋਈ ਅਤੇ ਲਾਰਡ ਐਟਲੇ ਪ੍ਰਧਾਨ ਮੰਤਰੀ ਬਣੇ। ਭਾਰਤ ਨੂੰ ਆਜ਼ਾਦ ਕਰਨਾ ਲੇਬਰ ਪਾਰਟੀ ਦੇ ਚੋਣ ਮੈਨੀਫੈਸਟੋ ਵਿੱਚ ਸ਼ਾਮਲ ਸੀ।

ਪ੍ਰਧਾਨ ਮੰਤਰੀ ਐਟਲੇ ਨੇ ਬ੍ਰਿਟਿਸ਼ ਪਾਰਲੀਮੈਂਟ ਵਿੱਚ ਭਾਸ਼ਨ ਦਿੰਦਿਆਂ ਕਿਹਾ ਸੀ ਕਿ ਆਪਣੇ ਚੋਣ ਵਾਅਦੇ ਮੁਤਾਬਕ ਅਸੀਂ ਹਿੰਦੁਸਤਾਨ ਨੂੰ ਆਜ਼ਾਦ ਕਰਨਾ ਚਾਹੁੰਦੇ ਹਾਂ, ਇਸ ਤੋਂ ਪਹਿਲਾਂ ਅਸੀਂ ਇਹ ਚਾਹੁੰਦੇ ਹਾਂ ਕਿ ਭਾਰਤ ਦੀਆਂ ਸਾਰੀਆਂ ਸਿਆਸੀ ਧਿਰਾਂ ਕਿਸੇ ਅਜਿਹੇ ਢਾਂਚੇ 'ਤੇ ਸਹਿਮਤੀ ਕਰ ਲੈਣ, ਜਿਸ ਨੂੰ ਅਸੀਂ ਸੱਤਾ ਸੌਂਪ ਸਕੀਏ। ਸਹਿਮਤੀ ਬਣਾਉਣ ਖ਼ਾਤਰ ਵਾਇਸਰਾਏ ਲਾਰਡ ਵੇਵਲ ਨੇ ਜੂਨ 1945 ਵਿੱਚ ਭਾਰਤ ਦੇ ਸਿਆਸੀ ਆਗੂਆਂ ਦੀ ਸ਼ਿਮਲੇ ਵਿੱਚ ਇੱਕ ਕਾਨਫਰੰਸ ਸੱਦੀ, ਜਿਸਨੂੰ ਸ਼ਿਮਲਾ ਕਾਨਫਰੰਸ ਕਿਹਾ ਜਾਂਦਾ ਹੈ। ਉਸ ਵੇਲੇ ਕਾਂਗਰਸ ਦੇ ਪ੍ਰਧਾਨ ਇੱਕ ਮੁਸਲਮਾਨ ਸ਼ਖਸੀਅਤ ਮੌਲਾਨਾ ਅਬਦੁੱਲ ਕਲਾਮ ਸਨ, ਉਹ ਕਾਂਗਰਸ ਦੇ ਨੁਮਾਇੰਦੇ ਵਜੋਂ ਸ਼ਾਮਲ ਹੋਇਆ। ਮੁਸਲਿਮ ਲੀਗ ਦਾ ਪ੍ਰਧਾਨ ਮੁਹੰਮਦ ਅਲੀ ਜਿਨਾਹ ਇਸ ਗੱਲ 'ਤੇ ਅੜ ਗਿਆ ਕਿ ਮੁਸਲਮਾਨਾਂ ਦੀ ਨੁਮਾਇੰਦਾ ਅਜਮਾਤ ਸਿਰਫ਼ ਮੁਸਲਿਮ ਲੀਗ ਹੀ ਹੈ, ਸੋ ਕਾਂਗਰਸ ਨੂੰ ਕੋਈ ਹੱਕ ਨਹੀਂ ਕਿ ਆਪਣੇ ਨੁਮਾਇੰਦੇ ਵਜੋਂ ਕਿਸੇ ਮੁਸਲਮਾਨ ਨੂੰ ਪੇਸ਼ ਕਰੇ। ਇਸੇ ਡੈਡਲਾਕ ਕਰਕੇ ਸਹਿਮਤੀ ਬਣਾਉਣ ਦੀ ਇਹ ਕੋਸ਼ਿਸ਼ ਫੇਲ੍ਹ ਹੋ ਗਈ। ਜਨਵਰੀ 1946 ਵਿੱਚ ਸੂਬਾਈ ਵਿਧਾਨ ਸਭਾਵਾਂ ਅਤੇ ਕੇਂਦਰੀ ਅਸੈਂਬਲੀ ਦੀਆਂ ਚੋਣਾਂ ਹੋਈਆਂ। ਅਪ੍ਰੈਲ 1946 ਵਿੱਚ ਕੈਬਨਿਟ ਮਿਸ਼ਨ ਭਾਰਤ ਵਿੱਚ ਆਇਆ, ਜਿਸਦਾ ਉਦੇਸ਼ ਇਹ ਸੀ ਕਿ ਸੱਤਾ ਦੀ ਤਬਦੀਲੀ ਦੀ ਰੂਪ-ਰੇਖਾ ਘੜਨ ਬਾਰੇ ਸਹਿਮਤੀ ਕਰਾਈ ਜਾਵੇ। ਭਾਰਤੀ ਆਗੂਆਂ ਨਾਲ ਕਈ ਮੀਟਿੰਗਾਂ ਦੌਰਾਨ ਲੰਬੀ ਮਗਜ਼ ਖਪਾਈ ਕਰਕੇ ਮੁਲਕ ਦੀ ਨਵੀਂ ਸਿਆਸੀ ਰੂਪ ਰੇਖਾ ਬਾਰੇ ਸਹਿਮਤੀ ਲਈ ਅਤੇ ਇਸ ਨੂੰ ਇੱਕ ਤਜਵੀਜ਼ ਦੇ ਤੌਰ 'ਤੇ ਲੋਕਾਂ ਸਾਹਮਣੇ ਰੱਖਿਆ, ਜਿਸ ਨੂੰ 'ਕੈਬਨਿਟ ਮਿਸ਼ਨ ਪਲੈਨ' ਕਿਹਾ ਜਾਂਦਾ ਹੈ। ਇਹ ਪਲੈਨ 16 ਮਈ 1946 ਨੂੰ ਨਸ਼ਰ ਕੀਤੀ ਗਈ।

### ਇਹ ਸੀ ਕੈਬਨਿਟ ਮਿਸ਼ਨ ਪਲੈਨ

**(ੳ).** ਭਾਰਤੀ ਸੂਬਿਆਂ ਦੇ ਤਿੰਨ ਗੁੱਟ ਬਣਾਏ ਜਾਣ। ਇੱਕ ਵਿੱਚ ਪੰਜਾਬ, ਬਲੋਚਿਸਤਾਨ, ਸਿੰਧ ਅਤੇ ਉਤਰ-ਪੱਛਮੀ ਸਰਹੱਦੀ ਸੂਬਾ ਹੋਣ। ਦੂਜੇ ਵਿੱਚ ਬੰਗਾਲ ਅਤੇ ਆਸਾਮ। ਇਨ੍ਹਾਂ ਦੋਵਾਂ ਗੁੱਟਾਂ ਵਿੱਚ ਮੁਸਲਮਾਨ ਆਬਾਦੀ ਭਾਰੂ ਸੀ। ਤੀਜਾ ਗੁੱਟ ਸੀ ਬਾਕੀ ਬਚਿਆ ਸਾਰਾ ਭਾਰਤ, ਜਿਸ ਵਿੱਚ ਹਿੰਦੂ ਬਹੁਗਿਣਤੀ ਸੀ।

**(ਅ).** ਕੇਂਦਰੀ ਸਰਕਾਰ ਕੋਲ ਸਿਰਫ ਤਿੰਨ ਮਹਿਕਮੇ- ਰੱਖਿਆ (ਫੌਜਾਂ), ਵਿਦੇਸ਼ੀ ਸਬੰਧ ਅਤੇ ਡਾਕ-ਤਾਰ ਟੈਲੀਫੋਨ ਹੋਣ। ਬਾਕੀ ਸਾਰੇ ਮਹਿਕਮੇ ਸੂਬਿਆਂ ਦੇ ਗੁੱਟਾਂ ਕੋਲ ਹੋਣ। ਇੱਕ ਕੇਂਦਰੀ ਸੰਵਿਧਾਨ ਘੜਨੀ ਅਸੈਂਬਲੀ ਬਣਾਈ ਜਾਵੇ, ਜੋ ਕੇਂਦਰੀ ਸਰਕਾਰ ਨੂੰ ਚਲਾਉਣ ਬਾਰੇ ਸੰਵਿਧਾਨ ਬਣਾਵੇ। ਕੇਂਦਰੀ ਅਸੈਂਬਲੀ ਵਿੱਚ ਉਪਰੋਕਤ ਤਿੰਨੇ ਸੂਬਾਈ ਗੁੱਟਾਂ ਦੇ ਨੁਮਾਇੰਦੇ ਵੱਖਰੇ-ਵੱਖਰੇ ਬੈਠ ਕੇ ਆਪੋ-ਆਪਣੇ ਸੂਬਾਈ ਗੁੱਟਾਂ ਦਾ ਸੰਵਿਧਾਨ ਬਣਾਉਣਗੇ। ਭਾਵ ਕੇਂਦਰੀ ਅਸੈਂਬਲੀ ਸਿਰਫ ਕੇਂਦਰ ਦੇ ਤਿੰਨ ਮਹਿਕਮਿਆਂ ਬਾਰੇ ਹੀ ਸੰਵਿਧਾਨ ਬਣਾਵੇਗੀ। ਹਰੇਕ ਸੂਬਾਈ ਗੁੱਟ ਨੂੰ 10 ਸਾਲ ਪਿਛੋਂ ਦਾ ਹੱਕ ਹੋਣਾ ਸੀ। ਇਸ ਮੁਤਾਬਕ ਪਲੈਨ ਵਿੱਚ ਦਰਜ ਸੀ ਕਿ ਇੱਕ ਆਰਜੀ ਸਰਕਾਰ ਕਾਇਮ ਕੀਤੀ ਜਾਵੇਗੀ, ਜਿਸ ਵਿੱਚ ਸਾਰੀਆਂ ਧਿਰਾਂ ਦੇ ਨੁਮਾਇੰਦੇ ਸ਼ਾਮਿਲ ਹੋਣਗੇ।



**ਜਵਾਹਰ ਲਾਲ ਨਹਿਰੂ ਅਤੇ ਮੁਹੰਮਦ ਅਲੀ ਜਿਨਾਹ**

ਇਨ੍ਹਾਂ ਤਜਵੀਜ਼ਾਂ ਨਾਲ ਮੁਸਲਿਮ ਲੀਗ ਦੀ ਪਾਕਿਸਤਾਨ ਵਾਲੀ ਮੰਗ ਕੁਝ ਹੱਦ ਤਕ ਪੂਰੀ ਹੁੰਦੀ ਸੀ ਅਤੇ ਕਾਂਗਰਸ ਦੀ ਮਨਸ਼ਾ ਮੁਤਾਬਕ ਹਿੰਦੁਸਤਾਨ ਵੀ ਇੱਕ ਰਹਿੰਦਾ ਸੀ। ਕਾਂਗਰਸ ਨੇ ਆਰਜ਼ੀ ਸਰਕਾਰ ਵਾਲੀ ਤਜਵੀਜ਼ ਨਾ ਮੰਨੀ, ਬਲਕਿ ਸਿਰਫ ਕਾਨੂੰਨ ਘੜਨੀ ਅਸੈਂਬਲੀ ਵਾਲੀ ਤਜਵੀਜ਼ ਹੀ ਮੰਨੀ। ਉਹਦਾ ਕਹਿਣਾ ਸੀ ਕਿ ਇਹ ਅਸੈਂਬਲੀ ਦੇ ਕੰਮ ਕਰਨ ਤੋਂ ਪਹਿਲਾਂ ਅੰਗਰੇਜ਼ੀ ਫੌਜ ਦੇਸ਼ ਨੂੰ ਛੱਡ ਜਾਵੇ। ਮੁਸਲਿਮ ਲੀਗ ਚਾਹੁੰਦੀ ਸੀ ਕਿ ਘੱਟ ਗਿਣਤੀਆਂ ਦੀ ਰੱਖਿਆ ਖਾਤਰ ਅੰਗਰੇਜ਼ ਮੁਲਕ ਛੱਡਣ ਤੋਂ ਪਹਿਲਾਂ ਸਾਰੇ ਸਮਝੌਤੇ ਕਰਵਾ ਕੇ ਜਾਣ। ਕਾਂਗਰਸ ਦੀ ਮੰਗ ਦਾ ਮਤਲਬ ਜਿਨਾਹ ਨੇ ਉਹ ਸਮਝਿਆ ਕਿ ਅੰਗਰੇਜ਼ਾਂ ਦੇ ਮੁਲਕ ਨੂੰ ਛੱਡ ਜਾਣ ਤੋਂ ਬਾਅਦ ਸੰਵਿਧਾਨ ਸਭਾ ਮੁਕੰਮਲ ਤੌਰ 'ਤੇ ਬਹੁਗਿਣਤੀ ਦੇ ਹੱਥ ਹੋਵੇਗੀ ਅਤੇ ਬਹੁਗਿਣਤੀ ਸਾਹਮਣੇ ਮੁਸਲਿਮ ਲੀਗ ਦੀ ਕੋਈ ਪੇਸ਼ ਨਹੀਂ ਚੱਲਣੀ। (ਅੱਗੇ ਜਾ ਕੇ ਵੇਖਾਂਗੇ ਕਿ ਜਿਨਾਹ ਦੇ ਇਸ ਸ਼ੱਕ ਨੂੰ ਨਹਿਰੂ ਨੇ ਬਿਲਕੁਲ ਪੱਕਾ ਕਰ ਦਿੱਤਾ। ਜਿਸ ਨਾਲ ਅੰਗਰੇਜ਼ਾਂ ਵੇਲੇ ਹਿੰਦੁਸਤਾਨ ਨੂੰ ਇੱਕ ਰੱਖਣ ਦੀ ਕੋਸ਼ਿਸ਼ ਬੇਕਾਰ ਕਰ ਦਿੱਤੀ।) ਨਹਿਰੂ ਦੇ ਇਸ ਬਿਆਨ ਨਾਲ ਮੁਸਲਮਾਨਾਂ ਨੂੰ ਇਹ ਸਪੱਸ਼ਟ ਹੋ ਗਿਆ ਕਿ ਅਖੰਡ ਭਾਰਤ ਵਿੱਚ ਉਨ੍ਹਾਂ ਦਾ ਰਹਿਣਾ ਔਖਾ ਹੈ, ਜਿਸ ਕਰਕੇ ਮੁਸਲਮਾਨ ਪਾਕਿਸਤਾਨ ਕਾਇਮ ਕਰਨ ਲਈ ਮਰਨ-ਮਾਰਨ 'ਤੇ ਉਤਾਰੂ ਹੋ ਗਏ। ਜਿਸ ਤੋਂ ਬੇਵੱਸ ਹੋ ਕੇ ਨਹਿਰੂ, ਪਟੇਲ ਸਣੇ ਗਾਂਧੀ ਤਕ ਨੂੰ ਵੰਡ ਦੀ ਮੰਗ ਖੁਦ ਕਰਨੀ ਪਈ।

### ਸੰਵਿਧਾਨ ਘੜਨੀ ਅਸੈਂਬਲੀ ਦੀ ਚੋਣ

1946 ਦੀ ਜੁਲਾਈ ਦੇ ਪਹਿਲੇ ਹਫਤੇ ਸੂਬਾਈ ਵਿਧਾਨ ਸਭਾਵਾਂ ਨੇ ਅਜੋਕੀ ਰਾਜ ਸਭਾ ਦੀਆਂ ਚੋਣਾਂ ਵਾਗੂੰ ਸੰਵਿਧਾਨ ਘੜਨੀ ਅਸੈਂਬਲੀ ਲਈ ਆਪਣੇ ਨੁਮਾਇੰਦੇ ਚੁਣੇ, ਭਾਵ ਵਿਧਾਇਕਾਂ ਨੇ ਵੋਟਾਂ ਨਾਲ ਸੰਵਿਧਾਨ ਸਭਾ ਚੁਣੀ। 10 ਲੱਖ ਦੀ ਆਬਾਦੀ ਪਿੱਛੇ ਇੱਕ ਨੁਮਾਇੰਦਾ ਚੁਣਿਆ ਗਿਆ। ਹਿੰਦੂਆਂ ਲਈ ਰਿਜ਼ਰਵ 296 ਸੀਟਾਂ ਵਿੱਚੋਂ ਕਾਂਗਰਸ ਨੇ 287 ਅਤੇ ਮੁਸਲਮਾਨਾਂ ਲਈ ਰਿਜ਼ਰਵ ਸੀਟਾਂ ਵਿੱਚੋਂ ਮੁਸਲਿਮ ਲੀਗ ਨੇ 73 ਸੀਟਾਂ ਜਿੱਤੀਆਂ। ਇਸ ਤੋਂ ਇਲਾਵਾ ਰਿਆਸਤਾਂ ਵਿੱਚ 93 ਨੁਮਾਇੰਦੇ ਇਸ ਵਿੱਚ ਨਾਮਜ਼ਦ ਹੋਏ।

ਕੈਬਨਿਟ ਮਿਸ਼ਨ ਦੀਆਂ ਤਜਵੀਜ਼ਾਂ ਮੁਤਾਬਕ ਮੁਸਲਿਮ ਲੀਗ ਨੇ ਦੋਵੇਂ ਗੱਲਾਂ ਮੰਨ ਲਈਆਂ, ਜਿਸ ਵਿੱਚ ਆਰਜੀ ਸਰਕਾਰ ਵਿੱਚ ਹਿੱਸਾ ਲੈਣਾ ਸ਼ਾਮਿਲ ਸੀ; ਪਰ ਕਾਂਗਰਸ ਨੇ ਆਰਜੀ ਸਰਕਾਰ ਵਾਲੀ ਗੱਲ ਨਾ ਮੰਨੀ। 25 ਜੂਨ 1946 ਨੂੰ ਹੋਈ ਮੀਟਿੰਗ ਦੌਰਾਨ ਜਿਨਾਹ ਨੇ ਵਾਇਸਰਾਏ ਨੂੰ ਕਿਹਾ, ਕਿਉਂਕਿ ਕਾਂਗਰਸ ਆਰਜੀ ਸਰਕਾਰ ਵਾਲੀ ਮੱਦ ਨਹੀਂ ਮੰਨਦੀ, ਇਸ ਕਰਕੇ ਤਜਵੀਜ਼ ਦਾ ਪਹਿਰਾ ਨੰਬਰ 8 ਲਾਗੂ ਕੀਤਾ ਜਾਵੇ; ਜਿਸ ਦਾ ਮਤਲਬ ਜਿਨਾਹ ਇਉਂ ਕੱਢਦਾ ਸੀ ਕਿ ਜੇ ਕੋਈ ਇੱਕ ਧਿਰ ਸਰਕਾਰ ਵਿੱਚ ਸ਼ਾਮਿਲ ਨਹੀਂ ਹੁੰਦੀ ਤਾਂ ਦੂਜੀ ਧਿਰ ਨੂੰ ਸਰਕਾਰ ਬਣਾਉਣ ਦਾ ਸੱਦਾ ਦਿੱਤਾ ਜਾਵੇਗਾ। (ਜਿਨਾਹ ਦੇ ਕਥਨ ਮੁਤਾਬਕ ਵਾਇਸਰਾਏ ਨੇ ਇਸ ਗੱਲ ਬਾਰੇ ਉਸਨੂੰ ਚਿੱਠੀ ਵੀ ਲਿਖੀ ਸੀ) ਵਾਇਸਰਾਏ ਨੇ ਇਸਦਾ ਅਰਥ ਇਹ ਕੱਢਿਆ ਕਿ ਪਹਿਰਾ ਨੰਬਰ 8 ਦਾ ਭਾਵ ਹੈ ਕਿ ਅਜਿਹੀ ਸੂਰਤ ਵਿੱਚ ਸਾਂਝੀ ਸਰਕਾਰ ਦੀ ਬਜਾਏ ਇੱਕ ਐਗਜੈਕਟਿਵ ਕੌਂਸਲ ਬਣੇਗੀ, ਜੋ ਕਿ ਵਧ ਤੋਂ ਵਧ ਪ੍ਰਤੀਨਿਧਤਾ ਰੱਖੇ। ਇਸ ਗੱਲ 'ਤੇ ਜਿਨਾਹ ਬਹੁਤ ਗੁੱਸੇ ਹੋਇਆ ਤਾਂ ਉਹਨੇ ਕਿਹਾ ਕਿ ਜੇ ਤੁਹਾਨੂੰ ਇਹ ਗੱਲ ਮਨਜ਼ੂਰ ਨਹੀਂ ਹੈ ਤਾਂ ਵਿਧਾਨ ਘੜਨੀ ਅਸੈਂਬਲੀ ਦੀਆਂ ਚੋਣਾਂ ਮੁਲਤਵੀ ਕੀਤੀਆਂ ਜਾਣ; ਪਰ ਅੰਗਰੇਜ਼ ਇਸ ਸਿਆਸੀ ਰੌਲੇ ਨੂੰ ਛੇਤੀ ਨਿਬੇੜ ਕੇ ਭਾਰਤ ਨੂੰ ਆਜ਼ਾਦ ਕਰਨਾ ਚਾਹੁੰਦੇ ਸਨ।

ਇਸੇ ਨੀਤੀ ਤਹਿਤ ਵਾਇਸਰਾਏ ਨੇ ਜਿਨਾਹ ਦੀ ਇਹ ਮੰਗ ਨਾਮਨਜ਼ੂਰ ਕਰਦਿਆਂ ਆਖਿਆ ਕਿ ਇਹ ਨਵੀਂ ਰਾਜ ਬਣਤਰ ਵਿੱਚ ਰੋੜਾ ਅਟਕਾਉਣ ਵਾਲੀ ਗੱਲ ਹੈ। ਇਸ 'ਤੇ ਮਿਸਟਰ ਜਿਨਾਹ ਬਹੁਤ ਤਲਖ ਹੋਏ ਤੇ ਕੈਬਨਿਟ ਮਿਸ਼ਨ 'ਤੇ ਧੋਖੇਬਾਜ਼ੀ ਦਾ ਦੂਸ਼ਣ ਲਾਇਆ। ਉਸਨੇ ਵਾਇਸਰਾਏ ਨੂੰ ਵੀ ਬੇਇਕਰਾਰਾ ਕਿਹਾ। ਇਸ ਸਮੇਂ ਜਿਨਾਹ ਦੀ ਹਾਲਤ ਇੱਕ ਬੇਚਾਰੇ ਵਾਲੀ ਬਣ ਗਈ ਸੀ। ਉਸਦੀ ਬੇਚਾਰਗੀ ਦੀ ਕਾਂਗਰਸੀ ਅਖਬਾਰਾਂ ਨੇ ਬਹੁਤ ਖਿੱਲੀ ਉਡਾਈ ਅਤੇ ਕਿਹਾ ਕਿ ਜਿਨਾਹ ਆਪਣੇ ਬੁਣੇ ਹੋਏ ਜਾਲ ਵਿੱਚ ਖੁਦ ਹੀ ਫਸ ਗਿਆ ਹੈ। ਪਰ ਜਿਨਾਹ ਨੇ ਹਾਲਾਤ ਮੂਹਰੇ ਹਥਿਆਰ ਨਹੀਂ ਸੁੱਟੇ ਸਗੋਂ ਮੁਸਲਿਮ ਅਵਾਮ ਨੂੰ ਇਸ ਲਾਚਾਰੀ ਵਾਲੀ ਮਨੋਅਵਸਥਾ ਵਿੱਚੋਂ ਕੱਢਣ ਲਈ ਸਿਖਰਲੀ ਵਾਹ ਲਾ ਦਿੱਤੀ; ਜੋ ਕਿ ਡਾਇਰੈਕਟ ਐਕਸ਼ਨ ਪਲਾਨ ਦੇ ਰੂਪ ਵਿੱਚ ਸਾਹਮਣੇ ਆਈ।

### ਨਹਿਰੂ ਦਾ ਬਿਆਨ, ਮੁਸਲਮਾਨਾਂ ਦਾ ਡਰ

ਜਿਨਾਹ ਹਾਲੇ 25 ਜੂਨ ਵਾਲੀ ਮੀਟਿੰਗ ਦੇ ਸਦਮੇ ਵਿੱਚੋਂ ਨਿਕਲਿਆ ਨਹੀਂ ਸੀ, ਉਤੋਂ ਦੀ ਪੰਡਤ ਨਹਿਰੂ ਦੇ ਬਿਆਨ ਨੇ ਉਸਨੂੰ ਹੋਰ ਡਰਾ ਦਿੱਤਾ। 7 ਜੁਲਾਈ ਨੂੰ ਮੁੰਬਈ ਵਿੱਚ ਆਲ ਇੰਡੀਆ ਕਾਂਗਰਸ ਦਾ ਇਜਲਾਸ ਹੋਇਆ, ਜਿਸਦਾ ਤੱਤਸਾਰ ਜਵਾਹਰ ਲਾਲ ਨਹਿਰੂ ਨੇ 10 ਜੁਲਾਈ 1946 ਨੂੰ ਬੰਬਈ ਵਿੱਚ ਹੀ ਪ੍ਰੈੱਸ ਕਾਨਫਰੰਸ ਕਰਕੇ ਆਖਿਆ ਕਿ ਸੰਵਿਧਾਨ ਘੜਨੀ ਅਸੈਂਬਲੀ ਆਪਣੇ ਬਹੁਮਤ ਦੇ ਜ਼ੋਰ ਨਾਲ ਜਿਹੋ-ਜਿਹਾ ਮਰਜ਼ੀ ਸੰਵਿਧਾਨ ਬਣਾ ਸਕਦੀ ਹੈ ਅਤੇ ਉਹ ਇਸ ਗੱਲ ਦੀ ਵੀ ਵਿਆਖਿਆ ਕਰਨ ਦੇ ਸਮਰੱਥ ਹੈ ਕਿ ਕੇਂਦਰੀ ਮਹਿਕਮੇ ਕਿਹੜੇ ਹਨ ਅਤੇ ਕੇਂਦਰੀ ਮਹਿਕਮੇ ਤੋਂ ਕੀ ਭਾਵ ਹੈ ਤੇ ਸੂਬਾਈ ਮਹਿਕਮੇ ਤੋਂ ਕੀ? ਇਸਦਾ ਸਿੱਧਾ ਮਤਲਬ ਇਹ ਦੱਸਣਾ ਸੀ ਕਿ ਕਾਂਗਰਸ ਕੋਲ ਬਹੁਮਤ ਹੋਣ ਕਰਕੇ ਉਹ ਆਪਣੀ ਮਰਜ਼ੀ ਦਾ ਸੰਵਿਧਾਨ ਬਣਾਵੇਗੀ। ਕਾਂਗਰਸ ਵੱਲੋਂ ਪਹਿਲਾਂ ਕੀਤੀ ਗਈ ਮੰਗ ਕਿ "ਸੰਵਿਧਾਨ ਘੜਨੀ ਅਸੈਂਬਲੀ ਦੇ ਕੰਮ ਕਰਨ ਤੋਂ ਪਹਿਲਾਂ ਅੰਗਰੇਜ਼ ਫੌਜ ਇੱਥੋਂ ਨਿਕਲ ਜਾਵੇ।" ਜੇ ਬਹੁਮਤ ਵਾਲੀ ਗੱਲ ਨਾਲ ਜੋੜ ਕੇ ਵੇਖਿਆ ਜਾਵੇ ਤਾਂ ਮੁਸਲਮਾਨਾਂ ਲਈ ਇਹ ਗੱਲ ਬਹੁਤ ਖਤਰਨਾਕ ਸੀ। ਜਿਨਾਹ ਨੇ ਇਸਦਾ ਅਰਥ ਇਹ ਕੱਢਿਆ ਕਿ ਕਾਂਗਰਸ ਅੰਗਰੇਜ਼ਾਂ ਨੂੰ ਇੱਥੋਂ ਪਹਿਲਾਂ ਰੁਖਸਤ ਕਰਕੇ ਹੁੱਲੜਬਾਜ਼ੀ ਦੇ ਜ਼ੋਰ ਨਾਲ ਮੁਲਕ ਦਾ ਸੰਵਿਧਾਨ ਆਪਣੀ ਕੁੱਲ ਮਰਜੀ ਮੁਤਾਬਕ ਬਣਾਵੇਗੀ।

### ਮੁਸਲਮਾਨ ਲਾਚਾਰੀ ਦੇ ਆਲਮ ਵਿੱਚ

ਵਾਇਸਰਾਏ ਨੇ ਸੰਵਿਧਾਨ ਘੜਨੀ ਅਸੈਂਬਲੀ ਦੀਆਂ ਚੋਣਾਂ ਜੁਲਾਈ 1946 ਦੇ ਪਹਿਲੇ ਹਫਤੇ ਮੁਸਲਿਮ ਲੀਗ ਦੇ ਇਤਰਾਜ਼ ਦੇ ਬਾਵਜੂਦ ਕਰਵਾ ਦਿੱਤੀਆਂ। ਇੱਕ ਪਾਸੇ ਵਾਇਸਰਾਏ ਸੰਵਿਧਾਨ ਬਣਾਉਣ ਦਾ ਅਮਲ ਇਸ ਆੜ ਵਿੱਚ ਅੱਗੇ ਵਧਾ ਰਿਹਾ ਸੀ ਕਿ ਮੁਸਲਿਮ ਲੀਗ ਨੇ ਸੰਵਿਧਾਨ ਸਭਾ ਵਾਲੀ ਤਜਵੀਜ਼ ਨੂੰ ਮਾਨਤਾ ਦਿੱਤੀ ਹੋਈ ਹੈ। ਦੂਜੇ ਬੰਨੇ ਕਾਂਗਰਸ ਖੁੱਲ੍ਹਮ-ਖੁੱਲ੍ਹਾ ਆਖ ਰਹੀ ਸੀ ਕਿ ਉਹ ਬਹੁਮਤ ਦੇ ਜ਼ੋਰ ਨਾਲ ਸੰਵਿਧਾਨ ਬਣਾਵੇਗੀ, ਜੋ ਕਿ ਕੈਬਨਿਟ ਮਿਸ਼ਨ ਦੀਆਂ ਤਜਵੀਜ਼ਾਂ ਦੇ ਦਾਇਰੇ ਤੋਂ ਬਾਹਰ ਹੋਵੇਗਾ। ਮੁਸਲਿਮ ਲੀਗ ਨੂੰ ਜਾਪਣ ਲੱਗਿਆ ਕਿ ਅਜਿਹੀਆਂ ਹਾਲਤਾਂ ਵਿੱਚ ਹੀ ਦੇਸ਼ ਦਾ ਸੰਵਿਧਾਨ ਤਿਆਰ ਹੋ ਗਿਆ ਤਾਂ ਮੁਸਲਮਾਨਾਂ ਦੀ ਇਸ ਵਿੱਚ ਸਲਾਮਤੀ ਨਹੀਂ ਰਹਿਣੀ।

ਜਿਨਾਹ ਨੇ ਅੰਦਾਜ਼ਾ ਲਾਇਆ ਕਿ ਕਾਂਗਰਸ ਦੇ ਵੱਡੇ ਸੱਤਿਆਗ੍ਰਹਿ ਦੇ ਡਰਾਵੇ ਕਰਕੇ ਹੀ ਅੰਗਰੇਜ਼ ਮੁਸਲਮਾਨਾਂ ਦੀਆਂ ਹੱਕੀ ਮੰਗਾਂ ਤੋਂ ਇਨਕਾਰੀ ਹੈ ਅਤੇ ਉਹ ਕਿਸੇ ਸੂਰਤ ਵਿੱਚ ਵੀ ਪਾਕਿਸਤਾਨ ਦੀ ਕਾਇਮੀ ਜਾਂ ਮੁਸਲਮਾਨਾਂ ਦੀ ਆਜ਼ਾਦੀ ਨੂੰ ਰੋਕਣ ਦਾ ਮਤਾ ਪੁਗਾਈ ਬੈਠੇ ਹਨ। ਉਹਨੇ ਉਸ ਵੇਲੇ ਦੇ ਵਾਇਸਰਾਏ ਮਿਸਟਰ ਵੇਵਲ 'ਤੇ ਸ਼ੱਰ੍ਹੇਆਮ ਦੋਸ਼ ਲਾਇਆ ਕਿ ਉਹ ਅਖੰਡ ਭਾਰਤ ਦਾ ਪ੍ਰਚਾਰਕ ਹੋਣ ਕਰਕੇ ਪਾਕਿਸਤਾਨ ਵਿਰੁੱਧ ਕਾਂਗਰਸ ਨਾਲ ਗਠਜੋੜ ਕਰੀ ਬੈਠਾ ਹੈ। ਇਸ ਨਾਲ ਮੁਸਲਮਾਨਾਂ ਵਿੱਚ ਲਾਚਾਰੀ ਵਾਲੀ ਹਾਲਤ ਪੈਦਾ ਹੋਈ।

### ਮੁਸਲਿਮ ਲੀਗ ਕੌਂਸਲ ਦਾ ਇਜਲਾਸ

ਮੁਸਲਮਾਨਾਂ ਵਿੱਚ ਲਾਚਾਰੀ ਅਤੇ ਨਿਰਾਸ਼ਾ ਵਾਲੇ ਮਾਹੌਲ ਨੂੰ ਤੋੜਨ ਖਾਤਰ ਜਿਨਾਹ ਨੇ ਮੁਸਲਿਮ ਲੀਗ ਕੌਂਸਲ (ਜਿਸ ਨੂੰ ਮੁਸਲਮਾਨ ਕੌਮ ਦੀ ਪਾਰਲੀਮੈਂਟ ਕਿਹਾ ਜਾਂਦਾ ਸੀ) ਦਾ ਜਨਰਲ ਇਜਲਾਸ 27 ਜੁਲਾਈ 1946 ਨੂੰ ਬੰਬਈ ਵਿਚਲੇ ਆਪਣੇ ਮਾਲਾਬਾਰ-ਹਿੱਲ ਬੰਗਲੇ ਵਿੱਚ ਸੱਦਿਆ। ਇਜਲਾਸ ਵਿੱਚ ਜਿਨਾਹ ਨੇ ਢਾਈ ਘੰਟੇ ਤਕਰੀਰ ਕੀਤੀ ਅਤੇ ਕਿਹਾ ਕਿ "ਕਾਂਗਰਸ ਹੁੱਲੜਬਾਜ਼ੀ ਨਾਲ ਸੰਵਿਧਾਨ ਘੜਨੀ ਅਸੈਂਬਲੀ 'ਤੇ ਛਾ ਜਾਵੇਗੀ ਤੇ ਕੈਬਨਿਟ ਮਿਸ਼ਨ ਦੀ ਸਕੀਮ ਦੇ ਬੁਨਿਆਦੀ ਅਸੂਲਾਂ ਦਾ ਮਲੀਆਮੇਟ ਕਰ ਦੇਵੇਗੀ। ਉਸ ਨੇ ਅੰਗਰੇਜ਼ਾਂ 'ਤੇ ਦੂਸ਼ਣ ਲਾਏ ਕਿ ਉਹ ਕਾਂਗਰਸ ਦੀ ਇਨਕਲਾਬੀ ਤੇ ਖੂਨੀ ਬਗਾਵਤ ਤੋਂ ਡਰਦੇ ਹੋਏ ਮੁਸਲਮਾਨਾਂ ਨਾਲ ਕੀਤੇ ਵਾਅਦੇ ਭੁੱਲ ਗਏ ਹਨ। ਉਸਨੇ ਮੁਸਲਮਾਨਾਂ ਨੂੰ ਵੰਗਾਰਿਆ ਤੇ ਕਿਹਾ ਕਿ ਸਾਨੂੰ ਆਪਣੇ ਪੈਰਾਂ 'ਤੇ ਆਪ ਖੜ੍ਹਾ ਹੋਣਾ ਚਾਹੀਦਾ ਹੈ, ਉਸਨੇ ਜ਼ੋਰਦਾਰ ਸ਼ਬਦਾਂ ਵਿੱਚ ਕਿਹਾ, ਹੁਣ ਕਿਸੇ ਵੱਲ ਉਮੀਦ ਜਾਂ ਸਹਾਇਤਾ ਦੀ ਆਸ ਰੱਖਣ ਦੀ ਕੋਈ ਲੋੜ ਨਹੀਂ। ਹੁਣ ਕੋਈ ਅਦਾਲਤ ਨਹੀਂ ਰਹੀ, ਜਿਸ ਵਿੱਚ ਅਸੀਂ ਇਨਸਾਫ ਲਈ ਜਾ ਸਕੀਏ। ਹੁਣ ਸਾਡੀ ਅਦਾਲਤ ਕੇਵਲ ਮੁਸਲਿਮ ਕੌਮ ਹੈ।" ਮੁਸਲਿਮ ਲੀਗ ਨੇ 16 ਮਈ ਵਾਲੀਆਂ ਤਜਵੀਜ਼ਾਂ ਦੀ ਪ੍ਰਵਾਨਗੀ ਵਾਪਸ ਲੈ ਲਈ ਤੇ ਅਪੀਲ ਕੀਤੀ ਕਿ ਉਹ




⇒ *ਬਾਕੀ ਅਗਲੇ ਸਫੇ ਉਤੇ ਪੜ੍ਹੋ*

# 1947 ਦੀ ਵੰਡ ਦਾ ਖ਼ੂਨੀ ਪੰਨਾ: ਸਾਕਾ ਭੁਲੇਰ (ਚੱਕ ਨੰਬਰ-119)

**ਦਾਸਤਾਂ-ਏ-ਦਰਦ**



**ਇੰਦਰਜੀਤ ਸਿੰਘ ਹਰਪੁਰਾ**
ਫੋਨ:+91-9815577574

ਸ੍ਰੀ ਹਰਿਮੰਦਰ ਸਾਹਿਬ ਦੇ ਘੰਟਾ ਘਰ ਵਾਲੇ ਪ੍ਰਵੇਸ਼ ਦੁਵਾਰ ਰਾਹੀਂ ਜਦੋਂ ਅਸੀਂ ਪਾਵਨ ਅਸਥਾਨ ਵਿੱਚ ਦਾਖਲ ਹੁੰਦੇ ਹਾਂ ਤਾਂ ਪੌੜੀਆਂ ਉਤਰਦੇ ਹੀ ਬਰਾਂਡੇ ਵਿੱਚ ਇੱਕ ਪੱਥਰ ਦੀ ਵੱਡੀ ਸਾਰੀ ਸਿੱਲ ਲੱਗੀ ਹੋਈ ਹੈ, ਜਿਸ ਉੱਪਰ 'ਸਾਕਾ ਭੁਲੇਰ' ਦੇ ਸ਼ਹੀਦਾਂ ਦੇ ਨਾਮ ਉਕਰੇ ਹੋਏ ਹਨ। ਹਰ ਰੋਜ਼ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤ ਇਸ ਸਿੱਲ ਕੋਲੋਂ ਲੰਘਦੀ ਹੈ, ਪਰ ਸ਼ਾਇਦ ਹੀ ਕਦੀ ਕਿਸੇ ਨੇ ਉਸ ਸਾਕੇ ਦੇ ਸ਼ਹੀਦਾਂ ਦੇ ਨਾਮ ਪੜ੍ਹੇ ਹੋਣ ਜਾਂ ਉਸ ਸਾਕੇ ਬਾਰੇ ਜਾਣਕਾਰੀ ਲੈਣ ਦੀ ਕੋਸ਼ਿਸ਼ ਕੀਤੀ ਹੋਵੇ।

ਸਾਕਾ ਭੁਲੇਰ ਲਹਿੰਦੇ ਪੰਜਾਬ ਦੇ ਜ਼ਿਲ੍ਹਾ ਸ਼ੇਖੂਪੁਰ ਦੇ ਚੱਕ ਨੰਬਰ 119 (ਪਿੰਡ ਭੁਲੇਰ) ਵਿਖੇ 31 ਅਗਸਤ 1947 ਨੂੰ ਵਾਪਰਿਆ ਇੱਕ ਅਜਿਹਾ ਖ਼ੂਨੀ ਸਾਕਾ ਸੀ, ਜਿਸ ਵਿੱਚ ਹਜ਼ਾਰਾਂ ਦੀ ਮੁਤੱਸਬੀ ਮੁਸਲਮਾਨਾਂ ਦੀ ਭੀੜ ਦਾ ਸਿੱਖਾਂ ਨੇ ਬੜੀ ਬਹਾਦਰੀ ਨਾਲ ਟਾਕਰਾ ਕੀਤਾ ਸੀ ਅਤੇ ਇਸ ਦੌਰਾਨ 300 ਤੋਂ ਵੱਧ ਸਿੱਖਾਂ ਦੀਆਂ ਸ਼ਹੀਦੀਆਂ ਹੋਈਆਂ ਸਨ। ਆਪਣੀ ਇੱਜ਼ਤ-ਪੱਤ ਨੂੰ ਬਚਾਉਣ ਲਈ ਸਿੱਖ ਔਰਤਾਂ ਤੇ ਨੌਜਵਾਨ ਕੁੜੀਆਂ ਨੇ ਖੂਹਾਂ ਵਿੱਚ ਛਾਲਾਂ ਮਾਰ ਕੇ ਆਪਣੀ ਜ਼ਿੰਦਗੀ ਖਤਮ ਕਰ ਲਈ ਅਤੇ ਜਦੋਂ ਖੂਹ ਵੀ ਲਾਸ਼ਾਂ ਨਾਲ ਭਰ ਗਿਆ ਤਾਂ ਨੌਜਵਾਨ ਧੀਆਂ ਨੇ ਆਪ ਆਪਣੇ ਬਾਪ-ਭਰਾਵਾਂ ਕੋਲੋਂ ਆਪਣੀਆਂ ਧੌਣਾਂ ਲੁਹਾ ਕੇ ਸ਼ਹੀਦੀਆਂ ਪਾ ਲਈਆਂ। ਸਾਕਾ ਭੁਲੇਰ 1947 ਦੀ ਵੰਡ ਦਾ ਉਹ ਖ਼ੂਨੀ ਦੁਖਾਂਤ ਹੈ, ਜਿਸ ਵਰਗਾ ਸਾਕਾ ਸ਼ਾਇਦ ਹੀ ਕਿਤੇ ਹੋਰ ਵਾਪਰਿਆ ਹੋਵੇ।

ਸਾਕਾ ਭੁਲੇਰ ਵਿੱਚੋਂ ਬਚ ਕੇ ਆਏ ਪਰਿਵਾਰ ਬਟਾਲਾ ਸ਼ਹਿਰ ਵਿਖੇ ਆਬਾਦ ਹਨ ਅਤੇ ਉਸ ਸਾਕੇ ਨੂੰ ਆਪਣੀ ਅੱਖੀਂ ਦੇਖਣ ਵਾਲੇ ਬਾਪੂ ਪ੍ਰਿਥੀਪਾਲ ਸਿੰਘ ਅੱਜ ਵੀ ਜਦੋਂ ਸਾਕੇ ਦੀ ਗੱਲ ਕਰਦੇ ਹਨ ਤਾਂ ਉਨ੍ਹਾਂ ਦੀਆਂ ਅੱਖਾਂ ਵਿੱਚੋਂ ਹੰਝੂ ਆਪ-ਮੁਹਾਰੇ ਨਿਕਲ ਤੁਰਦੇ ਹਨ। ਬਾਪੂ ਪ੍ਰਿਥੀਪਾਲ ਸਿੰਘ ਦੀ ਉਮਰ 1947 ਵਿੱਚ 13 ਸਾਲ ਦੀ ਸੀ ਅਤੇ ਉਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਉਨ੍ਹਾਂ ਦੀ ਮਾਂ ਮਹਿੰਤ ਕੌਰ ਨੇ ਆਪਣੀ ਇੱਜ਼ਤ ਬਚਾਉਣ ਖਾਤਰ ਖੂਹ ਵਿੱਚ ਛਾਲ ਮਾਰ ਦਿੱਤੀ ਸੀ। ਪ੍ਰਿਥੀਪਾਲ ਸਿੰਘ ਦੱਸਦੇ ਹਨ ਕਿ 300 ਦੇ ਕਰੀਬ ਸ਼ਹੀਦੀਆਂ ਵਿੱਚੋਂ 200 ਦੇ ਕਰੀਬ ਸ਼ਹੀਦੀਆਂ ਤਾਂ ਔਰਤਾਂ ਤੇ ਨੌਜਵਾਨ ਕੁੜੀਆਂ ਦੀਆਂ ਹੀ ਸਨ।

ਸਾਕਾ ਭੁਲੇਰ ਦੇ ਅੱਖੀਂ ਦੇਖੇ ਖ਼ੂਨੀ ਵਰਤਾਰੇ ਨੂੰ ਬਿਆਨ ਕਰਦਿਆਂ ਬਾਪੂ ਪ੍ਰਿਥੀਪਾਲ ਸਿੰਘ ਦੱਸਦੇ ਹਨ ਕਿ ਉਨ੍ਹਾਂ ਦਾ ਪਿੰਡ ਭੁਲੇਰ (ਚੱਕ ਨੰਬਰ-119) ਜ਼ਿਲ੍ਹਾ ਸ਼ੇਖੂਪੁਰਾ, ਸਾਂਗਲਾ ਹਿੱਲ ਦੇ ਨਜ਼ਦੀਕ ਸੀ। ਭੁਲੇਰ ਪਿੰਡ ਵਿੱਚ ਬਹੁ-ਗਿਣਤੀ ਸਿੱਖਾਂ ਦੀ ਸੀ ਅਤੇ ਸਾਰੇ ਹੀ ਸਿੱਖਾਂ ਦੀ ਬਹੁਤ ਜ਼ਮੀਨ ਸੀ ਅਤੇ ਇਲਾਕੇ ਵਿੱਚ ਸਿੱਖ ਸਰਦਾਰਾਂ ਦਾ ਨਾਮ ਸੀ। ਅਗਸਤ 1947 ਵਿੱਚ ਜਦੋਂ ਦੇਸ਼ ਦੀ ਵੰਡ ਦੀ ਚਰਚਾ ਪੂਰੇ ਜ਼ੋਰਾਂ 'ਤੇ ਸੀ ਤਾਂ ਮਾਸਟਰ ਤਾਰਾ ਸਿੰਘ ਉਨ੍ਹਾਂ ਦੇ ਪਿੰਡ ਆਏ ਅਤੇ ਉਨ੍ਹਾਂ ਨੂੰ ਕਿਹਾ ਸੀ ਕਿ ਉਹ ਆਪਣਾ ਪਿੰਡ ਨਾ ਛੱਡਣ ਅਤੇ ਨਾ ਹੀ ਅਸੀਂ ਨਨਕਾਣਾ ਸਾਹਿਬ ਆਪਣੇ ਹੱਥੋਂ ਜਾਣ ਦੇਣਾ ਹੈ।

14 ਅਗਸਤ 1947 ਨੂੰ ਪਾਕਿਸਤਾਨ ਨਾਮ ਦਾ ਨਵਾਂ ਦੇਸ਼ ਹੋਂਦ ਵਿੱਚ ਆ ਗਿਆ ਅਤੇ ਉਨ੍ਹਾਂ ਦਾ ਪਿੰਡ ਭੁਲੇਰ ਤੇ ਜ਼ਿਲ੍ਹਾ ਸ਼ੇਖੂਪੁਰ ਪਾਕਿਸਤਾਨ ਵਿੱਚ ਆ ਗਿਆ ਸੀ। ਪਿੰਡ ਭੁਲੇਰ ਦੇ ਸਿੱਖ ਇਹ ਸੋਚਦੇ ਰਹੇ ਕਿ ਹਕੂਮਤਾਂ ਹੀ ਬਦਲਦੀਆਂ ਹੁੰਦੀਆਂ ਹਨ, ਕਦੀ ਲੋਕ ਵੀ ਆਪਣੇ ਘਰ ਛੱਡ ਕੇ ਕਿਤੇ ਚਲੇ ਜਾਂਦੇ ਹਨ! ਪਿੰਡ ਭੁਲੇਰ ਨੂੰ ਨਾ ਛੱਡਣ ਦਾ ਫੈਸਲਾ ਕਰਕੇ ਸਿੱਖ ਓਥੇ ਹੀ ਬੈਠੇ ਰਹੇ ਕਿ ਸ਼ਾਇਦ ਕੁਝ ਦਿਨਾਂ ਵਿੱਚ ਅਮਨ-ਅਮਾਨ ਹੋ ਜਾਵੇ। ਓਧਰ ਹਰ ਪਾਸੇ ਵੱਢ-ਟੁੱਕ ਦੀਆਂ ਖ਼ਬਰਾਂ ਸੁਣਨ ਨੂੰ ਮਿਲ ਰਹੀਆਂ ਸਨ, ਪਰ ਪਿੰਡ ਭੁਲੇਰ ਦੇ ਸਿੱਖ ਵਾਹਿਗੁਰੂ ਦੀ ਓਟ ਲੈ ਕੇ ਆਪਣੇ ਪਿੰਡ ਬੈਠੇ ਰਹੇ। ਭੁਲੇਰ ਦੇ ਆਸੇ-ਪਾਸੇ ਸਾਰੇ ਪਿੰਡ ਮੁਸਲਿਮ ਵਸੋਂ ਦੇ ਸਨ ਅਤੇ ਉਨ੍ਹਾਂ ਨੂੰ ਪਤਾ ਸੀ ਕਿ ਭੁਲੇਰੀਏ ਅਜੇ ਗਏ ਨਹੀਂ ਹਨ। ਉਨ੍ਹਾਂ ਦੀ ਅੱਖ ਪਿੰਡ ਭੁਲੇਰ ਦੇ ਮਾਲ-ਅਸਬਾਬ 'ਤੇ ਸੀ। ਸ਼ੁਰੂ ਵਿੱਚ ਨਾਲ ਦੇ ਪਿੰਡਾਂ ਦੇ ਮੁਸਲਮਾਨਾਂ ਵੱਲੋਂ ਲੁੱਟ-ਮਾਰ ਦੀਆਂ ਛੇੜਖਾਨੀਆਂ ਕੀਤੀਆਂ ਗਈਆਂ, ਪਰ ਸਿੱਖਾਂ ਨੇ ਸਫਲ ਨਾ ਹੋਣ ਦਿੱਤੀਆਂ।

ਸਾਰੇ ਇਲਾਕੇ ਵਿੱਚ ਇਹ ਪ੍ਰਚਾਰ ਹੋਣ ਲੱਗਾ ਕਿ ਸਿੱਖਾਂ ਨੇ ਸਾਡਾ ਚੜ੍ਹਦੇ ਪੰਜਾਬ ਵਿੱਚ ਬਹੁਤ ਨੁਕਸਾਨ ਕੀਤਾ ਹੈ ਅਤੇ ਇੱਥੇ ਪਿੰਡ ਭੁਲੇਰ ਵਿੱਚ ਸਿੱਖ ਸੁਰੱਖਿਅਤ ਕਿਉਂ ਬੈਠੇ ਹਨ...? ਆਖਰ 31 ਅਗਸਤ ਨੂੰ ਆਲੇ-ਦੁਆਲੇ ਦੇ ਪਿੰਡਾਂ ਦਾ ਹਜ਼ਾਰਾਂ ਦੀ ਗਿਣਤੀ ਦਾ ਹਜੂਮ ਢੋਲ ਵਜਾਉਂਦਾ ਪਿੰਡ ਭੁਲੇਰ 'ਤੇ ਚੜ੍ਹ ਆਇਆ। ਸਿੱਖਾਂ ਨੂੰ ਅਜਿਹੀ ਅਣਹੋਣੀ ਦਾ ਪਹਿਲਾਂ ਹੀ ਖਦਸਾ ਸੀ, ਸੋ ਉਨ੍ਹਾਂ ਨੇ ਆਪਣੀਆਂ ਔਰਤਾਂ, ਲੜਕੀਆਂ ਅਤੇ ਬੱਚਿਆਂ ਨੂੰ ਇੱਕ ਘਰ ਵਿੱਚ ਇਕੱਠਿਆਂ ਕਰ ਲਿਆ ਅਤੇ ਆਪ ਪਿੰਡ ਦੇ ਸਾਰੇ ਪਾਸੇ ਮੋਰਚਾਬੰਦੀ ਕਰਕੇ ਬੈਠ ਗਏ। ਭੁਲੇਰ ਦੇ ਸਰਦਾਰਾਂ ਕੋਲ ਕੁਝ ਬੰਦੂਕਾਂ ਸਨ ਅਤੇ ਜਦੋਂ ਨੇੜੇ ਆਏ ਹਜੂਮ ਨੂੰ ਰੋਕਣ ਲਈ ਉਨ੍ਹਾਂ ਗੋਲੀ ਚਲਾਈ ਤਾਂ ਕੁਝ ਮੁਸਲਮਾਨ ਢੇਰ ਹੋ ਗਏ। ਹਮਲਾਵਰਾਂ ਕੋਲ ਵੀ ਬੰਦੂਕਾਂ ਸਨ, ਸੋ ਉਨ੍ਹਾਂ ਨੇ ਵੀ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ।

ਸਿੱਖਾਂ ਕੋਲ ਹਥਿਆਰ ਤੇ ਗੋਲੀ ਸਿੱਕਾ ਸੀਮਤ ਸੀ, ਸੋ ਉਹ ਬੜੇ ਸੰਜਮ ਨਾਲ ਗੋਲੀ ਚਲਾਉਂਦੇ ਤਾਂ ਜੋ ਵੱਧ ਤੋਂ ਵੱਧ ਸਮਾਂ ਦੁਸ਼ਮਣ ਅੱਗੇ ਅੜ੍ਹ ਸਕੀਏ ਅਤੇ ਸ਼ਾਇਦ ਓਦੋਂ ਤੱਕ ਕਿਸੇ ਪਾਸਿਓਂ ਕੋਈ ਮਦਦ ਆ ਜਾਵੇ। ਆਖਰ ਹਜੂਮ ਹੌਲੇ ਕਰ-ਕਰ ਅੱਗੇ ਵੱਧਣ ਲੱਗਾ ਅਤੇ ਹਜ਼ਾਰਾਂ ਦੀ ਭੀੜ ਅੱਗੇ 100 ਕੁ ਸਿੱਖ ਜਵਾਨਾਂ ਦੀ ਕੋਈ ਪੇਸ਼ ਨਾ ਚੱਲੀ। ਹੁਣ ਹੱਥੋ-ਹੱਥ ਦੀ ਲੜਾਈ ਵਿੱਚ ਵੀ ਸਿੱਖਾਂ ਨੇ ਬੜੀ ਬਹਾਦਰੀ ਨਾਲ ਮੁਕਾਬਲਾ ਕੀਤਾ। ਜਦੋਂ ਬੇਵਾਹੀ ਹੁੰਦੀ ਦੇਖੀ ਤਾਂ ਸਿੱਖ ਬੀਬੀਆਂ ਅਤੇ ਨੌਜਵਾਨ ਮੁਟਿਆਰਾਂ ਨੇ ਆਪਣੀ ਇੱਜ਼ਤ ਬਚਾਉਣ ਲਈ ਖੂਹ ਵਿੱਚ ਛਾਲਾਂ ਮਾਰ ਦਿੱਤੀਆਂ। ਆਖਰ ਖੂਹ ਦਾ ਤਲ ਵੀ ਜਦੋਂ ਲਾਸ਼ਾਂ ਨਾਲ ਭਰ ਗਿਆ ਤਾਂ ਸਿੱਖ ਬੀਬੀਆਂ ਨੇ ਆਪਣੇ ਬਾਪ ਤੇ ਭਰਾਵਾਂ ਨੂੰ ਕਿਹਾ ਕਿ ਸਾਡੀ ਧੌਣ ਵੱਢ ਕੇ ਸਾਨੂੰ ਸ਼ਹੀਦ ਕਰ ਦੇਵੋ, ਪਰ ਸਾਨੂੰ ਬੇਇੱਜ਼ਤ ਹੋਣ ਲਈ ਜ਼ਿੰਦਾ ਨਾ ਰਹਿਣ ਦੇਣਾ। ਪ੍ਰਿਥੀਪਾਲ ਸਿੰਘ ਦੱਸਦੇ ਹਨ ਕਿ ਜਿਸ ਘਰ ਵਿੱਚ ਔਰਤਾਂ ਤੇ ਬੱਚੇ ਇਕੱਠੇ ਹੋਏ ਸਨ, ਓਥੇ ਬਹੁਤ ਸਾਰੀਆਂ ਸਿੱਖ ਬੀਬੀਆਂ ਨੇ ਬੜੀ ਬਹਾਦਰੀ ਨਾਲ ਖੁਦ ਆਪਣੀਆਂ ਧੌਣਾਂ ਕਲਮ ਕਰਵਾ ਲਈਆਂ, ਹਰ ਪਾਸੇ ਖੂਨ ਹੀ ਖੂਨ ਸੀ ਅਤੇ ਉਹ ਭਿਆਨਕ ਸਮਾਂ ਮੈਂ ਕਦੀ ਨਹੀਂ ਭੁੱਲ ਸਕਦਾ।

ਪ੍ਰਿਥੀਪਾਲ ਸਿੰਘ ਨੇ ਦੱਸਿਆ ਕਿ ਅਖੀਰ ਧਾੜਵੀਆਂ ਦਾ ਹਜੂਮ ਹਾਵੀ ਹੋ ਗਿਆ ਅਤੇ ਉਨ੍ਹਾਂ ਪਿੰਡ ਦੇ ਘਰਾਂ ਵਿੱਚ ਵੜ ਕੇ ਲੁੱਟ-ਮਾਰ ਕਰਨੀ ਸ਼ੁਰੂ ਕਰ ਦਿੱਤੀ। ਅਖੀਰ ਅਗਲੇ ਦਿਨ ਸਿੱਖਾਂ ਦਾ ਇੱਕ ਜਥਾ ਭੁਲੇਰੀਆਂ ਦੀ ਮਦਦ ਲਈ ਪੁੱਜਾ ਅਤੇ ਜਦੋਂ ਸਿੱਖਾਂ ਨੇ ਜੈਕਾਰੇ ਗਜਾਏ ਤਾਂ ਸਭ ਧਾੜਵੀ ਓਥੋਂ ਭੱਜ ਗਏ। ਜਥੇ ਨੇ ਤੁਰੰਤ ਜ਼ਖਮੀਆਂ ਦੀ ਭਾਲ ਕਰਨੀ ਸ਼ੁਰੂ ਕਰ ਦਿੱਤੀ ਅਤੇ ਪਰ ਬਹੁਤ ਥੋੜ੍ਹੇ ਲੋਕ ਇਸ ਸਾਕੇ ਵਿੱਚ ਬਚੇ ਸਨ।

ਅਖੀਰ ਵਿੱਚ ਬਚ ਗਏ ਭੁਲੇਰ ਵਾਸੀਆਂ ਨੂੰ ਅੰਮ੍ਰਿਤਸਰ ਦੇ ਸ਼ਰਨਾਰਥੀ ਕੈਂਪ ਵਿੱਚ ਪਹੁੰਚਾਇਆ ਗਿਆ, ਜਿਥੇ ਮਾਸਟਰ ਤਾਰਾ ਸਿੰਘ ਉਨ੍ਹਾਂ ਦਾ ਪਤਾ ਲੈਣ ਆਏ। ਮਾਸਟਰ ਤਾਰਾ ਸਿੰਘ ਨੇ ਹਿੰਦ ਹਕੂਮਤ ਨੂੰ ਕਿਹਾ ਕਿ ਭੁਲੇਰ ਵਾਸੀਆਂ ਦਾ ਬਹੁਤ ਵੱਡਾ ਨੁਕਸਾਨ ਹੋਇਆ ਹੈ ਇਸ ਲਈ ਇਨ੍ਹਾਂ ਦੇ ਮੁੜ-ਵਸੇਬੇ ਦਾ ਸਭ ਤੋਂ ਪਹਿਲਾਂ ਪ੍ਰਬੰਧ ਕੀਤਾ ਜਾਵੇ। ਆਖਰ ਹਕੂਮਤ ਨੇ ਉਜਾੜੇ ਦੇ ਮਾਰੇ ਭੁਲੇਰੀਆਂ ਨੂੰ ਬਟਾਲਾ ਸ਼ਹਿਰ ਅਤੇ ਇਸਦੇ ਨਾਲ ਲੱਗਦੇ ਪਿੰਡਾਂ ਵਿੱਚ ਮੁਸਲਮਾਨਾਂ ਦੀਆਂ ਜ਼ਮੀਨਾਂ ਅਲਾਟ ਕੀਤੀਆਂ।

ਭੁਲੇਰ ਵਾਸੀ ਅੱਜ ਬਟਾਲਾ ਵਿੱਚ ਚੰਗੀ ਜ਼ਿੰਦਗੀ ਬਸਰ ਕਰ ਰਹੇ ਹਨ, ਪਰ ਉਹ ਕਦੀ ਵੀ 1947 ਦੇ ਸਾਕੇ ਨੂੰ ਭੁੱਲੇ ਨਹੀਂ। ਭੁਲੇਰੀਆਂ ਨੇ ਬਟਾਲਾ ਸ਼ਹਿਰ ਵਿੱਚ ਹਾਥੀ ਗੇਟ ਦੇ ਅੰਦਰਵਾਰ ਅਤੇ ਇੱਕ ਨਵੀਂ ਯਾਦਗਾਰ ਹਾਥੀ ਗੇਟ ਦੇ ਬਾਹਰਵਾਰ ਸਾਕਾ ਭੁਲੇਰ ਦੇ ਸ਼ਹੀਦਾਂ ਦੀ ਯਾਦਗਾਰ ਬਣਾਈ ਹੈ, ਜਿੱਥੇ ਹਰ ਸਾਲ 31 ਅਗਸਤ ਨੂੰ ਸ਼ਹੀਦਾਂ ਦੀ ਯਾਦ ਮਨਾਉਂਦੇ ਹਨ। ਸ੍ਰੀ ਹਰਿਮੰਦਰ ਸਾਹਿਬ ਦੇ ਘੰਟਾ ਘਰ ਪ੍ਰਵੇਸ਼ ਦੁਆਰ ਦੇ ਅੰਦਰ ਵੀ ਸਾਕਾ ਭੁਲੇਰ ਦੇ ਕੁਝ ਸ਼ਹੀਦਾਂ ਦੇ ਨਾਮ ਉਕਰੇ ਹੋਏ ਹਨ।

ਬਾਪੂ ਪ੍ਰਿਥੀਪਾਲ ਸਿੰਘ ਦਾ ਕਹਿਣਾ ਹੈ ਕਿ ਸੰਨ 1947 ਵਿੱਚ ਅਸੀਂ ਤਾਂ ਆਪਣਾ ਸਭ ਕੁਝ ਹੀ ਗਵਾ ਲਿਆ-ਆਪਣੇ ਜੀਅ, ਧਨ ਦੌਲਤ, ਜ਼ਮੀਨਾਂ। ਇਸ ਸਾਕੇ ਵਿੱਚ ਤਾਂ ਕਈ ਪੂਰੇ ਦੇ ਪੂਰੇ ਪਰਿਵਾਰ ਹੀ ਖਤਮ ਹੋ ਗਏ। ਅੱਜ ਦੀ ਪੀੜ੍ਹੀ ਨੂੰ 1947 ਦੇ ਜ਼ਖਮ ਦਾ ਨਹੀਂ ਪਤਾ, ਪਰ ਉਹ ਕਿੰਨਾ ਭਿਆਨਕ ਸਮਾਂ ਸੀ, ਉਹ ਅਸੀਂ ਜਾਂ ਸਾਡੇ ਵਰਗੇ ਹੋਰ ਲੋਕ ਜਿਨ੍ਹਾਂ ਨੇ ਆਪਣੇ ਜੀਅ ਇਸ ਰੌਲੇ ਵਿੱਚ ਗੁਆਏ ਸਨ, ਉਨ੍ਹਾਂ ਤੋਂ ਵੱਧ ਕੋਈ ਨਹੀਂ ਜਾਣਦਾ। ਇੰਨਾ ਕਹਿੰਦਿਆਂ ਬਾਪੂ ਪ੍ਰਿਥੀਪਾਲ ਸਿੰਘ ਦੀਆਂ ਅੱਖਾਂ ਵਿੱਚੋਂ ਹੰਝੂ ਵਹਿ ਤੁਰਦੇ ਹਨ ਅਤੇ ਜ਼ਬਾਨ ਖਾਮੋਸ਼ ਹੋ ਜਾਂਦੀ ਹੈ। ਉਸ ਦੁੱਖ ਭਰੀ ਦਾਸਤਾਨ ਨੂੰ ਬਿਆਨ ਕਰਨ ਲਈ ਸ਼ਾਇਦ ਸ਼ਬਦ ਹੈ ਵੀ ਨਹੀਂ। ਇਸ ਸ਼ਹੀਦੀ ਸਾਕੇ ਬਾਰੇ ਹੋਰ ਜਾਣਕਾਰੀ ਡਾ. ਵਿਰਸਾ ਸਿੰਘ ਬਾਜਵਾ ਦੀ ਕਿਤਾਬ 'ਸ਼ਹੀਦੀ ਸਾਕਾ ਭੁਲੇਰ' ਪੜ੍ਹੀ ਜਾ ਸਕਦੀ ਹੈ। ਡਾ. ਬਾਜਵਾ ਨੇ ਭੁਲੇਰ ਦੀ ਲੜਾਈ ਲੜੀ ਸੀ।



ਸ੍ਰੀ ਹਰਿਮੰਦਰ ਸਾਹਿਬ ਦੇ ਘੰਟਾ ਘਰ ਵਾਲੇ ਪ੍ਰਵੇਸ਼ ਦੁਵਾਰ 'ਤੇ 'ਸਾਕਾ ਭੁਲੇਰ' ਦੇ ਸ਼ਹੀਦਾਂ ਦੇ ਉਕਰੇ ਹੋਏ ਨਾਂਵਾਂ ਵਾਲੀ ਸਿੱਲ



ਬਾਪੂ ਪ੍ਰਿਥੀਪਾਲ ਸਿੰਘ



ਡਾ. ਵਿਰਸਾ ਸਿੰਘ ਬਾਜਵਾ ਦੀ ਫੋਟੋ ਨਾਲ ਉਨ੍ਹਾਂ ਦੇ ਬੇਟੇ ਕੁਲਵੰਤ ਸਿੰਘ

## ਵੰਡ '47 ਦੀ...

'ਅੰਗਰੇਜ਼ ਦੇ ਵਤੀਰੇ ਦੀ ਸਖ਼ਤ ਨਿਖੇਧੀ ਕਰਦੇ ਹੋਏ ਵਿਦੇਸ਼ੀ ਸਰਕਾਰ ਦੇ ਦਿੱਤੇ ਖ਼ਿਤਾਬ ਵਾਪਸ ਕਰ ਦੇਣ।' ਕਈ ਮੈਂਬਰਾਂ ਨੇ ਉਸੇ ਵੇਲੇ ਆਪਣੇ ਖ਼ਿਤਾਬ ਛੱਡਣ ਦਾ ਐਲਾਨ ਕਰ ਦਿੱਤਾ। ਇਜਲਾਸ ਵਿੱਚ ਮਾਹੌਲ ਬਹੁਤ ਜੋਸ਼ੀਲਾ ਤੇ ਭੜਕਾਊ ਹੋ ਗਿਆ ਸੀ।

### ਮੁਸਲਿਮ ਲੀਗ ਵੱਲੋਂ ਡਾਇਰੈਕਟ ਐਕਸ਼ਨ ਦਾ ਐਲਾਨ

ਇਸ ਗਰਮ ਮਾਹੌਲ ਵਿੱਚ ਕੌਂਸਲ ਨੇ ਇਹ ਮਤਾ ਪਾਸ ਕੀਤਾ, "ਜਦੋਂ ਕਿ ਲੀਗ, ਕਾਂਗਰਸ ਦੀ ਇੰਤਹਾਪਸੰਦੀ ਤੇ ਬਰਤਾਨਵੀ ਸਰਕਾਰ ਦੀ ਮੁਸਲਮਾਨਾਂ ਨਾਲ ਗੱਦਾਰੀ ਕਰਨ ਤੇ ਅੱਜ ਕੈਬਨਿਟ ਮਿਸ਼ਨ ਦੀਆਂ 16 ਮਈ ਦੀਆਂ ਤਜਵੀਜ਼ਾਂ ਨੂੰ ਰੱਦ ਕਰਦੀ ਹੈ ਅਤੇ ਜਦੋਂ ਕਿ ਹਿੰਦੁਸਤਾਨ ਦੇ ਮੁਸਲਮਾਨਾਂ ਨੇ ਹਰੇਕ ਤਰੀਕੇ ਤੇ ਸ਼ਾਂਤਮਈ ਸਮਝੌਤੇ ਨਾਲ ਹਿੰਦ ਦੇ ਮਸਲੇ ਨੂੰ ਹੱਲ ਕਰਨ ਦੇ ਸਭ ਯਤਨ ਕਰ ਵੇਖੇ ਹਨ; ਜਦੋਂ ਕਿ ਕਾਂਗਰਸ ਅੰਗਰੇਜ਼ੀ ਸਰਕਾਰ ਦੀ ਸ਼ਹਿ 'ਤੇ ਹਿੰਦ ਵਿੱਚ ਹਿੰਦੂ ਰਾਜ ਸਥਾਪਤ ਕਰਨ ਲਈ ਤੁਲੀ ਹੋਈ ਹੈ; ਜਦੋਂ ਕਿ ਸੱਜਰੀਆਂ ਘਟਨਾਵਾਂ ਦੱਸਦੀਆਂ ਹਨ ਕਿ ਹਿੰਦ ਦੇ ਰਾਜਸੀ ਮਸਲਿਆਂ ਵਿੱਚ ਹੁੱਲੜਬਾਜ਼ੀ ਦਾ ਜ਼ੋਰ ਹੈ ਨਾ ਕਿ ਇਨਸਾਫ ਤੇ ਈਮਾਨਦਾਰੀ ਦਾ, ਜਦੋਂ ਕਿ ਹਿੰਦੁਸਤਾਨ ਦੇ ਮੁਸਲਮਾਨ ਕਦੀ ਵੀ ਆਜ਼ਾਦ ਪਾਕਿਸਤਾਨ ਤੋਂ ਘੱਟ ਕਿਸੇ ਗੱਲ ਨਾਲ ਕਦੀ ਵੀ ਸੰਤੁਸ਼ਟ ਨਹੀਂ ਹੋਣਗੇ ਅਤੇ ਪੂਰੀ ਤਾਕਤ ਨਾਲ ਕਿਸੇ ਵਿਧਾਨ ਦੇ ਲਾਗੂ ਕਰਨ ਦੇ ਯਤਨਾਂ ਦਾ ਟਾਕਰਾ ਕਰਨਗੇ ਭਾਵੇਂ ਉਹ ਵਿਧਾਨ ਥੋੜ੍ਹੇ ਚਿਰ ਲਈ ਹੋਵੇ ਭਾਵੇਂ ਬਹੁਤੇ ਚਿਰ ਲਈ। ਜੇਕਰ ਉਹ ਰਾਜ-ਬਣਤਰ ਮੁਸਲਿਮ ਲੀਗ ਦੇ ਆਸ਼ੇ ਦੇ ਉਲਟ ਬਣਾਈ ਗਈ, ਮੁਸਲਿਮ ਲੀਗ ਦੀ ਕੌਂਸਲ ਦਾ ਨਿਸ਼ਚਾ ਹੈ ਕਿ ਮੁਸਲਮਾਨ ਕੌਮ ਲਈ ਆਪਣੇ ਅਣਖ ਤੇ ਇੱਜ਼ਤ ਦਾ ਸਬੂਤ ਦੇਣ ਲਈ ਅਤੇ ਅੰਗਰੇਜ਼ ਦੀ ਗ਼ੁਲਾਮੀ ਤੋਂ ਛੁਟਕਾਰਾ ਪਾਉਣ ਲਈ ਡਾਇਰੈਕਟ ਐਕਸ਼ਨ ਕਰਨ ਦਾ ਸਮਾਂ ਆ ਗਿਆ ਹੈ।" ਮੁਸਲਿਮ ਲੀਗ ਵੱਲੋਂ ਅੰਗਰੇਜ਼ਾਂ ਦੇ ਖਿਲਾਫ ਅਜਿਹੀ ਬਿਆਨਬਾਜ਼ੀ ਦੇ ਮੱਦੇਨਜ਼ਰ ਇਹ ਕਿਵੇਂ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਵੱਲੋਂ ਪਾਕਿਸਤਾਨ ਦੀ ਮੰਗ ਅੰਗਰੇਜ਼ਾਂ ਦੇ ਇਸ਼ਾਰੇ 'ਤੇ ਸੀ?

### ਜਿਨਾਹ ਦਾ ਐਲਾਨ

29 ਜੁਲਾਈ ਨੂੰ ਬੰਬਈ ਵਿੱਚ ਹੀ ਜਿਨਾਹ ਨੇ ਹਜ਼ਾਰਾਂ ਮੁਸਲਮਾਨਾਂ ਸਾਹਮਣੇ ਤਕਰੀਰ ਕਰਦਿਆਂ 16 ਅਗਸਤ 1946 ਨੂੰ ਡਾਇਰੈਕਟ ਐਕਸ਼ਨ ਭਾਵ ਦੋ-ਦੋ ਹੱਥ ਕਰਨ ਦਾ ਦਿਨ ਮਿੱਥ ਦਿੱਤਾ। ਕਾਂਗਰਸ ਨੂੰ ਸੰਬੋਧਨ ਹੁੰਦਿਆਂ ਉਸਨੇ ਕਿਹਾ, "ਜੇ ਤੁਸੀਂ ਅਮਨ ਚਾਹੁੰਦੇ ਹੋ ਤਾਂ ਅਸੀਂ ਜੰਗ ਨਹੀਂ ਚਾਹੁੰਦੇ। ਜੇ ਤੁਸੀਂ ਜੰਗ ਚਾਹੁੰਦੇ ਹੋ ਤਾਂ ਉਹ ਵੀ ਅਸੀਂ ਬੇ-ਝਿਜਕ ਕਬੂਲਦੇ ਹਾਂ। ਅਸੀਂ ਜਾਂ ਤਾਂ ਹਿੰਦ ਦਾ ਵੰਡਾਰਾ ਕਰਾਂਗੇ ਜਾਂ ਸਾਰਾ ਤਬਾਹ ਕਰਾਂਗੇ।" ਮੁਸਲਮ ਲੀਗੀ ਇਹ ਸੁਣ ਕੇ ਆਪਣੀਆਂ ਸੀਟਾਂ ਤੋਂ ਉਛਲ ਪਏ, ਆਪਣੀਆਂ ਫੈਜ਼ੀ ਟੋਪੀਆਂ ਹਵਾ ਵਿੱਚ ਸੁੱਟ ਦਿੱਤੀਆਂ ਤੇ ਆਕਾਸ਼ 'ਪਾਕਿਸਤਾਨ ਜ਼ਿੰਦਾਬਾਦ' ਦੇ ਨਾਅਰਿਆਂ ਨਾਲ ਕੰਬ ਉਠਿਆ। ਮੁਸਲਮਾਨਾਂ ਵੱਲੋਂ ਜਿਨਾਹ ਦੀ ਤਕਰੀਰ ਨਾਲ ਐਨੇ ਜੋਸ਼ ਵਿੱਚ ਆਉਣ ਦਾ ਭਾਵ ਇਹ ਸੀ ਕਿ ਉਨ੍ਹਾਂ ਦੇ ਲੀਡਰ ਦੀ ਤਕਰੀਰ ਨੇ ਉਨ੍ਹਾਂ ਦੀਆਂ ਭਾਵਨਾਵਾਂ ਦੀ ਤ੍ਰਿਪਤੀ ਕੀਤੀ ਹੈ। ਅਸਲ ਗੱਲ ਇਹ ਨਹੀਂ ਸੀ ਕਿ ਜੋ ਜਿਨਾਹ ਕਹਿੰਦਾ ਸੀ ਇਹ ਸਿਰਫ ਉਸਦੀ ਆਪਣੀ ਹੀ ਸੋਚ ਸੀ, ਬਲਕਿ ਉਹਦੀ ਸੋਚ ਹਿੰਦੁਸਤਾਨ ਦੇ ਲਗਭਗ ਸਮੁੱਚੇ ਮੁਸਲਮਾਨਾਂ ਦੀ ਤਰਜਮਾਨੀ ਕਰਦੀ ਸੀ। 1946 ਦੀਆਂ ਚੋਣਾਂ ਉਹਨੇ ਪਾਕਿਸਤਾਨ ਦੇ ਮੁੱਦੇ 'ਤੇ ਹੀ ਲੜੀਆਂ ਸਨ ਤੇ ਉਹਨੂੰ ਲਾਮਿਸਾਲ ਕਾਮਯਾਬੀ ਮਿਲੀ ਸੀ। ਜਦੋਂ ਪੱਤਰਕਾਰਾਂ ਨੇ ਜਿਨਾਹ ਤੋਂ ਡਾਇਰੈਕਟ ਐਕਸ਼ਨ ਡੇ ਦਾ ਮਤਲਬ ਪੁੱਛਿਆ ਤਾਂ ਉਹਨੇ ਕਿਹਾ, "ਮੇਰੇ ਕੋਲੋਂ ਡਾਇਰੈਕਟ ਐਕਸ਼ਨ ਦਾ ਮਤਲਬ ਕਿਉਂ ਪੁਛਦੇ ਹੋ? ਕਾਂਗਰਸ ਕੋਲ ਜਾਓ। ਉਨ੍ਹਾਂ ਕੋਲੋਂ ਉਨ੍ਹਾਂ ਦੀਆਂ ਵਿਉਂਤਾਂ ਪੁੱਛੋ। ਜੇ ਉਹ ਤੁਹਾਨੂੰ ਦੱਸ ਦੇਣਗੇ ਤਾਂ ਮੈਂ ਵੀ ਦੱਸ ਦੇਵਾਂਗਾ। ਮੇਰੇ ਕੋਲੋਂ ਕਿਉਂ ਆਸ ਰੱਖਦੇ ਹੋ ਕਿ ਮੈਂ ਹੱਥ ਜੋੜ ਕੇ ਬੈਠਾ ਰਹਾਂ? ਮੈਂ ਵੀ ਹੁਣ ਅੰਦੋਲਨ ਕਰਨ ਵਾਲਾ ਹਾਂ। ਅਸੀਂ ਆਤਮ ਰੱਖਿਆ ਲਈ ਵਿਧਾਨਕ ਤਰੀਕਿਆਂ ਦਾ ਤਿਆਗ ਕਰਨ ਲਈ ਮਜਬੂਰ ਹਾਂ।" ਇਹ ਗੱਲਾਂ ਸਪੱਸ਼ਟ ਕਰਦੀਆਂ ਸਨ ਕਿ ਡਾਇਰੈਕਟ ਐਕਸ਼ਨ ਰਾਹੀਂ ਜ਼ਰੂਰ ਫਸਾਦ ਪੈਦਾ ਹੋਵੇਗਾ, ਜੋ ਕਿ ਹੋ ਕੇ ਰਿਹਾ।

(ਅਗਲੀ ਕਿਸ਼ਤ ਅਗਲੇ ਅੰਕ ਵਿੱਚ ਪੜ੍ਹੋ)

# 'ਸ਼ਿਕਾਗੋ ਕਬੱਡੀ ਕੱਪ' ਵਿੱਚ ਖੇਡਾਂ ਤੇ ਗਾਇਕੀ ਦੇ ਰੰਗ ਖਿੜੇ

*ਕਬੱਡੀ ਕੱਪ ਨਾਰਥ ਅਮੈਰਿਕਾ ਹਰਖੋਵਾਲ-ਚੜ੍ਹਦਾ ਪੰਜਾਬ ਦੀ ਸਾਂਝੀ ਟੀਮ ਨੇ ਜਿੱਤਿਆ
*ਰੱਸਾਕੱਸ਼ੀ ਦੌਰਾਨ ਜ਼ੋਰ-ਅਜ਼ਮਾਈ ਵਿੱਚ ਚੜ੍ਹਦੀ ਕਲਾ-ਗਰੀਨਫੀਲਡ ਟੀਮ ਮੋਹਰੀ
*ਵਾਲੀਬਾਲ ਮੁਕਾਬਲਿਆਂ ਵਿੱਚ ਮਿਲਵਾਕੀ ਸਪੋਰਟਸ ਕਲੱਬ ਦੀ ਟੀਮ ਪ੍ਰਥਮ ਰਹੀ

ਕੁਲਜੀਤ ਦਿਆਲਪੁਰੀ

**ਸ਼ਿਕਾਗੋ:** ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਸ਼ਿਕਾਗੋ (ਮਿਡਵੈਸਟ) ਦੇ ਸਾਲਾਨਾ ਕਬੱਡੀ ਕੱਪ ਵਿੱਚ ਕਬੱਡੀ ਟੀਮਾਂ ਨੇ ਤਾਂ ਵਧੀਆ ਪ੍ਰਦਰਸ਼ਨ ਕੀਤਾ ਹੀ; ਪਰ ਰੱਸਾਕਸ਼ੀ, ਵਾਲੀਬਾਲ ਅਤੇ ਸਥਾਨਕ ਨੌਜਵਾਨ ਮੁੰਡੇ-ਕੁੜੀਆਂ ਵੱਲੋਂ ਗਤਕੇ ਦੇ ਦਿਖਾਏ ਜੌਹਰ ਵੀ ਦਿਲਚਸਪ ਸਨ। ਕਬੱਡੀ ਦਾ ਫਾਈਨਲ ਮੈਚ ਤਾਂ ਕਈਆਂ ਨੇ ਪੱਬਾਂ ਭਾਰ ਹੋ ਹੋ ਕੇ ਵੇਖਿਆ ਅਤੇ ਕਬੱਡੀ ਕੁਮੈਂਟੇਟਰਾਂ ਨੇ ਸ਼ੇਅਰੋ-ਸ਼ਾਇਰੀ ਨਾਲ ਕਬੱਡੀ ਦੇ ਮੈਚਾਂ ਦਾ ਸਵਾਦ ਹੋਰ ਵੀ ਵਧਾ ਦਿੱਤਾ ਸੀ। ਆਪਣੀ ਖੇਡ ਨਾਲ ਦਰਸ਼ਕਾਂ ਦੀਆਂ ਤਾੜੀਆਂ ਬਟੋਰਨ ਲਈ ਜਿੱਥੇ ਖਿਡਾਰੀ ਜ਼ੋਰ ਤੇ ਜੁਗਤ ਨਾਲ ਖੇਡ ਰਹੇ ਸਨ, ਉਥੇ ਧਾਵੀਆਂ ਦੇ ਧਾਵਿਆਂ ਉਤੇ ਅਤੇ ਜਾਫੀਆਂ ਦੇ ਜੱਫਿਆਂ ਉਤੇ ਡਾਲਰ ਵਾਰਨ ਦੇ ਐਲਾਨ ਵੀ ਹੋ ਰਹੇ ਸਨ। ਕਬੱਡੀ ਦੇ ਨਜ਼ਾਰੇ ਵੇਖ ਵੇਖ ਖੇਡ ਪ੍ਰੇਮੀ ਉਤਸ਼ਾਹੀ ਸਨ। ਮੇਲੇ ਵਿੱਚ ਮਿਡਵੈਸਟ ਦੀਆਂ ਭਾਈਚਾਰਕ ਸ਼ਖਸੀਅਤਾਂ ਤੋਂ ਇਲਾਵਾ ਅਮਰੀਕੀ ਮੂਲ ਦੇ ਸਥਾਨਕ ਸਿਆਸਤਦਾਨ ਤੇ ਪ੍ਰਸ਼ਾਸਨਿਕ ਅਧਿਕਾਰੀ ਵੀ ਪਹੁੰਚੇ ਹੋਏ ਸਨ।

ਮੇਲੇ ਦੀ ਸ਼ੁਰੂਆਤ ਅਕਾਲ ਪੁਰਖ ਦੇ ਸ਼ੁਕਰਾਨੇ ਦੀ ਅਰਦਾਸ ਨਾਲ ਹੋਈ। ਕਬੱਡੀ ਦੇ ਪਹਿਲੇ ਮੈਚ ਤੱਕ ਤਾਂ ਲੋਕ ਹਾਲੇ ਆ ਹੀ ਰਹੇ ਸਨ ਅਤੇ ਆਉਂਦਿਆਂ ਹੀ ਬਹੁਤੇ ਲੋਕ ਆਪਣੇ ਜਾਣੂੰਆਂ ਨਾਲ ਮਿਲਣ-ਗਿਲਣ ਅਤੇ ਚਾਹ-ਪਾਣੀ ਤੇ ਰੋਟੀ-ਟੁੱਕ ਛਕਣ ਵਿੱਚ ਰੁੱਝ ਗਏ। ਉਸ ਪਿੱਛੋਂ ਕਬੱਡੀ ਖਿਡਾਰੀ ਵੀ ਥੋੜ੍ਹਾ ਤੁਰਤ-ਫੁਰਤ ਹੋ ਗਏ ਅਤੇ ਦਰਸ਼ਕ ਵੀ ਸਟੇਜ ਦੇ ਨੇੜੇ ਜਾਂ ਕਬੱਡੀ ਮੈਦਾਨ ਦੇ ਹੰਧਿਆਂ ਦੁਆਲੇ ਦਰਖਤਾਂ ਤੇ ਟੈਂਟਾਂ ਥੱਲੇ ਡਾਹੀਆਂ ਕੁਰਸੀਆਂ ਉਤੇ ਬੈਠ ਗਏ। ਇੰਜ ਹੌਲੀ ਹੌਲੀ ਮੇਲੀਆਂ ਦੀ ਸ਼ਮੂਲੀਅਤ ਵਧਦੀ ਗਈ ਅਤੇ ਮੇਲੇ ਦਾ ਨਜ਼ਾਰਾ ਬੱਝ ਗਿਆ ਸੀ। ਕਲੱਬ ਵਾਲੇ ਵੇਲੇ ਸਿਰ ਹੀ ਪਹੁੰਚ ਗਏ ਸਨ ਅਤੇ ਆਪੋ-ਆਪਣੀਆਂ ਡਿਊਟੀਆਂ ਨਿਭਾਉਣ ਵਿੱਚ ਮੁਸ਼ਤੈਦ ਸਨ।




■ **ਕਬੱਡੀ ਦੇ ਨਜ਼ਾਰੇ:** (1) ਆਹ ਲਾ'ਤਾ ਜਕੜਜੰਦ... (2) ਐਂ ਤਾਂ ਨ੍ਹੀਂ ਮੈਂ ਜਾਣ ਦਿੰਦਾ...



ਇਸ ਕਬੱਡੀ ਕੱਪ ਵਿੱਚ ਕਬੱਡੀ ਦੀਆਂ ਚਾਰ ਟੀਮਾਂ ਭਿੜੀਆਂ, ਜਿਨ੍ਹਾਂ ਵਿੱਚ ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਮਿਡਵੈਸਟ, ਪੰਜਾਬ ਸਪੋਰਟਸ ਕਲੱਬ ਫਿਲਾਡੈਲਫੀਆ, ਬਾਬਾ ਸੰਗ ਜੀ ਕਬੱਡੀ ਕਲੱਬ ਮਿਡਵੈਸਟ ਅਤੇ ਨਾਰਥ ਅਮੈਰਿਕਾ ਹਰਖੋਵਾਲ-ਚੜ੍ਹਦਾ ਪੰਜਾਬ (ਸਾਂਝੀ ਟੀਮ) ਸ਼ਾਮਲ ਸਨ। ਫਾਈਨਲ ਮੈਚ ਨਾਰਥ ਅਮੈਰਿਕਾ ਹਰਖੋਵਾਲ-ਚੜ੍ਹਦਾ ਪੰਜਾਬ ਅਤੇ ਬਾਬਾ ਸੰਗ ਜੀ ਕਬੱਡੀ ਕਲੱਬ ਮਿਡਵੈਸਟ ਦੀਆਂ ਟੀਮਾਂ ਵਿਚਾਲੇ ਹੋਇਆ। ਦੋਵੇਂ ਟੀਮਾਂ ਦੇ ਖਿਡਾਰੀਆਂ ਨੇ 'ਕੱਲੇ-'ਕੱਲੇ ਅੰਕ ਲਈ ਪੂਰੀ ਜ਼ੋਰ-ਅਜ਼ਮਾਈ ਕੀਤੀ, ਪਰ ਨਾਰਥ ਅਮੈਰਿਕਾ ਹਰਖੋਵਾਲ-ਚੜ੍ਹਦਾ ਪੰਜਾਬ ਟੀਮ ਨੇ ਕਬੱਡੀ ਕੱਪ ਆਪਣੀ ਝੋਲੀ ਪਾ ਲਿਆ।

ਸੈਮੀ ਫਾਈਨਲ ਅਤੇ ਫਾਈਨਲ ਮੈਚ ਸਮੇਤ ਕੁਲ ਪੰਜ ਮੈਚ ਖੇਡੇ ਗਏ, ਜਿਸ ਦੌਰਾਨ ਬਰਾਬਰ ਦੇ ਖੇਡ ਪ੍ਰਦਰਸ਼ਨ ਕਾਰਨ ਲੱਖਾ ਕੋਟੇ ਜੱਟਾਂ ਤੇ ਕੱਦੂ ਰਸੂਲਪੁਰੀਆ ਵਧੀਆ ਜਾਫੀ ਐਲਾਨੇ ਗਏ, ਜਦਕਿ ਵਧੀਆ ਧਾਵੀ ਗਗਨ ਨਾਗਰਾ ਸੀ। 'ਰੰਗਲਾ ਪੰਜਾਬ' ਐਪਲਟਨ ਵੱਲੋਂ ਵਧੀਆ ਜਾਫੀਆਂ ਤੇ ਵਧੀਆ ਧਾਵੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਤੋਂ ਇਲਾਵਾ ਮਨੀ ਬੱਦੋਵਾਲੀਆ, ਪਾਨਾ ਧਾਲੀਵਾਲ, ਦੀਪ ਖਾਈ, ਲਵਲੀ ਸਹੇੜੀ, ਰੂਬੀ ਹਰਖੋਵਾਲ, ਸੇਠੀ ਹਰਖੋਵਾਲ, ਜਿੰਦਰ ਪੱਤੜ, ਕਮਲ ਟਿੱਬਾ, ਜੀਤ ਜੰਡੀ, ਤਾਜਾ ਕਾਲਾਸੰਘਿਆਂ, ਨਵਜੋਤ ਲੋਟਾ, ਕਰਨ ਵੈਨਕੂਵਰ ਆਦਿ ਖਿਡਾਰੀਆਂ ਨੇ ਵੀ ਆਪਣੀ ਖੇਡ ਦਾ ਚੰਗਾ ਪ੍ਰਦਰਸ਼ਨ ਕੀਤਾ। ਕੁਝ ਸ਼ੌਕੀਨ ਖਿਡਾਰੀਆਂ ਨੇ ਆਪਣੀਆਂ ਬਾਹਵਾਂ, ਡੌਲਿਆਂ, ਮੋਢਿਆਂ ਉਤੇ ਟੈਟੂ ਖੁਣਵਾਏ ਹੋਏ ਸਨ।

ਫਾਈਨਲ ਮੈਚ ਦਾ ਸਿਖਰ ਇਹ ਸੀ ਕਿ ਖਿਡਾਰੀਆਂ ਦਾ ਭੇੜ ਦੇਖਣ ਲਈ ਕੁਝ ਲੋਕ ਕੁਰਸੀਆਂ ਤੋਂ ਉਠ ਖੜ੍ਹੇ ਹੋਏ। ਕਈ ਦਰਸ਼ਕ ਇੰਨੇ ਉਤਸ਼ਾਹੀ ਹੋ ਗਏ ਸਨ ਕਿ ਉਹ ਆਪਣੇ ਆਪ ਨੂੰ ਨੱਚਣ ਤੋਂ ਰੋਕ ਨਾ ਸਕੇ। ਇੱਕ-ਇੱਕ ਪੁਆਇੰਟ ਲਈ ਖਿਡਾਰੀ ਵੀ ਸਰਗਰਮ ਸਨ ਅਤੇ ਕਲੱਬ ਵਾਲੇ ਵੀ ਹੋਰ ਫੁਰਤੀਲੇ ਹੋ ਗਏ ਸਨ। ਕੁਮੈਂਟੇਟਰ ਖਿਡਾਰੀਆਂ ਦਾ ਨਾਂ ਲੈ ਲੈ ਅੱਖੀਂ ਡਿੱਠਾ ਹਾਲ ਬਿਆਨ ਕਰ ਰਹੇ ਸਨ; ਪਰ ਨਾਲ ਦੀ ਨਾਲ ਕੁਝ ਖਾਸ ਸ਼ਖਸੀਅਤਾਂ ਦਾ ਨਾਂ ਵੀ ਵਾਰ ਵਾਰ ਮਾਈਕ ਤੋਂ ਬੋਲ ਰਹੇ ਸਨ।

ਜਦੋਂ ਕਬੱਡੀ ਮੈਚ ਦੌਰਾਨ ਕੁਮੈਂਟੇਟਰ ਇੱਕ ਕਬੱਡੀ ਖਿਡਾਰੀ ਦੀ ਤਾਰੀਫ ਵਿੱਚ ਬੋਲਿਆ, 'ਆੜ੍ਹਤੀਆਂ ਦੇ ਸਰਾਹਣੇ ਵਰਗਾ ਸਰੀਰ ਐ ਗੱਭਰੂ ਦਾ' ਤਾਂ ਦਰਸ਼ਕਾਂ ਦੀ ਇੱਕ ਟੋਲੀ ਖੂਬ ਹੱਸੀ ਕਿ ਕਈ ਵਾਰ ਤਾਂ ਕੁਮੈਂਟੇਟਰ ਅਜਿਹੀ ਸ਼ਬਦਾਵਲੀ ਵਰਤ ਜਾਂਦੇ ਹਨ, ਕਬੱਡੀ ਨਾਲੋਂ ਕੁਮੈਂਟਰੀ ਸੁਣਨ ਦਾ ਅਨੰਦ ਵੱਧ ਆਉਣ ਲੱਗ ਜਾਂਦਾ ਹੈ। ਜਦੋਂ ਕੋਈ ਖਿਡਾਰੀ ਰੇਡ ਪਾਉਣ ਜਾਂਦਾ ਤਾਂ ਕੁਮੈਂਟੇਟਰ ਬੋਲਦਾ, 'ਗੱਭਰੂ ਨੇ ਸੂਟ ਵੱਟੀ ਹੈ' ਤੇ 'ਉਡਾਣ ਭਰੀ ਐ' ਅਤੇ ਧਾਵੀਆਂ ਨੂੰ ਦੇਖ ਕੇ ਬੋਲਦਾ, 'ਇੱਕ ਪਾਸੇ ਚਾਰ ਐ ਤੇ ਚਾਰੇ ਤਿਆਰ ਐ।' ਕਿਸੇ ਤਕੜੇ ਜਾਫੀ ਦੀ ਤਾਰੀਫ ਵਿੱਚ ਬੋਲ ਗੂੰਜਦੇ, 'ਏਸ ਖਿਡਾਰੀ ਦਾ ਪੂਰਾ ਖੌਫ ਹੈ' ਤੇ ਨਾਲ ਹੀ ਧਾਵੀ ਨੂੰ ਸ਼ਸ਼ਕੇਰ ਦਿੰਦਾ, 'ਚੱਲ ਬਈ ਸੋਹਣਿਆ ਪਾ ਕਬੱਡੀ।' ਨਾਲ ਹੀ ਕੁਮੈਂਟੇਟਰ ਦਰਸ਼ਕਾਂ ਨੂੰ ਖਿਡਾਰੀਆਂ ਦੀ ਹੱਲਾਸ਼ੇਰੀ ਕਰਨ ਲਈ ਪ੍ਰੇਰ ਰਹੇ ਸਨ ਕਿ ਸੌ-ਸੌ, ਪੰਜਾਹ-ਪੰਜਾਹ ਡਾਲਰਾਂ ਨਾਲ ਕੋਈ ਫਰਕ ਨਹੀਂ ਪੈਂਦਾ। ਕੁਮੈਂਟੇਟਰ 'ਕੱਲੇ-'ਕੱਲੇ ਖਿਡਾਰੀ ਦਾ ਨਾਂ ਲੈ ਕੇ ਬੋਲ ਪੈਂਦੇ, 'ਚੱਲ ਬਈ ਨੌਜਵਾਨਾ, ਪਾ ਕਬੱਡੀ।'



■ ਰੱਸਾਕਸ਼ੀ 'ਚ ਜੇਤੂ ਚੜ੍ਹਦੀ ਕਲਾ-ਗਰੀਨਫੀਲਡ ਦੀ ਟੀਮ ਦਾ ਸਨਮਾਨ



■ ਸ਼ਿਕਾਗੋ ਕਬੱਡੀ ਕੱਪ ਦੀ ਜੇਤੂ ਟੀਮ ਟਰਾਫੀ ਪ੍ਰਾਪਤ ਕਰਦੀ ਹੋਈ

ਕਬੱਡੀ ਦੀ ਕੁਮੈਂਟਰੀ ਕਾਲਾ ਰਸ਼ੀਨ ਤੇ ਸਵਰਨ ਮੱਲ੍ਹਾ ਬਾਜੇਖਾਨਾ ਨੇ ਰਲ-ਮਿਲ ਕੇ ਕੀਤੀ। ਕਬੱਡੀ ਦੀ ਤਾਰੀਫ ਵਿੱਚ ਇੱਕ ਕੁਮੈਂਟੇਟਰ ਨੇ ਸ਼ਿਅਰ ਅਰਜ਼ ਕੀਤਾ:

ਵੱਡੇ ਵੱਡੇ ਧਾਵੀਆਂ ਦੇ ਜਿੱਥੋਂ ਮੂੰਹ ਮੁੜ ਗਏ,
ਮਹਿਕ ਸੁੰਘ ਕੇ ਸੋਹਣੇ ਗੁਲਾਬ ਦੀ ਜੀ।
ਤੇ ਉਥੋਂ ਦੇ ਲੋਕ ਨੇ ਅਣਖਾਂ ਲਈ ਮਰ ਜਾਂਦੇ,
ਕਬੱਡੀ ਖੇਡ ਹੈ ਉਸ ਪੰਜਾਬ ਦੀ ਜੀ।

ਫਿਰ ਉਸ ਨੇ ਕਿਹਾ ਕਿ ਸ਼ਿਕਾਗੋ ਵੀ ਕਬੱਡੀ ਕਰਕੇ ਪੰਜਾਬੀਆਂ ਦੀ ਦੁਨੀਆਂ ਵਿੱਚ ਜਾਣਿਆ ਜਾਂਦਾ ਹੈ ਤੇ ਇਹ ਖੇਡ ਮੇਲਿਆਂ ਦੀ ਧਰਤੀ ਹੈ।

ਕੁਮੈਂਟੇਟਰਾਂ ਦੇ ਕੁਝ ਬੋਲ ਇਉਂ ਵੀ ਸਨ:

-ਮਾਰੀ ਕਬੱਡੀ ਵਿੱਚ ਛਾਲ, ਲਾਇਆ ਜ਼ੋਰ ਪੱਟਾਂ ਦੇ ਨਾਲ

-ਆਰੀ ਆਰੀ ਆਰੀ, ਗਲ 'ਚ ਤਵੀਤ ਪਾ ਕੇ ਮੁੰਡਾ ਬਣ ਗਿਆ ਕਬੱਡੀ ਦਾ ਖਿਡਾਰੀ

-ਜਿਹਨੂੰ ਸੱਚੇ ਦਿਲੋਂ ਪਿਆਰ ਕਰੀਏ, ਉਹਨੂੰ ਧੋਖੇ ਵਿੱਚ ਨਹੀਂ ਰੱਖੀਦਾ

-ਰੱਬ ਛੱਤ ਪਾੜ ਕੇ ਦਿੰਦਾ ਤੇ ਲੱਫੜ ਮਾ ਕੇ ਲੈ ਜਾਂਦਾ

-ਜੇ ਪੌਂਡਾਂ ਨੂੰ ਜਰਬਾਂ ਦਈਏ, ਬਣਦੇ ਨੋਟ ਹਜ਼ਾਰਾਂ; ਤੇਰੀ ਰਹਿਮਤ ਦਾ ਮੈਂ ਕਿੱਥੋਂ ਕਰਜ ਉਤਾਰਾਂ।

ਕਬੱਡੀ ਦੇ ਦੋ ਮੈਚਾਂ ਉਪਰੰਤ ਸਥਾਨਕ ਗਤਕਾ ਖਿਡਾਰੀਆਂ ਨੇ ਗਤਕੇ ਦੇ ਜੌਹਰ ਵਿਖਾਏ। ਟੀਮ ਵਿੱਚ ਮੁੰਡੇ ਤੇ ਕੁੜੀਆਂ- ਦੋਵੇ ਸ਼ਾਮਲ ਸਨ। ਵਾਰੋ ਵਾਰੀ ਗਤਕਾ ਖਿਡਾਰੀ ਕਰੀਬ 15-20 ਮਿੰਟ ਗਤਕੇ ਦੇ ਕਰਤੱਬ ਵਿਖਾਉਂਦੇ ਰਹੇ। ਇਸ ਦੌਰਾਨ ਸੀ.ਡੀ. ਉਤੇ ਜੋਸ਼ ਅਤੇ ਕੁਰਬਾਨੀਆਂ ਦੇ ਜਜ਼ਬੇ ਨਾਲ ਲਬਰੇਜ ਸ਼ਬਦਾਵਲੀ ਵਾਲੇ ਗੀਤ ਤੇ ਵਾਰਾਂ ਚੱਲ ਰਹੇ ਸਨ, ਜਿਸ ਵਿੱਚ ਸਪਸ਼ਟ ਸੁਨੇਹਾ ਸੀ ਕਿ ਸਿੰਘ ਜ਼ੁਲਮ ਸਹਿਣਾ ਨਹੀਂ ਜਾਣਦੇ ਅਤੇ ਹੱਕਾਂ ਲਈ ਲੜ-ਮਰ ਸਕਦੇ ਹਨ। 'ਅਣਖੀ ਪੁੱਤ ਤੁਸੀਂ ਦਸ਼ਮੇਸ਼ ਦੇ ਸੂਰਮੇ, ਦੁਨੀਆਂ ਜਾਣਦੀ ਹੈ ਤੁਹਾਡੇ ਜੇਰੇ ਨੂੰ; ਧੂਹ ਕੇ ਤਲਵਾਰਾਂ ਮਿਆਨ 'ਚੋਂ ਤੁਸੀਂ ਤੋੜਿਆ ਵੈਰੀ ਦੇ ਘੇਰੇ ਨੂੰ'; 'ਜੰਗਲਾਂ ਵਿੱਚ ਰਾਤਾਂ ਕੱਟਣ ਵਾਲੀ ਕੌਮ ਹੈ ਇਹ, ਪਰਵਾਹ ਨਹੀਂ ਕਰਦੀ ਮੌਤ ਦੀ' ਆਦਿ ਬੋਲਿਆਂ ਦੇ ਨਾਲ ਜੈਕਾਰੇ ਵੀ ਗੂੰਜਾਏ ਜਾ ਰਹੇ ਸਨ। ਗਤਕਾ ਟੀਮ ਦੇ ਬੱਚੇ ਹਰ ਸ਼ੁੱਕਰਵਾਰ ਗੁਰਦੁਆਰਾ ਪੈਲਾਟਾਈਨ ਵਿਖੇ ਗਤਕੇ ਦਾ ਅਭਿਆਸ ਕਰਦੇ ਹਨ। ਕਲੱਬ ਵੱਲੋਂ 'ਕੱਲੇ-'ਕੱਲੇ ਗਤਕਾ ਖਿਡਾਰੀ ਦਾ ਮੈਡਲ ਨਾਲ ਸਨਮਾਨ ਕੀਤਾ ਗਿਆ। ਗਤਕੇ ਲਈ ਸਹਿਯੋਗ ਹਰਜੀਤ ਸਿੰਘ ਗਿੱਲ ਤੇ ਮੱਖਣ ਸਿੰਘ ਕਲੇਰ ਨੇ ਦਿੱਤਾ।

ਇਸ ਦੌਰਾਨ ਕੁਮੈਂਟੇਟਰ ਸਵਰਨ ਮੱਲ੍ਹਾ ਨੇ ਦਰਬਾਰ ਸਾਹਿਬ 'ਤੇ ਫੌਜੀ ਹਮਲੇ ਦੇ ਸੰਦਰਭ ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਦੀ ਤਾਰੀਫ ਕੀਤੀ ਅਤੇ ਕਿਹਾ ਕਿ ਉਦੋਂ ਲੜਾਈ ਇੱਕ ਵੱਖਰੀ ਕਿਸਮ ਦੀ ਸੀ- ਇੱਕ ਪਾਸੇ ਕੁਝ ਲੋਕ ਮਹਾਨ ਹੋਣ ਲਈ ਲੜ ਰਹੇ ਸਨ, ਜਦਕਿ ਦੂਜੇ ਪਾਸੇ ਮਸ਼ਹੂਰ ਹੋਣ ਲਈ। ਉਸ ਕਿਹਾ ਕਿ ਸਾਨੂੰ ਮਹਾਨ ਬਣਨਾ ਚਾਹੀਦਾ ਹੈ, ਕਿਉਂਕਿ ਮਸ਼ਹੂਰ ਹੋਣਾ ਥੋੜ੍ਹੇ ਚਿਰ ਦਾ ਹੁੰਦਾ ਹੈ।

ਇਸ ਮੌਕੇ ਪੰਜਾਬੀ ਕਲਚਰਲ ਸੁਸਾਇਟੀ (ਪੀ.ਸੀ.ਐਸ.) ਸ਼ਿਕਾਗੋ ਦੇ ਗਵਰਨਰੀ ਬੋਰਡ ਦੇ ਮੈਂਬਰ ਰਾਜਿੰਦਰ ਬੀਰ ਸਿੰਘ ਮਾਗੋ ਨੇ ਮੇਲੀਆਂ ਨਾਲ ਬਤੌਰ ਵਿਸ਼ੇਸ਼ ਮਹਿਮਾਨ ਪੁੱਜੇ ਸਥਾਨਕ ਸਿਆਸੀ ਨੁਮਾਇੰਦਿਆਂ ਦਾ ਤੁਆਰਫ ਕਰਵਾਇਆ ਅਤੇ ਸਿੱਖ ਭਾਈਚਾਰੇ ਪ੍ਰਤੀ ਇਨ੍ਹਾਂ ਦੇ ਹਾਂਦਰੂ ਹੁੰਗਾਰੇ ਦਾ ਜ਼ਿਕਰ ਕੀਤਾ। ਸ. ਮਾਗੋ ਨੇ ਦੱਸਿਆ ਕਿ ਇਲੀਨਾਏ ਸਟੇਟ ਰੀਪ੍ਰੈਜ਼ੈਂਟੇਟਵਿ (ਡਿਸਟ੍ਰਿਕਟ-56) ਮਿਸ਼ੈਲ ਮੁਸਮੈਨ ਇੱਕੋ ਇੱਕ ਉਹ ਨੁਮਾਇੰਦੇ ਹਨ, ਜਿਨ੍ਹਾਂ ਨੇ ਇਲੀਨਾਏ ਸਟੇਟ ਵਿੱਚ ਅਪਰੈਲ ਮਹੀਨੇ ਨੂੰ 'ਸਿੱਖ ਐਪਰੀਸੀਏਸ਼ਨ ਐਂਡ ਅਵੇਅਰਨੈਸ ਮੰਥ' ਬਿਲ ਪੇਸ਼ ਕੀਤਾ ਸੀ। ਮਿਸ਼ੈਲ ਮੁਸਮੈਨ ਦੇ ਯਤਨਾਂ ਸਦਕਾ ਹੀ ਇਲੀਨਾਏ ਸਟੇਟ ਦੇ ਗਵਰਨਰ ਜੇ.ਬੀ. ਪ੍ਰਿਟਜ਼ਕਰ ਨੇ ਉਚੇਚਾ ਗੁਰਦੁਆਰਾ ਪੈਲਾਟਾਈਨ ਪਹੁੰਚ ਕੇ ਇਸ ਬਿਲ ਉਤੇ ਦਸਤਖ਼ਤ ਕੀਤੇ ਸਨ।

ਇਸ ਤੋਂ ਇਲਾਵਾ ਸਟੇਟ ਰੀਪ੍ਰੈਜ਼ੈਂਟੇਟਵਿ (ਡਿਸਟ੍ਰਿਕਟ-53) ਨਿਕੋਲ ਗਰਾਸੀ, ਸਟੇਟ ਰੀਪ੍ਰੈਜ਼ੈਂਟੇਟਵਿ (ਡਿਸਟ੍ਰਿਕਟ-54) ਮੈਰੀ ਬੇਥ ਕੈਂਟੀ ਅਤੇ ਕੁੱਕ ਕਾਊਂਟੀ ਕਮਿਸ਼ਨਰ (ਡਿਸਟ੍ਰਿਕਟ-15) ਕੈਵਿਨ ਬੀ. ਮੌਰੀਸਨ ਨੇ ਆਪੋ ਆਪਣੇ ਕਾਰਜਕਾਰੀ ਖੇਤਰ ਬਾਰੇ ਜਾਣਕਾਰੀ ਦਿੱਤੀ ਤੇ ਇਸ ਭਾਈਚਾਰਕ ਮੇਲੇ ਵਿੱਚ ਆਉਣ ਨੂੰ ਮਾਣ ਵਾਲੀ ਗੱਲ ਆਖੀ। ਉਨ੍ਹਾਂ ਕਲੱਬ ਵੱਲੋਂ ਕਰਵਾਏ ਖੇਡ ਮੁਕਾਬਲਿਆਂ ਦਾ ਵੀ ਜ਼ਿਕਰ ਕੀਤਾ ਅਤੇ ਕਿਹਾ ਕਿ ਕਿਸੇ ਵੀ ਪਬਲਿਕ ਸਰਵਿਸ, ਮੁੱਦੇ ਜਾਂ ਕੰਮ ਸਬੰਧੀ ਉਨ੍ਹਾਂ ਨਾਲ ਬਿਨਾ ਕਿਸੇ ਝਿਜਕ ਦੇ ਸੰਪਰਕ ਕੀਤਾ ਜਾ ਸਕਦਾ ਹੈ। ਕਲੱਬ ਦੇ ਸਾਬਕਾ ਪ੍ਰਧਾਨ ਅਮਰਦੇਵ ਸਿੰਘ ਬੰਦੇਸ਼ਾ ਨੇ ਕਿਹਾ ਕਿ ਸਥਾਨਕ ਨੁਮਾਇਦਿਆਂ ਦੀ ਕਬੱਡੀ ਕੱਪ ਵਿੱਚ ਸ਼ਮੂਲੀਅਤ ਨਾਲ ਸਿੱਖ ਭਾਈਚਾਰੇ ਦਾ ਪ੍ਰਭਾਵ ਪੈਂਦਾ ਹੈ ਅਤੇ ਪ੍ਰਸ਼ਾਸਨ ਤੇ ਦੂਜੇ ਭਾਈਚਾਰਿਆਂ ਵਿੱਚ ਸਾਡੀਆਂ ਖੇਡਾਂ ਤੇ ਸੱਭਿਆਚਾਰ ਬਾਰੇ ਸੁਨੇਹਾ ਪੁੱਜਦਾ ਹੈ।

ਨਾਮੀ ਫਿਲਮ ਨਿਰਮਾਤਾ ਤੇ ਨਿਰਦੇਸ਼ਕ ਮ੍ਰਿਦੂ ਚੰਦਰਾ

⇒ ਅਗਲੇ ਸਫੇ ਉਤੇ ਜਾਰੀ...

ਨੇ ਵੀ ਦਰਸ਼ਕਾਂ ਨੂੰ ਸੰਬੋਧਨ ਕੀਤਾ ਅਤੇ ਪਹਿਲੇ ਸਿੱਖ ਅਮਰੀਕੀ ਕਾਂਗਰਸਮੈਨ ਦਲੀਪ ਸਿੰਘ ਸੌਂਦ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਬਾਰੇ ਇੱਕ ਦਸਤਾਵੇਜ਼ੀ ਬਣਾਏ ਜਾਣ ਬਾਰੇ ਦੱਸਿਆ। ਇਸ ਮੌਕੇ ਮ੍ਰਿਦੂ ਨੇ ਭਾਈਚਾਰੇ ਨੂੰ ਫਿਲਮ ਸਬੰਧੀ ਲੋੜੀਂਦੇ ਫੰਡ ਵਿੱਚ ਯੋਗਦਾਨ ਪਾਉਣ ਦੀ ਅਪੀਲ ਕੀਤੀ। ਮ੍ਰਿਦੂ ਨੇ ਮੇਲੇ ਦੌਰਾਨ ਇੱਕ ਵੱਖਰਾ ਟੇਬਲ ਵੀ ਸਥਾਪਤ ਕੀਤਾ ਹੋਇਆ ਸੀ, ਜਿਸ ਉਤੇ ਦਲੀਪ ਸਿੰਘ ਸੌਂਦ ਬਾਰੇ ਦਸਤਾਵੇਜ਼ੀ ਅਤੇ ਉਨ੍ਹਾਂ ਦੇ ਜੀਵਨ ਸਬੰਧੀ ਕੁਝ ਜਾਣਕਾਰੀ ਭਰਪੂਰ ਸਮੱਗਰੀ ਰੱਖੀ ਹੋਈ ਸੀ। ਮ੍ਰਿਦੂ ਚੰਦਰਾ ਦੀ ਟੀਮ ਦਾ ਇੱਕ ਮੈਂਬਰ ਕਬੱਡੀ ਕੱਪ ਬਾਰੇ ਇੱਕ ਦਸਤਾਵੇਜ਼ੀ ਬਣਾ ਰਿਹਾ ਸੀ ਅਤੇ ਮੇਲੇ ਦੀਆਂ ਗਤੀਵਿਧੀਆਂ ਨੂੰ ਕੈਮਰਾਬੰਦ ਕੀਤਾ।

ਇਸ ਮੌਕੇ ਬੋਲਦਿਆਂ ਸਰਵਣ ਸਿੰਘ ਬੋਲੀਨਾ ਨੇ ਕਿਹਾ ਕਿ ਸਥਾਨਕ ਸਿਆਸੀ ਨੁਮਾਇੰਦਿਆਂ ਨੇ ਸਿੱਖ ਪਛਾਣ ਨੂੰ ਦੂਜੇ ਭਾਈਚਾਰਿਆਂ ਤੱਕ ਪਹੁੰਚਾਉਣ ਲਈ ਸਾਡਾ ਬਹੁਤ ਸਾਥ ਦਿੱਤਾ ਹੈ। ਉਨ੍ਹਾਂ ਦਲੀਪ ਸਿੰਘ ਸੌਂਦ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਸਾਨੂੰ 1946 ਤੋਂ ਅਮਰੀਕਨ ਸਿਟੀਜ਼ਨਸ਼ਿਪ ਮਿਲਣੀ ਸ਼ੁਰੂ ਹੋਈ ਹੈ। ਇਸ ਲਈ ਸ੍ਰੀ ਸੌਂਦ ਨੇ ਹੱਕਾਂ ਦੀ ਲੜਾਈ ਲੜੀ ਤੇ ਬਹੁਤ ਕੁਝ ਸਹਿਆ। ਸ੍ਰੀ ਸੌਂਦ 1919 ਵਿੱਚ ਅਮਰੀਕਾ ਆਏ ਸਨ ਅਤੇ 1924 ਵਿੱਚ ਪੀਐਚ.ਡੀ. ਕੀਤੀ। ਨਸਲੀ ਵਿਤਕਰੇ ਕਾਰਨ ਉਨ੍ਹਾਂ ਨੂੰ ਨੌਕਰੀ ਨਹੀਂ ਮਿਲੀ ਤੇ ਉਨ੍ਹਾਂ ਕਰੀਬ ਤੀਹ ਸਾਲ ਖੇਤੀ ਕੀਤੀ। ਸ. ਬੋਲੀਨਾ ਨੇ ਦੱਸਿਆ ਕਿ ਸ੍ਰੀ ਸੌਂਦ ਦੀ ਇਹ ਕਹਾਣੀ ਲੁਕੀ ਹੋਈ ਹੈ ਅਤੇ ਇਸ ਬਾਰੇ ਡਾਕੂਮੈਂਟਰੀ ਸਕੂਲਾਂ ਵਿੱਚ ਦਿਖਾਈ ਜਾਣੀ ਹੈ। ਨਨਕਾਣਾ ਸਾਹਿਬ ਦੇ ਦਰਸ਼ਨਾਂ ਲਈ ਪਹਿਲਾਂ ਤਿੰਨ ਵਾਰ ਜਥੇ ਲੈ ਕੇ ਜਾਣ ਵਾਲੇ ਸਾਜਿਦ ਗਨੀ ਤਾਹਿਰ ਨੇ ਪਾਕਿਸਤਾਨ ਸਥਿੱਤ ਸਿੱਖ ਗੁਰਧਾਮਾਂ ਦਾ ਵੇਰਵਾ ਦਿੱਤਾ। ਉਹ ਜਥੇ ਲੈ ਕੇ ਜਾਣ, ਉਨ੍ਹਾਂ ਦੇ ਰਹਿਣ ਤੇ ਹੋਰ ਗੁਰਧਾਮਾਂ ਦੇ ਦਰਸ਼ਨਾਂ ਲਈ ਪ੍ਰਬੰਧ ਕਰਦੇ ਹਨ।

ਕਬੱਡੀ ਦੇ ਫਾਈਨਲ ਮੈਚ ਤੋਂ ਪਹਿਲਾਂ ਰੱਸਾਕਸ਼ੀ ਦੇ ਮੁਕਾਬਲੇ ਵੀ ਕਰਵਾਏ ਗਏ। ਇਸ ਦੌਰਾਨ ਢੋਲੀਆਂ ਨੇ ਢੋਲ 'ਤੇ ਡੱਗੇ ਲਾਉਣੇ ਸ਼ੁਰੂ ਕਰ ਦਿੱਤੇ ਤਾਂ ਇੰਜ ਲੱਗਣ ਲੱਗ ਪਿਆ ਸੀ, ਜਿਵੇਂ ਰੱਸਾਕਸ਼ੀ ਦੇ ਮੁਕਾਬਲਿਆਂ ਦੀ ਥਾਂ ਛਿੰਜ ਪੈਣ ਲੱਗੀ ਹੋਵੇ! ਰੱਸਾਕਸ਼ੀ ਦੇ ਪਹਿਲੇ ਗੇੜ ਵਿੱਚ ਜਦੋਂ ਇੱਕ ਖਿਡਾਰੀ ਨੇ ਰੱਸੇ ਉਤੇ ਆਪਣਾ ਪੂਰਾ ਹੀ ਵਜ਼ਨ ਪਾ ਦਿੱਤਾ ਤਾਂ ਡਾ. ਵਿਕਰਮ ਗਿੱਲ ਦੀ ਟਿੱਪਣੀ ਸੀ, 'ਇਹ ਪੂਰੀ ਤਕਨੀਕ ਵਰਤ ਰਿਹਾ ਹੈ, ਇੰਜ ਦੂਜੀ ਟੀਮ ਦਾ ਜ਼ੋਰ ਵੱਧ ਲੱਗਦਾ।' ਕੁਮੈਂਟੇਟਰ ਸਰਵਣ ਮੱਲ੍ਹਾ ਨੇ ਸ਼ਿਅਰ ਛੱਡ ਦਿੱਤਾ, 'ਖਿਡਾਰੀ ਲਈ ਤਾੜੀ ਤੇ ਬੰਗਾਲਣ ਲਈ ਸਾੜੀ ਘਿਓ ਦਾ ਕੰਮ ਕਰ ਜਾਂਦੇ ਹਨ, ਨਾਲੇ ਟੈਕਸ ਵੀ ਨਹੀਂ ਲੱਗਦਾ।' ਨਾਲ ਹੀ ਢੋਲੀ ਨੂੰ ਖਿੱਚ ਕੇ ਡੱਗਾ ਲਾਉਣ ਦੀ ਤਾਕੀਦ ਕਰ ਦਿੱਤੀ, ਤੇ ਢੋਲੀ ਵੀ ਜੋਸ਼ ਵਿੱਚ ਆਇਆ ਢੋਲ ਕੁੱਟਣ ਲੱਗ ਪਿਆ।

ਇੱਕ ਪਾਸੇ ਚੜ੍ਹਦੀ ਕਲਾ ਸਪੋਰਟਸ ਕਲੱਬ-ਗਰੀਨਫੀਲਡ ਅਤੇ ਦੂਜੇ ਪਾਸੇ ਸ਼ੇਰ-ਏ-ਪੰਜਾਬ ਟੀਮ-ਇੰਡੀਅਨਐਪੋਲਿਸ (ਦੋਵੇਂ ਇੰਡੀਆਨਾ ਤੋਂ) ਦੀ ਟੀਮ ਸੀ। ਜੇਤੂ ਰਹੀ ਟੀਮ ਦੇ ਨੌਜਵਾਨਾਂ ਨੇ ਪੂਰੇ ਸਹਿਜ ਅਤੇ ਜੁਗਤ ਨਾਲ ਜ਼ੋਰ ਲਾਇਆ ਤੇ ਵਿਰੋਧੀ ਟੀਮ ਵਾਲਿਆਂ ਨੂੰ ਧੂਹ ਕੇ ਲੈ ਗਏ। ਰੱਸਾਕਸ਼ੀ ਦੇ ਮੁਕਾਬਲਿਆਂ ਦਾ ਸਰੋਤਿਆਂ ਨੇ ਭਰਵਾਂ ਅਨੰਦ ਮਾਣਿਆ। ਰੱਸਾਕਸ਼ੀ ਦੇ ਤਿੰਨ ਗੇੜਾਂ ਵਿੱਚੋਂ ਦੋ ਗੇੜਾਂ ਵਿੱਚ ਚੜ੍ਹਦੀ ਕਲਾ-ਗਰੀਨਫੀਲਡ ਟੀਮ ਜੇਤੂ ਰਹੀ। ਸਮਰਾ ਬ੍ਰਦਰਜ਼- ਜਸਦੇਵ ਸਿੰਘ ਸਮਰਾ ਤੇ ਸੁਖਦੇਵ ਸਿੰਘ ਸਮਰਾ (ਇੰਡੀਅਨਐਪੋਲਿਸ) ਵੱਲੋਂ ਜੇਤੂ ਟੀਮਾਂ ਨੂੰ ਇਨਾਮ ਦਿੱਤੇ ਗਏ। ਰੱਸਾਕਸ਼ੀ ਮੁਕਾਬਲਿਆਂ ਦੇ ਪ੍ਰਬੰਧਨ ਵਿੱਚ ਸੁਖਵੰਤ ਸਿੰਘ ਨਿੱਜਰ ਨੇ ਵਿਸ਼ੇਸ਼ ਭੂਮਿਕਾ ਨਿਭਾਈ।

ਵਾਲੀਬਾਲ ਦੀਆਂ ਚਾਰ ਟੀਮਾਂ ਦੇ ਮੈਚ ਵੀ ਹੋਏ, ਜਿਨ੍ਹਾਂ ਵਿੱਚ ਮਿਲਵਾਕੀ ਸਪੋਰਟਸ ਕਲੱਬ ਦੀ ਟੀਮ ਨੇ 25 ਸੌ ਡਾਲਰ ਦਾ ਇਨਾਮ ਅਤੇ ਟਰਾਫੀ ਫੁੰਡ ਲਏ, ਜਦਕਿ ਦੂਜੇ ਥਾਂ ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਦੀ ਟੀਮ ਰਹੀ, ਜਿਸ ਨੂੰ ਟਰਾਫੀ ਅਤੇ 21 ਸੌ ਡਾਲਰ ਦਾ ਇਨਾਮ ਮਿਲਿਆ। ਵਾਲੀਬਾਲ ਦੇ ਮੁਕਾਬਲੇ ਪਿਛਲੇ ਲੰਮੇ ਸਮੇਂ ਤੋਂ ਵਾਲੀਬਾਲ ਖੇਡਦੇ ਆ ਰਹੇ ਟੋਨੀ ਸੰਘੇੜਾ ਦੀ ਦੇਖ-ਰੇਖ ਹੇਠ ਹੋਏ। ਵਾਲੀਬਾਲ ਦੇ ਇਨਾਮ ਢੀਂਡਸਾ ਪਰਿਵਾਰ ਵੱਲੋਂ ਸਵਰਗੀ ਮਿਹਰ ਸਿੰਘ ਢੀਂਡਸਾ ਦੀ ਯਾਦ ਵਿੱਚ ਦਿੱਤੇ ਗਏ। ਮੁੱਖ ਮਹਿਮਾਨਾਂ- ਅਮਰਜੀਤ ਸਿੰਘ ਢੀਂਡਸਾ ਤੇ ਲਖਬੀਰ ਸਿੰਘ ਢੀਂਡਸਾ ਨੇ ਜੇਤੂ ਟੀਮਾਂ ਦਾ ਟਰਾਫੀਆਂ ਨਾਲ ਸਨਮਾਨ ਕੀਤਾ। ਭੋਲਾ ਧੰਮ, ਦੇਵ ਧੰਮ ਤੇ ਚੰਨਾ ਧੰਮ ਵੱਲੋਂ ਕਬੱਡੀ ਦੇ ਨਾਮੀ ਖਿਡਾਰੀ ਨੇਕ ਸਿੱਧਵਾਂ ਦਾ ਕਲੱਬ ਦੇ ਸਹਿਯੋਗ ਨਾਲ ਵਿਸ਼ੇਸ਼ ਸਨਮਾਨ ਕੀਤਾ ਗਿਆ। ਕਲੱਬ ਵੱਲੋਂ ਸਪਾਂਸਰਾਂ ਦਾ ਮਾਣ-ਸਨਮਾਨ ਵੀ ਕੀਤਾ ਗਿਆ। 'ਰੇਡੀਓ ਚੰਨ ਪਰਦੇਸੀ' ਵਾਲੇ ਸਰਵਣ ਸਿੰਘ ਟਿਵਾਣਾ ਸਮੇਤ ਕੁਝ ਸਪਾਂਸਰ ਤਾਂ ਸਨਮਾਨ ਵਿੱਚ ਮਿਲੀ ਲੋਈ ਤੇ ਪਲੈਕ ਕਲੱਬ ਵਾਲਿਆਂ ਨੂੰ ਵਾਪਸ ਮੋੜ ਰਹੇ ਸਨ ਕਿ ਇਹ ਕਿਸੇ ਹੋਰ ਨੂੰ ਦੇ ਦਿਓ; ਘਰੇ ਪਹਿਲਾਂ ਹੀ ਬਹੁਤ ਸਨਮਾਨ ਚਿੰਨ੍ਹ ਪਏ ਹਨ, ਹੁਣ ਰੱਖਣ ਨੂੰ ਥਾਂ ਨਹੀਂ। ਪਰ ਕਲੱਬ ਵਾਲਿਆਂ ਦਾ ਵਿਚਾਰ ਸੀ ਕਿ ਕਬੱਡੀ ਕੱਪ ਸਪਾਂਸਰਾਂ ਦੇ ਸਿਰ 'ਤੇ ਹੁੰਦੇ ਹਨ ਤਾਂ ਉਨ੍ਹਾਂ ਦਾ ਬਣਦਾ ਆਦਰ ਮਾਣ ਕਰਨਾ ਸਾਡਾ ਫਰਜ਼ ਬਣਦਾ ਹੈ। ਕਬੱਡੀ ਮੈਚ ਕਰਵਾਉਣ ਲਈ ਵਿਸ਼ੇਸ਼ ਸਹਿਯੋਗ ਦੇ ਮੱਦੇਨਜ਼ਰ ਵਿੱਕੀ ਸ਼ੰਮੀਪੁਰੀਆ ਤੇ ਤਾਰੀ ਡੱਬ ਦਾ ਸਨਮਾਨ ਕੀਤਾ ਗਿਆ।

ਕਬੱਡੀ ਦੇ ਪਹਿਲੇ ਇਨਾਮ ਦੇ ਸਪਾਂਸਰ ਇੰਡੀਆਨਾ ਤੋਂ 'ਦ ਰੌਇਲ ਕਲੱਬ' ਦੇ ਲਖਵੀਰ ਸਿੰਘ ਜੌਹਲ, ਜੱਸੀ ਮਾਨ, ਗੁਰਮੀਤ ਸਿੰਘ ਬੱਬਰ, ਗੁਰਪ੍ਰੀਤ ਗੋਪੀ ਤੇ ਸੈਮ ਖੱਟੜਾ ਸਨ; ਜਦਕਿ ਦੂਜਾ ਇਨਾਮ ਵਿਸਕਾਨਸਿਨ ਤੋਂ ਅੰਮ੍ਰਿਤਪਾਲ ਸਿੰਘ ਗਿੱਲ, ਸਰਬਜੀਤ ਸਿੰਘ, ਸਤਨਾਮ ਗਿੱਲ, ਸਵਰਨ ਸਿੰਘ, ਦਵਿੰਦਰ ਸਿੰਘ ਧਾਮੀ, ਰਮਿੰਦਰ ਸਿੰਘ, ਦਵਿੰਦਰ ਸਿੰਘ ਸਰਪੰਚ, ਰਾਜਵਿੰਦਰ ਸਿੰਘ ਰਾਜਾ ਅਤੇ ਸਿਮਰਜੋਤ ਗਿੱਲ ਵੱਲੋਂ ਸਪਾਂਸਰ ਕੀਤਾ ਗਿਆ ਸੀ। ਇਸ ਤੋਂ ਇਲਾਵਾ ਕਬੱਡੀ ਦਾ ਤੀਜਾ ਇਨਾਮ ਮਿਲਵਾਕੀ ਤੋਂ ਸੁਖਵਿੰਦਰ ਸਿੰਘ ਘੱਗਰ, ਸਤਪਾਲ ਸਿੰਘ, ਹਰਜਿੰਦਰ ਸਿੰਘ ਜਿੰਦੀ, ਭੁਪਿੰਦਰ ਟਿੰਕਾ, ਕੁਲਜੀਤ ਸਿੰਘ, ਜਰਨੈਲ ਮਿਆਣੀ ਤੇ ਰਣਦੀਪ ਰਿੰਕੂ ਵੱਲੋਂ ਸਪਾਂਸਰ ਕੀਤਾ ਗਿਆ ਸੀ; ਜਦਕਿ ਕਬੱਡੀ ਦਾ ਚੌਥਾ ਇਨਾਮ ਮਨਦੀਪ ਸਿੰਘ ਲੱਕੀ ਵੱਲੋਂ ਦਿੱਤਾ ਗਿਆ।

ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ, ਪੰਜਾਬੀ ਅਮੈਰਿਕਨ ਯੂਥ ਕਲੱਬ-ਇੰਡੀਆਨਾ, ਸੰਤ ਬਾਬਾ ਪ੍ਰੇਮ ਸਿੰਘ ਸਪੋਰਟਸ ਕਲੱਬ ਸਾਊਥਬੈਂਡ-ਇੰਡੀਆਨਾ, ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ, ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ (ਓਹਾਇਓ), ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ, ਪੰਜਾਬੀ ਕਲਚਰਲ ਸੁਸਾਇਟੀ (ਪੀ.ਸੀ.ਐਸ.) ਸ਼ਿਕਾਗੋ, ਪੰਜਾਬੀ ਕਮਿਊਨਿਟੀ ਆਰਗੇਨਾਈਜੇਸ਼ਨ (ਪੀ.ਸੀ.ਓ.) ਮਿਲਵਾਕੀ, 'ਸਵੇਰਾ' ਸਮੇਤ ਹੋਰਨਾਂ ਸੰਸਥਾਵਾਂ ਦੇ ਨੁਮਾਇੰਦੇ ਵੀ ਪਹੁੰਚੇ ਹੋਏ ਸਨ ਅਤੇ ਉਨ੍ਹਾਂ ਨੇ ਵੀ ਕਬੱਡੀ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕੀਤੀ। ਇਸੇ ਦੌਰਾਨ ਕਲੱਬ ਮੈਂਬਰਾਂ ਨੇ ਕਿਹਾ ਕਿ ਉਨ੍ਹਾਂ ਨੇ ਖੇਡ ਮੇਲੇ ਲਈ ਸਭਨਾਂ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਉਚੇਚਾ ਸੱਦਿਆ ਸੀ ਤਾਂ ਜੋ ਸਾਰਾ ਭਾਈਚਾਰਾ ਇਕੱਠਾ ਹੋ ਕੇ ਚੱਲੇ।

ਕਲੱਬ ਦੇ ਪ੍ਰਧਾਨ ਲਖਵਿੰਦਰ ਸਿੰਘ ਨੇ ਸਾਰੇ ਸਪਾਂਸਰਾਂ ਤੇ ਮਹਿਮਾਨਾਂ ਦਾ ਧੰਨਵਾਦ ਕੀਤਾ। ਕਲੱਬ ਦੇ ਸਾਬਕਾ ਪ੍ਰਧਾਨ ਪਰਮਿੰਦਰ ਸਿੰਘ ਵਾਲੀਆ ਨੇ ਸਟੇਜ ਤੋਂ ਕਲੱਬ ਮੈਂਬਰਾਂ ਦੀ ਜਾਣ-ਪਛਾਣ ਕਰਵਾਈ ਅਤੇ ਕਿਹਾ ਕਿ ਮੇਲੇ ਲਈ ਸਾਰੇ ਕਲੱਬ ਮੈਂਬਰਾਂ ਨੇ ਮਿਹਨਤ ਕੀਤੀ ਹੈ। ਉਨ੍ਹਾਂ ਦੱਸਿਆ ਕਿ ਅਸੀਂ ਆਪਣੀ ਟੀਮ ਵਿੱਚ ਯੰਗ ਮੈਂਬਰ ਵੀ ਸ਼ਾਮਲ ਕੀਤੇ ਹਨ ਤੇ ਚਾਹੁੰਦੇ ਹਾਂ ਕਿ ਅੱਗੇ ਤੋਂ ਹੋਰ ਵੀ ਵੱਧ ਯੰਗ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ






■ (ਖੱਬੇ) ਮੇਲੇ ਦੇ ਮੁੱਖ ਮਹਿਮਾਨ- ਲਖਬੀਰ ਸਿੰਘ ਢੀਂਡਸਾ ਤੇ ਅਮਰਜੀਤ ਸਿੰਘ ਢੀਂਡਸਾ ਅਤੇ (ਸੱਜੇ) ਈਵੈਂਟ ਡਾਇਰੈਕਟਰ ਗੁਰਿੰਦਰਜੀਤ ਸਿੰਘ ਗਰੇਵਾਲ ਕਲੱਬ ਵੱਲੋਂ ਯਾਦਗਾਰੀ ਚਿੰਨ੍ਹ ਪ੍ਰਾਪਤ ਕਰਦੇ ਹੋਏ



■ ਹਰਜੀਤ ਹਰਮਨ ਖੁੱਲ੍ਹੇ ਅਖਾੜੇ ਦੌਰਾਨ ਅਤੇ (ਹੇਠਾਂ) ਦਰਸ਼ਕਾਂ ਦੀ ਭੀੜ






■ ਵਾਲੀਬਾਲ ਦੀ ਜੇਤੂ ਮਿਲਵਾਕੀ ਸਪੋਰਟਸ ਕਲੱਬ ਦੀ ਟੀਮ ਟਰਾਫੀ ਪ੍ਰਾਪਤ ਕਰਦੀ ਹੋਈ ਅਤੇ (ਹੇਠਾਂ) ਦੂਜੇ ਥਾਂ ਆਈ ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਦੀ ਟੀਮ



# 'ਸ਼ਿਕਾਗੋ ਕਬੱਡੀ ਕੱਪ'

ਵਾਲੰਟੀਅਰ ਆਉਣ। ਅਗਲੇ ਸਾਲ ਵੀ ਸਾਡੀ ਕੋਸ਼ਿਸ਼ ਹੋਵੇਗੀ ਕਿ ਸਾਰਿਆਂ ਦੇ ਸਹਿਯੋਗ ਨਾਲ ਅਜਿਹਾ ਹੀ ਮੇਲਾ ਕਰਵਾਈਏ। ਸਾਬਕਾ ਪ੍ਰਧਾਨ ਅੰਮ੍ਰਿਤਪਾਲ ਸਿੰਘ ਗਿੱਲ ਨੇ ਕਿਹਾ ਕਿ ਕੁਲ ਮਿਲਾ ਕੇ ਮੇਲਾ ਕਾਮਯਾਬ ਰਿਹਾ ਅਤੇ ਫੰਡ ਦੀ ਵੀ ਕੋਈ ਘਾਟ ਨਹੀਂ ਆਈ।

ਮੁੱਖ ਮਹਿਮਾਨ ਵਿਸਕਾਨਸਿਨ ਤੋਂ ਬਿਜਨਸਮੈਨ-ਅਮਰਜੀਤ ਸਿੰਘ ਢੀਂਡਸਾ ਤੇ ਲਖਬੀਰ (ਲੱਖਾ) ਢੀਂਡਸਾ ਸਨ। ਇਵੈਂਟ ਡਾਇਰੈਕਟਰ ਗੁਰਿੰਦਰਜੀਤ ਸਿੰਘ ਗਰੇਵਾਲ ਸਨ, ਜਦਕਿ ਚੇਅਰਮੈਨ ਸਨ ਬਲਦੇਵ ਸਿੰਘ ਸੱਲ੍ਹਾਂ। ਉਨ੍ਹਾਂ ਨੇ ਕਲੱਬ ਮੈਂਬਰਾਂ ਨਾਲ ਮਿਲ ਕੇ ਸਪਾਂਸਰਾਂ ਤੇ ਖਿਡਾਰੀਆਂ ਨੂੰ ਸਨਮਾਨ ਚਿੰਨ੍ਹ ਤਕਸੀਮ ਕੀਤੇ। ਕਲੱਬ ਦੇ ਪ੍ਰਧਾਨ ਲਖਵਿੰਦਰ ਸਿੰਘ, ਮੀਤ ਪ੍ਰਧਾਨ ਜਸਰੂਪ ਸਿੰਘ ਤੇ ਖਜ਼ਾਨਚੀ ਅੰਮ੍ਰਿਤਪਾਲ ਮਾਂਗਟ, ਸਾਬਕਾ ਪ੍ਰਧਾਨ ਅੰਮ੍ਰਿਤਪਾਲ ਸਿੰਘ ਗਿੱਲ, ਬਲਵਿੰਦਰ ਸਿੰਘ ਚੱਠਾ, ਅਮਰਦੇਵ ਸਿੰਘ ਬੰਦੇਸ਼ਾ, ਪਰਮਿੰਦਰ ਸਿੰਘ ਵਾਲੀਆ, ਦੀਪਾ ਬੰਦੇਸ਼ਾ, ਕਲੱਬ ਮੈਂਬਰ ਗੁਰਦੇਵ ਸਿੰਘ ਗਿੱਲ, ਅਮਰਜੀਤ ਸਿੰਘ ਬੰਦੇਸ਼ਾ, ਮਨਜਿੰਦਰ ਸਿੰਘ ਚੀਮਾ ਤੇ ਸਾਬਕਾ ਮੈਂਬਰ ਗੁਰਮੀਤ ਸਿੰਘ ਧਾਲੀਵਾਲ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਣ ਦੇ ਨਾਲ ਨਾਲ ਮਹਿਮਾਨ-ਨਿਵਾਜੀ ਤੇ ਹਥੋ-ਹਥੀ ਉਨ੍ਹਾਂ ਦਾ ਸਨਮਾਨ ਕਰਨ ਵਿੱਚ ਰੁੱਝੇ ਹੋਏ ਸਨ। ਕਲੱਬ ਮੈਂਬਰ ਦਰਸ਼ਨ ਸਿੰਘ ਪੰਮਾ ਕਿਸੇ ਵਜ੍ਹਾ ਕਰਕੇ ਆ ਨਹੀਂ ਸਕੇ।














ਮੇਲੀਆਂ ਲਈ ਚਾਹ-ਸਮੋਸਿਆਂ ਤੇ ਆਲੂ ਵਾਲੇ ਪਰੌਂਠਿਆਂ ਤੋਂ ਇਲਾਵਾ ਗਰਮਾ-ਗਰਮ ਤੇ ਠੰਡੀਆਂ ਜਲੇਬੀਆਂ ਹਾਜ਼ਰ ਸਨ। ਇਸ ਤੋਂ ਇਲਾਵਾ ਕੜ੍ਹੀ-ਚੌਲ ਤੇ ਛੋਲੇ-ਭਠੂਰੇ ਵੀ ਵਰਤਾਏ ਜਾ ਰਹੇ ਸਨ। ਖਾਣਾ ਕੇ.ਕੇ. ਪੰਮਾ ਦਾ ਸੀ। ਸਵੇਰ ਦੇ ਖਾਣੇ ਦੇ ਸਪਾਂਸਰ ਇੰਦਰਬੰਸ ਬਰਾੜ, ਜਪਤੇਜ ਔਲਖ, ਨਵਤੇਜ ਗਿੱਲ, ਸੁਰਿੰਦਰ ਸਿੰਘ ਪਾਂਗਲੀ, ਨਿਰਭੈਅ ਪਾਂਗਲੀ ਤੇ ਰੇਸ਼ਮ ਸਿੰਘ ਸਨ। ਕੁਲਫੀਆਂ ਵਾਲੇ ਦੀ ਵੀ ਇਸ ਮੇਲੇ ਵਿੱਚ ਕਾਫੀ ਵੱਟਤ ਹੋਈ। ਜਵਾਕ ਤਾਂ ਜਵਾਕ, ਵੱਡੇ ਵੀ ਸਵਾਦ ਲਾ ਲਾ ਕੁਲਫੀਆਂ ਖਾ ਰਹੇ ਸਨ; 'ਵੋਦਕਾ ਕੁਲਫੀ' ਦੇ ਖਾਸ ਚਰਚੇ ਸਨ। ਦੂਜੇ ਪਾਸੇ ਮੂਡ ਤਰਾਰੇ ਵਿੱਚ ਕਰਨ ਵਾਲੇ ਕਾਰਾਂ ਦੀਆਂ ਡਿੱਗੀਆਂ ਦੁਆਰੇ ਹੋਏ ਸਨ। ਖਾਣ-ਪੀਣ ਦੇ ਸ਼ੌਕੀਨ ਕੁਝ ਟੋਲੇ ਘਰੋਂ ਹੀ ਮੁਰਗ-ਮੁਸੱਲਮ, ਮੱਛੀ ਆਦਿ ਬਣਾ ਕੇ ਲਿਆਏ ਹੋਏ ਸਨ।

ਗਾਇਕੀ ਦੇ ਪ੍ਰੋਗਰਾਮ ਦੀ ਸ਼ੁਰੂਆਤ ਰਾਜਵੀਰ ਸਿੰਘ ਨੇ ਜੁਗਨੀ ਗਾ ਕੇ ਕੀਤੀ। ਫਿਰ ਉਸ ਨੇ 'ਜੱਗੇ ਮਾਰਿਆ ਲਾਇਲਪੁਰ ਡਾਕਾ' ਗਾਇਆ। ਇਸ ਤੋਂ ਬਾਅਦ ਗਾਇਕ ਤੇ ਗੀਤਕਾਰ ਵੀਤ ਬਲਜੀਤ ਨੇ ਕਿਹਾ ਕਿ ਮੈਂ ਤਾਂ ਮੇਲਾ ਵੇਖਣ ਆਇਆ ਸੀ, ਪਰ ਗਾਉਣ ਦਾ ਸਬੱਬ ਬਣ ਗਿਆ। ਉਸ ਨੇ 'ਜੱਟ ਦਾ ਪਜਾਮਾ ਕੁੜੇ ਉੱਚਾ ਹੋ ਗਿਆ' ਅਤੇ ਇੱਕ ਹੋਰ ਗੀਤ ਗਾ ਕੇ ਹਾਜ਼ਰੀ ਲੁਆਈ। ਗਾਇਕ ਹਰਜੀਤ ਹਰਮਨ ਜਦੋਂ ਸਟੇਜ 'ਤੇ ਆਇਆ ਤਾਂ ਉਸ ਨੇ ਪ੍ਰੋਗਰਾਮ ਦੀ ਸ਼ੁਰੂਆਤ ਇਸ ਸ਼ੇਅਰ ਨਾਲ ਕੀਤੀ:

ਇਹ ਗੱਲ ਤੇ ਹਰ ਕੋਈ ਜਾਣਦਾ<br>
ਮੇਲਾ ਮੇਲੀਆਂ ਦਾ, ਯਾਰਾਂ ਬੇਲੀਆਂ ਦਾ,<br>
ਰਾਂਝਾ ਭਾਈਆਂ ਨੂੰ ਛੱਡ ਫਕੀਰ ਹੋਇਆ<br>
ਸਾਥ ਛੱਡ ਗਈ ਹੀਰ ਸਹੇਲੀਆਂ ਦਾ,<br>
ਇੱਕ ਦਿਨ ਅਸਾਂ ਤੁਰ ਜਾਣਾ<br>
ਬੂਹਾ ਮਾਰ ਕੇ ਜਿੰਦਾਂ ਹਵੇਲੀਆਂ ਦਾ।

ਉਹ ਬੋਲਿਆ ਕਿ ਬਹਾਨਾ ਕੋਈ ਵੀ ਹੋਵੇ, ਜਦੋਂ ਅਸੀਂ ਰਲ ਕੇ ਬੈਠਦੇ ਹਾਂ ਤਾਂ ਦਿਲ ਨੂੰ ਚਾਅ ਚੜ੍ਹਦਾ ਹੈ। ਇਹ ਸੱਚ ਹੈ ਕਿ ਸ਼ਿਕਾਗੋ ਵਿੱਚ ਲੱਗਦੇ ਪੰਜਾਬੀ ਮੇਲਿਆਂ ਵਿੱਚ ਇਕੱਲੇ ਸ਼ਿਕਾਗੋਲੈਂਡ ਤੋਂ ਹੀ ਨਹੀਂ, ਸਗੋਂ ਹੋਰਨਾਂ ਦੂਰ-ਨੇੜੇ ਦੀਆਂ ਸਟੇਟਾਂ ਅਤੇ ਕੈਨੇਡਾ ਤੋਂ ਵੀ ਦਰਸ਼ਕ ਉਚੇਚਾ ਪਹੁੰਚਦੇ ਹਨ। ਖਾਸ ਕਰ ਕਬੱਡੀ ਕੱਪਾਂ ਵਿੱਚ ਤਾਂ ਇਹ ਨਜ਼ਾਰਾ ਆਮ ਹੀ ਹੁੰਦਾ ਹੈ। ਗਾਇਕ ਤਾਂ ਕਲੱਬ ਨੇ ਵਧੀਆ ਸੱਦਿਆ ਸੀ, ਪਰ ਸਾਊਂਡ ਸਿਸਟਮ ਕੁਝ ਹਲਕਾ ਹੋਣ ਕਾਰਨ ਗਾਇਕੀ ਦਾ ਉਹ ਅਖਾੜਾ ਨਾ ਜੰਮ ਸਕਿਆ, ਜਿਸ ਤਰ੍ਹਾਂ ਕੇ ਸਰੋਤਿਆਂ ਨੂੰ ਉਮੀਦ ਸੀ। ਮਾਈਕ ਵਿੱਚੋਂ ਸਹੀ ਢੰਗ ਨਾਲ ਆਵਾਜ਼ ਨਾ ਆਉਣ ਕਾਰਨ ਪਹਿਲਾਂ ਤਾਂ ਥੋੜ੍ਹਾ ਵਿਘਨ ਪਿਆ, ਪਰ ਫਿਰ ਹਰਜੀਤ ਹਰਮਨ ਨੇ ਆਪਣੇ ਹਿੱਟ ਗੀਤਾਂ ਨਾਲ ਰੰਗ ਬੰਨ੍ਹ ਲਿਆ। ਉਸ ਨੇ ਸਰੋਤਿਆਂ ਦੀ ਫਰਮਾਇਸ਼ ਉਤੇ ਗੀਤ ਗਾ ਕੇ ਉਨ੍ਹਾਂ ਨੂੰ ਖੁਸ਼ ਕੀਤਾ ਅਤੇ ਨੱਚਣ ਦੇ ਚਾਹਵਾਨਾਂ ਨੂੰ ਨੱਚਣ ਵੀ ਲਾ ਲਿਆ। ਜਦੋਂ ਇੱਕ ਕਲੱਬ ਮੈਂਬਰ ਫੋਟੋ ਖਿੱਚਣ ਲੱਗਾ ਤਾਂ ਸਮਾਂ ਲੱਗ ਗਿਆ, ਹਰਜੀਤ ਹਰਮਨ ਬੋਲਿਆ, 'ਇਹ (ਫੋਨ) ਗੱਡੀ ਤੋਂ ਵੀ ਔਖਾ ਚਲਾਉਣਾ।' ਇਸੇ ਦੌਰਾਨ ਇੱਕ ਬੀਬੀ ਨੇ ਫਰਮਾਇਸ਼ ਪਾਈ ਕਿ 'ਭੋਲੀ ਭਾਲੀ ਜੱਟੀ' ਗਾ ਦਿਓ ਤਾਂ ਹਰਮਨ ਬੋਲਿਆ, 'ਭੋਲੀ ਭਾਲੀ ਜੱਟੀ ਨਹੀਂ, ਸਿੱਧੀ ਸਾਦੀ ਜੱਟੀ ਐ, ਭੋਲਾ ਤਾਂ ਕੋਈ ਨਹੀਂ ਦੁਨੀਆਂ 'ਤੇ ਅੱਜ ਕੱਲ੍ਹ!'

ਅਖਾੜੇ ਦੌਰਾਨ ਹਰਜੀਤ ਹਰਮਨ ਨੇ ਸਰੋਤਿਆਂ ਨੂੰ ਸਮਰਪਿਤ ਗੀਤ ਪੇਸ਼ ਕੀਤਾ, 'ਸਾਡੇ ਦਿਲ ਤੋਂ ਪੁੱਛ ਸੱਜਣਾਂ ਅਸੀਂ ਕਿਉਂ ਪਰਦੇਸੀ ਹੋਏ।' 'ਚੱਲਦੇ ਦੇਖ ਟਰਾਲੇ ਨੀਂ ਸ਼ੇਰ ਪੰਜਾਬੀਆਂ ਦੇ' ਗਾਇਆ ਤਾਂ ਟਰੱਕਾਂ ਵਾਲੇ ਖੁਸ਼ ਹੋ ਗਏ ਤੇ ਗੀਤ ਦੇ ਬੋਲਾਂ ਉਤੇ ਨੱਚਣ ਲੱਗ ਪਏ। ਇਸ ਦੌਰਾਨ ਉਸ ਨੇ 'ਮੈਂ ਚਾਦਰ ਕੱਢਦੀ, ਬੈਠੀ ਦਰਵਾਜੇ ਪਾਵਾਂ ਮੋਰ ਵੇ'; 'ਜੱਟ ਚੌਵੀ ਕੈਰੇਟ ਦਾ'; 'ਜਿੱਥੋਂ ਮਰਜੀ ਵੰਗਾਂ ਚੜ੍ਹਵਾ ਲਈ ਨੀਂ ਮਿੱਤਰਾਂ ਦਾ ਨਾਂ ਚੱਲਦਾ'; 'ਜਿਹੜੇ ਹੁੰਦੇ ਸੀ ਆਵਾਜ਼ਾਂ ਪਿੱਛੋਂ ਮਾਰਦੇ, ਕੋਲੋਂ ਦੀ ਲੰਘੇ ਬਿਨਾ ਬੋਲ ਕੇ'; 'ਸਿੱਧੀ ਸਾਦੀ ਜੱਟੀ ਸਾਡੀ ਪਰੀਆਂ ਤੋਂ ਸੋਹਣੀ' ਅਤੇ 'ਤੇਰਾ ਬਿੱਲੋ ਜਾਣਾ ਕੱਖ ਨ੍ਹੀਂ, ਮਰ ਜਾਣਗੇ ਜੱਟਾਂ ਦੇ ਪੁੱਤ ਲੜ ਕੇ' ਸਮੇਤ ਕੁਝ ਹੋਰ ਗੀਤ ਗਾਏ। ਕਲੱਬ ਦੇ ਕੁਝ ਮੈਂਬਰ ਸਥਿਤੀ ਕਾਬੂ ਹੇਠ ਰੱਖਣ ਦੇ ਮਕਸਦ ਨਾਲ ਸਟੇਜ 'ਤੇ ਚੜ੍ਹ ਆ ਰਹੇ ਨੌਜਵਾਨਾਂ ਨੂੰ ਵਰਜ ਰਹੇ ਸਨ, ਪਰ ਫਿਰ ਵੀ ਗਾਇਕੀ ਦੇ ਦੌਰ ਦੌਰਾਨ ਕਈ ਸਿਫਾਰਸ਼ੀ ਸਟੇਜ 'ਤੇ ਜਾਣ ਦਾ ਦਾਅ ਲਾ ਹੀ ਗਏ।




ਮੌਸਮ ਸੁਹਾਵਣਾ ਹੋਇਆ ਪਿਆ ਸੀ, ਸਗੋਂ ਸ਼ਾਮ ਨੂੰ ਤਾਂ ਥੋੜ੍ਹੀ ਥੋੜ੍ਹੀ ਠੰਡ ਹੋ ਗਈ ਸੀ। ਹਰਜੀਤ ਹਰਮਨ ਗਾ ਕੇ ਚਲਾ ਗਿਆ ਤਾਂ ਸਾਜੀ ਆਪਣੇ ਸਾਜ ਬੰਨ੍ਹ ਕੇ ਤੁਰਨ ਲੱਗ ਪਏ ਸਨ ਅਤੇ ਸਾਊਂਡ ਵਾਲੇ ਨੇ ਤਾਰਾਂ ਤੇ ਸਪੀਕਰ ਸਾਂਭ ਲਏ ਸਨ। ਉਧਰ ਟੈਂਟ ਵਾਲੇ ਕਨਾਤਾਂ ਤੇ ਖਾਲੀ ਹੋਈਆਂ ਕੁਰਸੀਆਂ ਸਮੇਟਣ ਲੱਗ ਪਏ ਸਨ। ਘੁਸਮੁਸਾ ਹੋਣ ਲੱਗਾ ਤਾਂ ਭਰਿਆ ਭਰਿਆ ਮੇਲਾ ਵਿੱਛੜਨ ਲੱਗ ਪਿਆ। ਕਾਰਾਂ ਦੀਆਂ ਡਿੱਕੀਆਂ ਦੁਆਲੇ ਝੁਰਮਟ ਪਾਈ ਖੜ੍ਹੇ ਟੋਲੇ ਵੀ ਘਰਾਂ ਨੂੰ ਜਾਣ ਲਈ ਕਾਹਲੇ ਪੈਣ ਲੱਗੇ; ਐਨ ਉਵੇਂ ਹੀ, ਜਿਸ ਤਰ੍ਹਾਂ ਤ੍ਰਕਾਲ਼ਾਂ ਪੈਂਦਿਆਂ ਹੀ ਪੰਛੀ ਆਪਣੇ ਆਲ੍ਹਣਿਆਂ ਨੂੰ ਪਰਤਣ ਲਈ ਪਰਵਾਜ਼ ਭਰਨ ਲੱਗ ਜਾਂਦੇ ਹਨ।

**ਤਸਵੀਰਾਂ: ਏਸ਼ੀਅਨ ਮੀਡੀਆ**
**ਫੋਨ: 847-420-4789**











## ਜੁਗ ਜੁਗ ਜੀਓ... (16)

ਡਾ. ਹਰਬੰਸ ਕੌਰ ਦਿਓਲ

# ਵਾਸਤਾ ਈ ਉਸ ਪਰਵਦਗਾਰ ਦਾ...(2)

***ਖੁਰਾਕ ਬਣਾਉਣ/ਪਕਾਉਣ ਦੇ ਢੰਗ-ਤਰੀਕਿਆਂ ਪ੍ਰਤੀ ਜੇ ਸੁਚੇਤ ਨਾ ਹੋਏ ਤਾਂ ਡਾਕਟਰਾਂ ਦੇ ਗੇੜਿਆਂ ਲਈ ਤਿਆਰ ਰਹੋ! ਕਿਉਂਕਿ ਖਾਣੇ ਸਬੰਧੀ ਆਪਣੀਆਂ ਬੇਪ੍ਰਵਾਹੀਆਂ ਕਾਰਨ ਵਧੇਰੇ ਗਿਣਤੀ ਲੋਕ ਬਿਮਾਰ ਪੈ ਰਹੇ ਹਨ। 'ਇਲਾਜ ਨਾਲੋਂ ਪਰਹੇਜ ਕਫਾਇਤੀ' ਗੱਲ ਨੂੰ ਜੇ ਦਿਮਾਗ ਵਿੱਚ ਬਿਠਾ ਕੇ ਵਿਚਰਾਂਗੇ ਤਾਂ ਤੰਦਰੁਸਤ ਵੀ ਰਹਾਂਗੇ ਤੇ ਜੇਬ ਦਾ ਉਜਾੜਾ ਹੋਣ ਤੋਂ ਵੀ ਬਚਾਅ ਰਹੇਗਾ। ਜਦੋਂ ਅਸੀਂ ਅਵੇਸਲੇ ਹੋ ਜਾਂਦੇ ਹਾਂ ਤਾਂ ਬੇਧਿਆਨੀ ਦੇ ਚੱਲਦਿਆਂ ਸਰੀਰ ਦੀਆਂ ਛੋਟੀਆਂ-ਮੋਟੀਆਂ ਸਮੱਸਿਆਵਾਂ ਜਾਂ ਬਿਮਾਰੀਆਂ ਵੱਡੀਆਂ ਹੋ ਜਾਂਦੀਆਂ ਹਨ। ਭਾਈਚਾਰੇ ਨੂੰ ਸਿਹਤ ਸਬੰਧੀ ਜਾਗਰੂਕ ਕਰਨ ਲਈ ਡਾ. ਹਰਬੰਸ ਕੌਰ ਦਿਓਲ 'ਸਿਹਤਮੰਦ ਲੋਕ, ਸਿਹਤਮੰਦ ਸਮਾਜ' ਦੇ ਨਜ਼ਰੀਏ ਤੋਂ ਵਿਚਾਰ ਸਾਂਝੇ ਕਰਦੇ ਰਹਿੰਦੇ ਹਨ। ਇਸ ਲੇਖ ਵਿੱਚ ਵੀ ਸਿਹਤਮੰਦ ਰਹਿਣ ਲਈ ਭਾਈਚਾਰੇ ਨੂੰ ਛੋਟੀਆਂ-ਮੋਟੀਆਂ ਘਰੇਲੂ ਗੱਲਾਂ ਦਾ ਧਿਆਨ ਰੱਖਣ ਦਾ ਵਾਸਤਾ ਪਾਇਆ ਗਿਆ ਹੈ। ਇਸ ਲੇਖ ਵਿਚਲੇ ਤੱਥ ਸਿਰਫ ਜਾਣਕਾਰੀ ਲਈ ਛਾਪੇ ਜਾ ਰਹੇ ਹਨ। ਕਿਸੇ ਵੀ ਤਰ੍ਹਾਂ ਦਾ ਘਰੇਲੂ ਆਹਰ-ਪਾਹਰ ਕਰਨ ਤੋਂ ਪਹਿਲਾਂ ਆਪਣੇ ਡਾਕਟਰ ਨਾਲ ਸਲਾਹ-ਮਸ਼ਵਰਾ ਜ਼ਰੂਰ ਕਰੋ। ਪੇਸ਼ ਹੈ, ਜਾਣਕਾਰੀ ਭਰਪੂਰ ਇਹ ਲੇਖ...***

"ਦੀਦੀ, ਤੁਸੀਂ ਤਾਂ ਮੇਰੀਆਂ ਅੱਖਾਂ ਈ ਖੋਲ੍ਹ ਦਿੱਤੀਆਂ, ਪਿਛਲੀ ਮੁਲਾਕਾਤ ਦੌਰਾਨ ਤਲਣ ਦੇ ਤਰੀਕੇ ਅਤੇ ਗੈਸ ਦੇ ਚੁੱਲ੍ਹੇ ਬਾਰੇ ਜਾਣਕਾਰੀ ਦੇ ਕੇ। ਮੈਂ ਤਾਂ ਸਾਰੀਆਂ ਤਬਦੀਲੀਆਂ ਸ਼ੁਰੂ ਕਰ ਲਈਆਂ ਨੇ ਅਤੇ ਮੈਨੂੰ ਬਹੁਤ ਬੇਸਬਰੀ ਨਾਲ ਇੰਤਜ਼ਾਰ ਹੈ ਅੱਜ ਦੀ ਮੁਲਾਕਾਤ ਵਿੱਚ ਦੇਣ ਵਾਲੀ ਜਾਣਕਾਰੀ ਦਾ। ਚਲੋ, ਫਿਰ ਦੱਸੋ ਕਿ ਤਲਣ ਤੋਂ ਬਿਨਾ ਕੋਈ ਹੋਰ ਵੀ ਖਾਣਾ ਪਕਾਉਣ ਦਾ ਤਰੀਕਾ ਏ, ਜਿਸ ਦੀ ਵਰਤੋਂ ਤੋਂ ਪਰਹੇਜ ਕਰਨਾ ਚਾਹੀਦੈ ਜਾਂ ਖਾਸ ਸਾਵਧਾਨੀ ਵਰਤਣੀ ਚਾਹੀਦੀ ਏ?"

"ਪ੍ਰੀਤ, ਖਾਣਾ ਆਪਾਂ ਕਿਸੇ ਵੀ ਤਰੀਕੇ ਨਾਲ ਬਣਾਈਏ, ਉਸ ਨੂੰ ਪਕਾਉਣ ਤੋਂ ਬਿਲਕੁਲ ਪਹਿਲਾਂ ਹੀ ਧੋਵੋ ਅਤੇ ਸੁਕਾ ਕੇ ਕੱਟ ਲਵੋ। ਬਹੁਤੀ ਦੇਰ ਪਹਿਲਾਂ ਧੋ ਕੇ ਜਾਂ ਕੱਟ ਕੇ ਨਾ ਰੱਖੋ। ਇੱਕ ਹੋਰ ਚੀਜ਼ ਯਾਦ ਰੱਖਣਾ ਕਿ ਕਿਸੇ ਵੀ ਤਰੀਕੇ ਨਾਲ ਤੁਸੀਂ ਖਾਣਾ ਪਕਾਓ, ਕੁਝ ਪੋਸ਼ਣ (nutrition) ਘਟ ਜਾਂਦੀ ਏ, ਕਿਸੇ ਨਾਲ ਘੱਟ ਅਤੇ ਕਿਸੇ ਨਾਲ ਵੱਧ। ਬਾਕੀ ਦੇ ਤਰੀਕੇ ਉਤਨੇ ਖਤਰਨਾਕ ਨਹੀਂ, ਜਿੰਨਾ ਤਲਣਾ (deep fry) ਅਤੇ ਵੈਜੀਟੇਬਲ ਤੇਲਾਂ ਦਾ ਇਸਤੇਮਾਲ ਕਰਨਾ।

ਅਗਲਾ ਜਾਣੀਏ ਦੂਜਾ ਤਰੀਕਾ। ਤਲਣ ਤੋਂ ਬਾਅਦ ਹੈ ਗਰਿਲਿੰਗ (grilling), ਜਿਸ ਵਿੱਚ ਜ਼ਿਆਦਾ ਤਾਪਮਾਨ (high heat) 450-550 ਡਿਗਰੀ ਫਾਰਨਹੀਟ ਇਸਤੇਮਾਲ ਕੀਤਾ ਜਾਂਦੈ, ਖਾਣਾ ਪਕਾਉਣ ਲਈ। ਦੋ ਤਰੀਕੇ ਦੀਆਂ ਗਰਿਲਿੰਗਜ਼ ਹੁੰਦੀਆਂ ਹਨ- ਇੱਕ ਗੈਸ ਵਾਲੀ ਅਤੇ ਦੂਜੀ ਕੋਲਿਆਂ ਵਾਲੀ। ਗੈਸ ਗਰਿਲ ਇਸਤੇਮਾਲ ਕਰਨ ਦੇ ਉਹੀ ਨੁਕਸਾਨ ਹਨ, ਜੋ ਗੈਸ ਚੁੱਲ੍ਹੇ ਦੇ ਹਨ, ਜਿਨ੍ਹਾਂ ਬਾਰੇ ਆਪਾਂ ਨੇ ਪਿਛਲੀ ਮੁਲਾਕਾਤ ਵੇਲੇ ਵਿਚਾਰ ਕੀਤੀ ਸੀ। ਇਸ ਦਾ ਇਸਤੇਮਾਲ ਕਰਨਾ ਹਾਨੀਕਾਰਨ ਹੈ। ਨਹੀਂ ਵਰਤਣਾ ਚਾਹੀਦੈ। ਲਾਟ (flame) 'ਤੇ ਖੁਰਾਕ ਬਿਲਕੁਲ ਨਾ ਪਕਾਓ। ਕੋਲਿਆਂ ਵਾਲੀ ਗਰਿਲ ਦੀ ਵਰਤੋਂ ਕਰੋ, ਜਦੋਂ ਲਾਟ ਖਤਮ ਹੋ ਜਾਵੇ ਅਤੇ ਕੋਲੇ ਭਖਣ ਲੱਗ ਜਾਣ। ਇਸ ਤਰੀਕੇ ਦੇ ਕੁਝ ਫਾਇਦੇ ਹਨ:

1. ਇਸ 'ਤੇ ਬਣੀ ਖੁਰਾਕ ਦਾ ਆਪਣਾ ਹੀ ਖਾਸ ਸੁਆਦ (flavor) ਹੁੰਦੈ।

2. ਇਸ ਵਿੱਚ ਫੈਟ (fat) ਵੀ ਘਟ ਲੱਗਦੀ ਏ।

3. ਇਹ ਤਰੀਕਾ ਸਸਤਾ ਵੀ ਪੈਂਦੈ।

4. ਗਰਿਲ/ਬਾਰਬੀਕਿਊ (barbeque) ਕਰਨ ਦਾ ਆਪਣਾ ਹੀ ਮਜ਼ਾ (fun) ਹੈ, ਖਾਸ ਕਰਕੇ ਸਮਾਜਿਕ ਇਕੱਠ ਵੇਲੇ।

ਇਸ ਤਰੀਕੇ ਦੇ ਕੁਝ ਨੁਕਸਾਨ ਹਨ, ਜਿਨ੍ਹਾਂ ਬਾਰੇ ਬਹੁਤ ਧਿਆਨ ਦੇਣ ਦੀ ਜ਼ਰੂਰਤ ਹੈ:

1. ਉਚੇ ਤਾਪਮਾਨ 'ਤੇ ਪਕਾਉਣ ਕਰਕੇ ਖੁਰਾਕ ਕਈ ਥਾਵਾਂ 'ਤੇ ਸੜ ਜਾਂਦੀ ਏ- ਕਾਲੀ ਹੋ ਜਾਂਦੀ ਹੈ (charred), ਜਿਸ ਵਿੱਚ ਹਾਨੀਕਾਰਨ ਕੈਂਸਰ ਕਰਨ ਵਾਲੇ ਤੱਤ ਬਣ ਜਾਂਦੇ ਨੇ। ਖਰਾਬ ਹੋਏ ਪ੍ਰੋਟੀਨਜ਼ (damaged proteins) ਤੋਂ ਜਿਵੇਂ ਐਚ.ਸੀ.ਏ.ਐਸ. (HCES - heterocyclic amines) ਅਤੇ ਪੀ.ਏ.ਐਚ.ਐਸ. (PAHS - polycyclic aromatic hydrocarbons), ਇਹ ਸੜਿਆ ਹੋਇਆ ਹਿੱਸਾ ਖਾਣਾ ਨਹੀਂ ਚਾਹੀਦਾ।

2. ਖੁਰਾਕ ਦੇ ਭੁੰਨਣ 'ਤੇ ਜਿਹੜੇ ਜੂਸ ਨਿਕਲਦੇ ਨੇ (drippings), ਉਨ੍ਹਾਂ ਵਿੱਚ ਤੱਤ ਹਨ, ਜਿਨ੍ਹਾਂ ਨੂੰ AGE (advanced glycation end products) ਕਹਿੰਦੇ ਹਨ, ਗਰੇਵੀ ਵਗੈਰਾ ਬਣਾਉਣ ਲਈ ਨਹੀਂ ਵਰਤਣੇ ਚਾਹੀਦੇ। ਇਨ੍ਹਾਂ ਵਿੱਚ ਕੁਝ ਪੋਸ਼ਣ (nutrition) ਵੀ ਨਿਕਲ ਜਾਂਦੀ ਏ ਖੁਰਾਕ ਵਿੱਚੋਂ।

3. ਇਹ ਤਰੀਕਾ ਕੁਝ ਅਸੁਵਿਧਾਜਨਕ (inconvenient) ਹੈ, ਇਸ ਲਈ ਪਹਿਲੇ ਹੀ ਤਿਆਰੀ ਕਰਨੀ ਪੈਂਦੀ ਏ।

4. ਇਸ ਨਾਲ ਖਲਾਰਾ (messy) ਵੀ ਜ਼ਿਆਦਾ ਪੈਂਦੈ।

5. ਅੱਗ ਲੱਗਣ ਦਾ ਡਰ ਹੁੰਦੈ।

6. ਖੁਰਾਕ ਸਾਰੇ ਹਿੱਸਿਆਂ ਵਿੱਚ ਇੱਕੋ ਜਿਹੀ ਪੱਕਦੀ ਨਹੀਂ, ਮੁੜ ਮੁੜ ਕੇ ਉਸ ਦਾ ਪਾਸਾ ਪਲਟਣਾ ਪੈਂਦੈ।

7. ਖੁੱਲ੍ਹੀ ਥਾਂ (well ventilated area) ਵਿੱਚ ਇਸ ਦਾ ਇਸਤੇਮਾਲ ਕਰਨਾ ਚਾਹੀਦੈ।

8. ਅੱਛਾ ਹੋਵੇ ਜੇ ਗਰਿਲ ਕਰਨ ਤੋਂ ਪਹਿਲਾਂ ਖੁਰਾਕ ਨੂੰ ਹੋਰ ਤਰੀਕੇ ਨਾਲ ਥੋੜ੍ਹਾ ਜਿਹਾ ਪਕਾ ਲਵੋ ਤਾਂ ਕਿ ਗਰਿਲ 'ਤੇ ਜ਼ਿਆਦਾ ਦੇਰ ਪਕਾਉਣ ਦੀ ਜ਼ਰੂਰਤ ਨਾ ਰਵ੍ਹੇ; ਖੁਰਾਕ ਸੜੇਗੀ ਵੀ ਘੱਟ।"

"ਦੀਦੀ, ਗਰਿਲ ਕਰਨ ਨਾਲ ਖੁਰਾਕ 'ਤੇ ਕਾਫੀ ਅਸਰ ਹੁੰਦੈ। ਤੁਹਾਡਾ ਕੀ ਖਿਆਲ ਐ ਇਸ ਦੀ ਵਰਤੋਂ ਬਾਰੇ?"

"ਪ੍ਰੀਤ, ਜੇ ਕਦੇ ਕਦੇ ਕੀਤਾ ਜਾਵੇ, ਖਾਸ ਮੌਕਿਆਂ (function) 'ਤੇ ਅਤੇ ਕੁਝ ਗੱਲਾਂ ਵੱਲ ਧਿਆਨ ਦਿੱਤਾ ਜਾਵੇ, ਇਹ ਮਜ਼ੇਦਾਰ ਅਨੁਭਵ ਹੋ ਸਕਦੈ;

1. ਖੁਰਾਕ ਨੂੰ ਪਹਿਲਾਂ ਥੋੜ੍ਹਾ ਜਿਹਾ ਪਕਾ ਲਓ, ਗਰਿਲਿੰਗ ਦਾ ਵਕਤ ਘੱਟ ਕਰਨ ਲਈ।

2. ਲਾਟ (flames) ਉਤੇ ਖੁਰਾਕ ਨਾ ਪਕਾਓ।

3. coal grill ਇਸਤੇਮਾਲ ਕਰੋ।

4. ਮੀਟ (meat) ਨੂੰ ਐਸਡਿਕ ਜਾਂ ਸਿਟਰਸ ਮੈਰੀਨੇਟ ਵਿੱਚ ਭਿਉਂ ਕੇ ਰੱਖੋ ਕੁਝ ਦੇਰ ਲਈ, ਗਰਿਲ 'ਤੇ ਪਕਾਉਣ ਤੋਂ ਪਹਿਲਾਂ, ਖੁਰਾਕ ਨੂੰ ਸਿਹਤਮੰਦ ਰੱਖਣ ਲਈ।

5. ਐਂਟੀਔਕਸੀਡੈਂਟ (antioxidant) ਨਾਲ ਭਰਪੂਰ ਖੁਰਾਕ ਨਾਲ ਵਰਤਾਓ ਜਿਵੇਂ ਸਬਜ਼ੀਆਂ ਅਤੇ ਰੰਗ-ਬਰੰਗੇ ਫਲ।

6. ਥੋੜ੍ਹੀ ਥੋੜ੍ਹੀ ਦੇਰ ਬਾਅਦ ਪਾਸਾ ਬਦਲੀ ਜਾਵੋ ਤਾਂ ਕਿ ਸਾਰੇ ਪਾਸਿਆਂ ਤੋਂ ਅੱਛੀ ਤਰ੍ਹਾਂ ਪੱਕ ਜਾਵੇ ਅਤੇ ਸੜੇ ਨਾ (char ਘੱਟ ਕਰਨ ਲਈ)।"

"ਦੀਦੀ, ਅਗਲਾ ਤਰੀਕਾ ਕਿਹੜੈ?"

"ਤੀਸਰਾ ਤਰੀਕਾ ਹੈ ਮਾਈਕਰੋਵੇਵ ਓਵਨ (microwave oven) ਦਾ। ਤਕਰੀਬਨ 90% ਘਰਾਂ ਵਿੱਚ ਇਸ ਦਾ ਇਸਤੇਮਾਲ ਹੁੰਦੈ ਖੁਰਾਕ ਬਣਾਉਣ ਲਈ ਜਾਂ ਗਰਮ ਕਰਨ ਲਈ।"

"ਦੀਦੀ, ਮੈਂ ਸੁਣਿਐ ਇਨ੍ਹਾਂ ਵਿੱਚੋਂ ਰੇਡੀਏਸ਼ਨ (radiation) ਨਿਕਲਦੀ ਏ।"





"ਨਹੀਂ ਪ੍ਰੀਤ, ਇਹ ਬਿਲਕੁਲ ਗਲਤ ਹੈ। ਰੇਡੀਏਸ਼ਨ ਵਿੱਚ ionization energy ਹੁੰਦੀ ਏ, ਜਿਸ ਨਾਲ DNA ਖਰਾਬ ਹੁੰਦੈ। ਮਾਈਕਰੋਵੇਵ ਦੀ energy ਹੈ ਇਲੈਕਟਰੋਮੈਗਨੇਟਿਕ ਵੇਵਜ਼ (electromagnetic waves), ਜੋ ਬਿਲਕੁਲ ਵੱਖਰੇ ਤਰ੍ਹਾਂ ਦੀਆਂ ਹਨ, ਜਿਸ ਤਰ੍ਹਾਂ ਦੀਆਂ ਆਪਣੇ ਫੋਨ, ਆਈਪੈਡ ਜਾਂ ਟੀ.ਵੀ. ਤੋਂ ਨਿਕਲਦੀਆਂ ਨੇ, ਪਰ ਇਨ੍ਹਾਂ ਦੀ ਮਿਕਦਾਰ ਕਾਫੀ ਜ਼ਿਆਦਾ ਹੁੰਦੀ ਏ ਅਤੇ ਇਹ non-ionizing ਹਨ, ਯਾਨਿ DNA ਖਰਾਬ ਨਹੀਂ ਕਰਦੀਆਂ। ਇਹ ਪਾਣੀ ਦੇ ਮੌਲੀਕਿਊਲ ਨੂੰ ਬਹੁਤ ਤੇਜ਼ੀ ਨਾਲ ਹਿਲਾਉਂਦੀਆਂ ਨੇ ਅਤੇ ਉਨ੍ਹਾਂ ਦੀ ਆਪਸ ਵਿੱਚ ਰਗੜ (friction) ਤੋਂ ਗਰਮਾਇਸ਼ ਪੈਦਾ ਹੁੰਦੀ ਹੈ, ਖੁਰਾਕ ਨੂੰ ਪਕਾਉਣ ਜਾਂ ਗਰਮ ਕਰਨ ਲਈ।"

"ਦੀਦੀ, ਇਸ ਨੂੰ ਇਸਤੇਮਾਲ ਕਰਨ ਦੇ ਫਾਇਦੇ ਅਤੇ ਫਿਰ ਨੁਕਸਾਨ ਵੀ ਦੱਸ ਦਿਓ।"

"ਫਾਇਦੇ ਹਨ:

1. ਇਹ ਬਹੁਤ ਹੀ ਸੁਵਿਧਾਜਨਕ (convenient) ਅਤੇ ਤੇਜ (fast) ਖੁਰਾਕ ਪਕਾਉਣ ਅਤੇ ਗਰਮ ਕਰਨ ਦਾ ਵਸੀਲਾ ਹੈ।

2. ਇਸ ਵਿੱਚ ਖੁਰਾਕ ਸੜਦੀ (burn) ਨਹੀਂ, ਇਸ ਕਰਕੇ ਐਕਰੀਲਾਮਾਈਡ (acrylamide) ਵੀ ਨਹੀਂ ਬਣਦੇ। (ਐਕਰੀਲਾਮਾਈਡ ਇੱਕ ਤਰ੍ਹਾਂ ਦਾ ਰਸਾਇਣ ਹੈ, ਜੋ ਉਚ ਤਾਪਮਾਨ 'ਤੇ ਖਾਣਾ ਬਣਾਉਣ ਦੀ ਪ੍ਰਕ੍ਰਿਆਵਾਂ ਦੌਰਾਨ ਕੁਝ ਭੋਜਨਾਂ ਵਿੱਚ ਬਣਦਾ ਹੈ)

3. ਖਾਣਾ ਜਲਦੀ ਬਣ ਜਾਂਦੈ ਅਤੇ ਜਲਦੀ ਹੀ ਗਰਮ ਹੋ ਜਾਂਦੈ; ਤੇਲ ਅਤੇ ਪਾਣੀ ਦਾ ਵੀ ਘੱਟ ਇਸਤੇਮਾਲ ਹੁੰਦਾ ਏ। ਇੰਜ ਖੁਰਾਕ ਦੇ ਥੋੜ੍ਹੇ ਤੱਤ ਖਤਮ ਹੁੰਦੇ ਨੇ, ਇਸ ਕਰਕੇ ਇਹ ਸਿਹਤਮੰਦ (healthy) ਤਰੀਕਾ ਖਾਣਾ ਪਕਾਉਣ ਦਾ ਸਮਝਿਆ ਜਾਂਦੈ।

ਨੁਕਸਾਨ ਹਨ:

1. ਖਾਣਾ ਬਣਾਉਣ ਜਾਂ ਗਰਮ ਕਰਨ ਵੇਲੇ ਕੁਝ ਥਾਵਾਂ ਤੋਂ ਠੰਡਾ (ਕੋਲਡ ਸਪੌਟ) ਰਹਿ ਜਾਂਦੈ, ਉਹ ਹਿੱਸਾ ਪੱਕਦਾ ਨਹੀਂ ਅਤੇ ਕੀਟਾਣੂ ਵੀ ਉਸ ਹਿੱਸੇ ਵਿੱਚ ਨਹੀਂ ਮਰਦੇ।

2. ਪਾਣੀ ਜਾਂ ਹੋਰ ਤਰਲ ਗਰਮ ਕਰਨ ਵੇਲੇ ਜੇ ਜ਼ਿਆਦਾ ਦੇਰ ਲਈ ਗਰਮ ਕਰੀਏ, ਕਈ ਵਾਰੀ ਬਬਲਜ਼ ਨਹੀਂ ਬਣਦੇ, ਜਦੋਂ ਹੀ ਭਾਂਡੇ ਨੂੰ ਹਿਲਾਇਆ ਜਾਂਦੈ, ਉਹ ਉਬਲ ਕੇ ਹੱਥਾਂ 'ਤੇ ਪੈ ਕੇ ਹੱਥ ਸਾੜ ਸਕਦੈ।

3. ਖੁਰਾਕ ਦੀ ਲਾਈਫ ਤਾਕਤ (biophotons energy) ਖਤਮ ਹੋ ਜਾਂਦੀ ਏ।

4. ਕੁਝ ਸਟੱਡੀਜ਼ ਤੋਂ ਪਤਾ ਲੱਗਿਆ ਹੈ ਕਿ ਇਨ੍ਹਾਂ ਦਾ ਸਿਹਤ ਅਤੇ ਭੋਜਨ 'ਤੇ ਵੀ ਮਾੜਾ ਅਸਰ ਹੋ ਸਕਦੈ, ਪਰ ਇਸ ਤਰ੍ਹਾਂ ਦੀ ਜਾਣਕਾਰੀ ਦੀਆਂ ਰਿਪੋਰਟਾਂ ਘੱਟ ਮਿਲਦੀਆਂ ਹਨ। ਬਹੁਤੀ ਜਾਣਕਾਰੀ ਦੇ ਹਿਸਾਬ ਨਾਲ ਇਨ੍ਹਾਂ ਦੀ ਵਰਤੋਂ ਸੁਰੱਖਿਅਤ (safe) ਹੈ।

5. ਥੋੜ੍ਹੀ ਜਿਹੀਆਂ ਇਲੈਕਟਰੋ ਮੈਗਨੈਟਿਕ ਵੇਵਜ਼ ਲੀਕ ਹੋ ਸਕਦੀਆਂ ਨੇ, ਜਦੋਂ ਵੀ ਇਹ ਚੱਲਦਾ ਹੋਵੇ, ਉਸ ਦੇ ਸਾਹਮਣੇ ਨਹੀਂ ਖੜ੍ਹਨਾ ਚਾਹੀਦਾ ਅਤੇ ਨਾ ਹੀ ਕੋਸ਼ਿਸ਼ ਕਰੋ ਵਿੱਚ ਝਾਤੀਆਂ ਮਾਰਨ ਦੀ। ਦੇਖਿਆ ਗਿਆ ਕਿ ਮੋਤੀਆ ਹੋ ਸਕਦੈ, ਅੱਖਾਂ 'ਤੇ ਮਾੜਾ ਅਸਰ ਹੋਣ ਕਰ ਕੇ।

6. ਇਸ ਵਿੱਚ ਬਣੇ ਭੋਜਨ ਵਿੱਚ ਖੁਰਾਕ ਦੇ ਫਾਈਟੋਨਿਊਟਰੈਂਟ (phytonutrients) ਯਾਨਿ ਕੁਦਰਤੀ ਮਿਸ਼ਰਣ ਘਟ ਜਾਂਦੇ ਨੇ।

ਜਦੋਂ ਤੁਸੀਂ ਇਸ (ਮਾਈਕਰੋਵੇਵ ਓਵਨ) ਨੂੰ ਵਰਤਦੇ ਹੋ, ਕੁਝ ਗੱਲਾਂ ਵੱਲ ਧਿਆਨ ਕਰਨਾ ਜ਼ਰੂਰੀ ਹੈ:

1. ਕਦੇ ਵੀ ਪਲਾਸਟਿਕ ਦਾ ਡੱਬਾ ਇਸਤੇਮਾਲ ਨਾ ਕਰੋ, ਮਾਈਕਰੋਪਲਾਸਟਿਕਸ (microplastics) ਖਾਣੇ ਵਿੱਚ ਚਲੇ ਜਾਂਦੇ ਨੇ। ਜੇ ਕੱਚ ਦਾ ਭਾਂਡਾ ਹੈ, ਪਰ ਢੱਕਣ ਪਲਾਸਟਿਕ ਦਾ ਹੈ, ਖਾਣਾ ਠੰਡਾ ਹੋਣ 'ਤੇ ਹੀ ਉਹ ਢੱਕਣ ਦੇਵੋ ਉਸ ਦੇ ਉਤੇ, ਕਿਉਂਕਿ ਭਾਫ ਕਵਰ 'ਤੇ ਪਾਣੀ ਬਣ ਕੇ ਫਿਰ ਖੁਰਾਕ ਵਿੱਚ ਡਿੱਗੇਗੀ।"

"ਦੀਦੀ, ਪਲਾਸਟਿਕ ਤੋਂ ਬਿਨਾ ਕੀ ਕੀ ਵਸਤਾਂ ਮਾਈਕਰੋਵੇਵ ਵਿੱਚ ਨਹੀਂ ਇਸਤੇਮਾਲ ਕਰਨੀਆਂ ਚਾਹੀਦੀਆਂ?"

"-ਸਟਾਇਰੋਫੋਮ (styrofoam) ਦੇ ਕੱਪ, ਪਲੇਟਾਂ ਵਗੈਰਾ

-ਬਰਾਊਨ ਪੇਪਰ ਬੈਗ

-ਅਖਬਾਰ ਦੇ ਪੰਨੇ

-Dishes, ਜਿਨ੍ਹਾਂ 'ਤੇ ਧਾਤ ਦੀ decoration ਹੁੰਦੀ ਏ

-ਮੈਟਲ ਟਵਿਸਟ ਟਾਈਜ਼ (metal twist ties)

-ਫੁਆਇਲ (aluminum foil) ਜਾਂ ਹੋਰ ਧਾਤ ਦਾ ਭਾਂਡਾ।"

"ਹੁਣ ਨਾਲ ਲੱਗਦੇ ਇਹ ਵੀ ਦੱਸ ਦਿਓ, ਕੀ ਕੀ ਚੀਜ਼ਾਂ ਇਸਤੇਮਾਲ ਕਰ ਸਕਦੇ ਹਾਂ?"

"-ਕੱਚ ਅਤੇ ਸਿਰਾਮਿਕ ਦੇ ਭਾਂਡੇ

-ਮਾਈਕਰੋਵੇਵ ਓਵਨ ਕੁਕਿੰਗ ਬੈਗਜ਼ (cooking bags)

-ਪੇਪਰ ਪਲੇਟਾਂ, ਨੈਪਕਿਨਜ਼ ਜਿਨ੍ਹਾਂ ਉਤੇ ਪਰਿੰਟ ਨਾ ਹੋਵੇ

-ਵੈਕਸ (wax) ਅਤੇ ਪਾਰਚਮੈਂਟ ਪੇਪਰ

ਇਨ੍ਹਾਂ ਦੀ ਵਰਤੋਂ ਹੋ ਸਕਦੀ ਹੈ। ਭਾਂਡੇ ਨੂੰ ਕਵਰ ਕਰਕੇ ਮਾਈਕਰੋਵੇਵ ਵਿੱਚ ਰੱਖੋ, ਪਰ ਥੋੜ੍ਹੀ ਜਿਹੀ ਵਿਰਲ ਕਰਕੇ, ਭਾਫ ਨਿਕਲਣ ਲਈ।"

"ਦੀਦੀ, ਖੁਰਾਕ ਗਰਮ ਕਰਨ ਵਾਲੇ ਭਾਂਡਿਆਂ ਤੋਂ ਬਿਨਾ ਹੋਰ ਕਿਸ ਤਰ੍ਹਾਂ ਦੀ ਖੁਰਾਕ ਜਾਂ ਚੀਜ਼ਾਂ ਮਾਈਕਰੋਵੇਵ ਵਿੱਚ ਰੱਖਣ ਤੋਂ ਪਰਹੇਜ਼ ਕਰਨਾ ਚਾਹੀਦੈ?"

"2. ਕੱਚੀ ਕੇਲ (raw kale) ਇਸ ਵਿੱਚ ਨਾ ਪਕਾਓ, ਚੰਗਿਆੜੀਆਂ (sparks) ਦਾ ਡਰ ਹੁੰਦੈ।

3. ਬੇਬੀ ਦਾ ਫਾਰਮੂਲਾ ਇਸ ਵਿੱਚ ਕਦੇ ਵੀ ਨਾ ਗਰਮ ਕਰੋ।

4. ਸਾਬਤ ਅੰਡਾ ਕੱਚਾ ਜਾਂ ਪੱਕਿਆ ਹੋਇਆ ਗਰਮ ਨਾ ਕਰੋ ਇਸ ਵਿੱਚ- ਫਟ ਜਾਂਦੈ (explodes)

5. ਫੇਸ ਮਾਸਕ ਨੂੰ ਇਸ ਵਿੱਚ ਸਟਰਲਾਈਜ਼ (sterilize) ਨਾ ਕਰੋ, ਕੱਪੜਾ ਖਰਾਬ ਹੋ ਜਾਂਦੈ ਅਤੇ ਤੁਹਾਡੀ ਸੁਰੱਖਿਆ (protection) ਨਹੀਂ ਕਰੇਗਾ; ਧਾਤ ਦਾ ਨੱਕ ਵਾਲਾ ਹਿੱਸਾ ਅੱਗ ਲਗਾ ਸਕਦੈ।

6. ਮੀਟ ਵਗੈਰਾ ਫਰਿੱਜ ਵਿੱਚ ਹੀ ਡੀਫਰੌਸਟ (defrost) ਕਰੋ, ਮਾਈਕਰੋਵੇਵ ਵਿੱਚ ਨਹੀਂ।"

"ਦੀਦੀ, ਬਹੁਤ ਵਾਰੀ ਦੱਸਿਐ ਮਾਈਕਰੋਪਲਾਸਟਿਕਸ ਆਪਣੀ ਖੁਰਾਕ ਵਿੱਚ ਘੁਲ ਜਾਂਦੇ ਨੇ, ਪਲਾਸਟਿਕ ਦੇ ਡੱਬਿਆਂ ਅਤੇ ਪਲਾਸਟਿਕ ਦੀਆਂ ਪਾਣੀ ਦੀਆਂ ਬੋਤਲਾਂ ਤੋਂ। ਇਨ੍ਹਾਂ ਦੇ ਕੀ ਨੁਕਸਾਨ ਹੁੰਦੇ ਹਨ? ਮੈਂ ਤਾਂ ਭੁੱਲ ਗਈ, ਦੁਬਾਰਾ ਦੱਸ ਦਿਓ ਪਲੀਜ਼!"

"ਤੂੰ ਦੇਖਿਆ ਹੋਣੈ ਪਲਾਸਟਿਕ ਦੀ ਵਰਤੋਂ ਬਹੁਤ ਵਧ ਗਈ ਹੈ। ਕੋਸ਼ਿਸ਼ ਕਰੋ, ਤੁਸੀਂ ਇਸ ਦਾ ਇਸਤੇਮਾਲ ਨਾ ਕਰੋ- ਨਾ ਖੁਰਾਕ ਪਕਾਉਣ ਲਈ ਅਤੇ ਨਾ ਹੀ ਜਮ੍ਹਾਂ ਕਰਨ (storage) ਲਈ। ਧਿਆਨ ਰੱਖੋ ਖਰੀਦਣ ਵੇਲੇ, ਕੋਸ਼ਿਸ਼ ਕਰੋ ਕਿ ਪਲਾਸਟਿਕ ਦੇ ਡੱਬੇ ਵਿੱਚ ਰੱਖੀ ਖੁਰਾਕ ਵੀ ਨਾ ਖਰੀਦੋ। ਮਾਈਕਰੋਪਲਾਸਟਿਕ ਬਹੁਤ ਹੀ ਛੋਟੇ ਛੋਟੇ ਤੱਤ ਹਨ, ਜੋ ਪਲਾਸਟਿਕ ਦੇ ਭਾਂਡਿਆਂ ਵਿੱਚੋਂ ਨਿਕਲ ਕੇ ਸਾਡੀ ਖੁਰਾਕ ਵਿੱਚ ਹੌਲੀ ਹੌਲੀ ਸਮਾ ਜਾਂਦੇ ਨੇ। ਉਹ ਆਪਣੀ ਉਸਾਰੂ ਕਿਰਿਆ (metabolism) ਦਾ ਭੱਠਾ ਬਿਠਾ ਦਿੰਦੇ ਹਨ ਅਤੇ ਸਰੀਰਕ ਹਾਰਮੋਨਜ਼ 'ਤੇ ਵੀ ਬਹੁਤ ਖਤਰਨਾਕ ਅਸਰ ਕਰਦੇ ਹਨ। ਇਨ੍ਹਾਂ ਦੇ ਕਾਰਨ ਲੰਮੇ ਅਰਸੇ ਵਾਲੀਆਂ ਬਿਮਾਰੀਆਂ (chronic diseases) ਪ੍ਰਤੀ ਰੋਧਕ ਸ਼ਕਤੀ (immune system), ਬਾਂਝਪਣ (infertility) ਅਤੇ ADHD ਵਗੈਰਾ ਹੋ ਜਾਂਦੀਆਂ ਹਨ। ਇਸ ਕਰਕੇ ਪਲਾਸਟਿਕ ਦੇ ਭਾਂਡਿਆਂ ਤੋਂ ਪਰੇ ਹੀ ਰਹੋ!"

"ਦੀਦੀ, ਇਹ ਤਾਂ ਕੰਮ ਸੌਖਾ ਹੀ ਹੈ। ਮੁਸ਼ਕਿਲ ਇਹ ਹੈ ਕਿ ਮਾਈਕਰੋਵੇਵ ਓਵਨ ਦੀ ਮੈਨੂੰ ਕਾਫੀ ਆਦਤ ਸੀ, ਇਸ ਨੂੰ ਇਸਤੇਮਾਲ ਕਰਨ ਦੀ, ਖਾਣਾ ਗਰਮ ਕਰਨ ਦੀ। ਤੁਹਾਡੀ ਦਿੱਤੀ ਜਾਣਕਾਰੀ ਬਾਅਦ ਮੈਂ ਥੋੜ੍ਹਾ ਜਿਹਾ ਝਿਜਕ ਰਹੀ ਹਾਂ।"

"ਪ੍ਰੀਤ, ਬਹੁਤੀ ਜਾਣਕਾਰੀ ਦੇ ਮੁਤਾਬਕ ਇਸ ਦਾ ਇਸਤੇਮਾਲ ਠੀਕ ਹੈ। ਮੈਂ ਬੜੀ ਕੋਸ਼ਿਸ਼ ਕੀਤੀ ਹੋਰ ਜ਼ਿਆਦਾ ਜਾਣਕਾਰੀ ਲੱਭਣ ਲਈ, ਖਾਸ ਕਰ ਕੇ ਖੁਰਾਕ 'ਤੇ ਅਸਰ ਬਾਰੇ, ਪਰ ਬਹੁਤ ਘੱਟ ਜਾਣਕਾਰੀ ਵਾਲੇ ਲੇਖ/ਵੇਰਵੇ ਮਿਲਦੇ ਹਨ। ਕਈਆਂ ਦੇ ਘਰ ਇਹ ਹੈ, ਪਰ ਉਹ ਇਸ ਦਾ ਇਸਤੇਮਾਲ ਨਹੀਂ ਕਰਦੇ, ਜਿਵੇਂ- Dr. Andrew Weils ਅਤੇ ਕੁਝ ਹੋਰ ਸਾਇੰਸਦਾਨ। ਕੋਸ਼ਿਸ਼ ਕਰੋ ਜੇ ਉਸ ਤੋਂ ਬਿਨਾ ਕੰਮ ਚੱਲ ਜਾਵੇ। ਨਹੀਂ ਤਾਂ ਜਦੋਂ ਵਕਤ ਘੱਟ ਹੋਵੇ ਖੁਰਾਕ ਗਰਮ ਕਰਨ ਲਈ, ਇਸਤੇਮਾਲ ਕਰ ਲਵੋ, ਪਰ ਪਹਿਲਾਂ ਦੂਜੀਆਂ ਗੱਲਾਂ ਵੱਲ ਧਿਆਨ ਦੇ ਕੇ। ਖਾਸ ਕਰ ਕੇ ਜਿੰਨੀ ਦੇਰ ਤੱਕ ਹੋਰ ਜ਼ਿਆਦਾ ਸਕੇਲ 'ਤੇ ਸਟੱਡੀਜ਼ ਨਹੀਂ ਮਿਲਦੀਆਂ। ਬਾਕੀ ਵਕਤ ਥੋੜ੍ਹੀ ਜਿਹੀ ਪ੍ਰੀਪਲੈਨਿੰਗ (pre planning) ਨਾਲ, ਦੂਸਰੇ ਤਰੀਕਿਆਂ ਦੀ ਵਰਤੋਂ ਨਾਲ ਕੰਮ ਚਲਾਇਆ ਜਾ ਸਕਦੈ, ਜਿਵੇਂ ਕਨਵੈਕਸ਼ਨ ਟੋਸਟਰ ਓਵਨ, ਏਅਰ ਫਰਾਇਰ, ਸਟੋਵ ਟੌਪ ਅਤੇ ਰੈਗੂਲਰ ਓਵਨ ਨਾਲ। ਥੋੜ੍ਹੀ ਜਿਹੀ ਅਸੁਵਿਧਾਜਨਕ ਜ਼ਰੂਰ ਹੈ। ਆਪਣੇ ਕੋਲ ਖੁਰਾਕ ਬਣਾਉਣ ਦੇ ਹੋਰ ਕਈ ਅੱਛੇ ਤਰੀਕੇ ਹਨ, ਜੋ ਆਪਾਂ ਅਗਲੀ ਮੁਲਾਕਾਤ ਵੇਲੇ ਵਿਚਾਰਾਂਗੇ। ਅੱਜ ਇੱਥੇ ਹੀ ਬੰਦ ਕਰ ਦਿੰਦੇ ਹਾਂ। ਰੱਬ ਰਾਖਾ!"

# ‘ਗਰਲਜ਼ ਹੋਸਟਲ’: ਆਜ਼ਾਦ ਔਰਤ ਮਨ ਦੀ ਕਾਮਨਾ

**ਪੜਚੋਲ**



**ਡਾ. ਪਰਮਜੀਤ ਸਿੰਘ ਸੋਹਲ**

ਮਨਦੀਪ ਔਲਖ ਦੀ ਕਵਿਤਾ ਸਾਦੇ ਸ਼ਬਦਾਂ ’ਚ ਗਹਿਰੇ ਦੁੱਖਾਂ ਦੀ ਚਿੱਤਰਕਾਰੀ ਹੈ। ਉਸਦੀ ਕਵਿਤਾ ਵਿੱਚ ਕਿਤੇ ਵੀ ਸੰਚਾਰ ਦੀ ਸਮੱਸਿਆ ਨਜ਼ਰ ਨਹੀਂ ਹੁੰਦੀ। ਸਾਡੇ ਆਲੇ-ਦੁਆਲੇ ਨਾਲ ਖਹਿ ਕੇ ਚਲਦੀ ਇਹ ਕਵਿਤਾ ਵਾਧੂ ਬਿੰਬਾਂ, ਪ੍ਰਤੀਕਾਂ, ਅਲੰਕਾਰਾਂ ਦੇ ਲਿਬਾਸ ਨਹੀਂ ਪਹਿਨਦੀ, ਸਗੋਂ ਬਚਪਨ ਦੀਆਂ ਗ਼ੁਲਾਬੀ ਫੁੱਲਾਂ ਵਾਲੀਆਂ ਚੱਪਲਾਂ ਪੈਰੀਂ ਪਾ ਕੇ ਤੁਰਨਾ ਪਸੰਦ ਕਰਦੀ ਹੈ। ਉਸਦੀ ਤੋਰ ਵਿੱਚ ਸਵੈਮਾਣ ਹੈ, ਆਜ਼ਾਦ ਪੌਣਾਂ ਜਿਹੀ ਫ਼ਿਤਰਤ ਹੈ ਤੇ ਪਹਾੜੀ ਪਗਡੰਡੀਆਂ ’ਤੇ ਇਕੱਲਿਆਂ ਤੁਰਨ ਦੀ ਖਰਮਸਤੀ ਭਰੀ ਚਾਹਤ ਹੈ। ਆਪਣੀ ਜ਼ਿੰਦਗੀ ਦੇ ਸਫ਼ਰ ’ਤੇ ਉਹ ਕਿਸੇ ਦੂਜੇ ਦਾ ਦਖ਼ਲ ਬਰਦਾਸ਼ਤ ਨਹੀਂ ਕਰਨਾ ਚਾਹੁੰਦੀ। ਉਸਦੀ ਸਮਾਜ ਦੇ ਠੋਸੇ ਹਰ ਭਾਰ, ਫ਼ਤਵੇ ਤੇ ਸੰਸਕਾਰ ਤੋਂ ਮੁਕਤ ਹੋ ਕੇ ਵਿਚਰਨ ਦੀ ਅਕਾਂਖ਼ਸ਼ਾ ਹੈ। ਉਹਦੇ ਅੰਦਰ ਪਹਾੜੀ ਦੇਵਦਾਰਾਂ ਨਾਲ ਗੁਫ਼ਤਗੂ ਕਰਨ ਦੀ ਕਾਮਨਾ ਹੈ।

ਮੈਂ ਮਨਦੀਪ ਔਲਖ ਦੇ ਕਾਵਿ-ਸੰਗ੍ਰਹਿ ‘ਗਰਲਜ਼ ਹੋਸਟਲ’ ਦਾ ਕਿਸੇ ਆਲੋਚਨਾ ਦ੍ਰਿਸ਼ਟੀ ਅਨੁਸਾਰ ਨਹੀਂ ਬਲਕਿ ਪਾਠਕ ਵਜੋਂ ਪਾਠਗਤ ਅਧਿਅਨ ਕੀਤਾ ਹੈ। ਸਮਕਾਲੀ ਕਾਵਿ ਵਿੱਚ ਮਨਦੀਪ ਔਲਖ ਦੀ ਇਹ ਸੁਰ ਵਿਲੱਖਣ ਹੈ ਤੇ ਗੌਲਣਯੋਗ ਵੀ।

ਮਨਦੀਪ ‘ਗਰਲਜ਼ ਹੋਸਟਲ’ ਕਿਤਾਬੀ ਸਿਰਲੇਖ ਵਾਲੀ ਪਹਿਲੀ ਕਵਿਤਾ ਵਿੱਚ ਹੀ ਮਰਿਆਦਾਵਾਂ ਦੀ ਸਮਾਜਿਕ ਕੈਦ ਤੋਂ ਆਜ਼ਾਦ ਹੋਣ ਦਾ ਐਲਾਨ ਕਰਦੀ ਹੈ। ਹੋਸਟਲਾਂ ਵਿੱਚ ਰਹਿੰਦੀਆਂ ਕੁੜੀਆਂ ਦੇ ਅੰਗ ਬਸਤਰਾਂ ਨੂੰ ਬੇਝਿਜਕ ਵਰਾਂਡੇ ਦੀ ਤਾਰ ’ਤੇ ਸੁਕਣੇ ਪਿਆਂ ਦਰਸਾ ਕੇ ਤੇ ਕੰਟੀਨ ਵੱਲ ਜਾਂਦੀਆਂ ਕੁੜੀਆਂ ਦਾ ਬੇਬਾਕ ਹਾਸਾ ਦਿਖਾ/ਦਰਸਾ ਕੇ ਉਹ ਇੱਕ ਕਿਸਮ ਦੀ ਆਜ਼ਾਦੀ ਦਾ ਸੰਕਲਪ ਸੁਝਾ ਦਿੰਦੀ ਹੈ। ਇਸ ਕਵਿਤਾ ਵਿੱਚ ਉਦੋਂ ਹੋਰ ਵਿਸਤਾਰ ਸ਼ਾਮਿਲ ਹੁੰਦਾ ਹੈ, ਜਦੋਂ ਕੁੜੀਆਂ ਲਾਅਨ ਵਿੱਚ ਬੈਠੀਆਂ ਇੱਕ-ਦੂਜੀ ਨਾਲ ਛੇੜ-ਛਾੜ ਕਰਦੀਆਂ ਵਰਜਿਤ ਗੱਲਾਂ ਵੀ ਬੇਬਾਕੀ ਨਾਲ ਸਾਂਝੀਆਂ ਕਰਦੀਆਂ ਹਨ। ਸਮਾਜਿਕ, ਨੈਤਿਕ ਬੰਦਿਸ਼ਾਂ ਤੋਂ ‘ਗਰਲਜ਼ ਹੋਸਟਲ’ ਦੀਆਂ ਸੀਮਾਵਾਂ ਉਨ੍ਹਾਂ ਨੂੰ ਇਹ ਆਜ਼ਾਦੀ ਪ੍ਰਦਾਨ ਕਰਦੀਆਂ ਹਨ। ਉਥੇ ਨਾ ਘਰਾਂ, ਮੁਹੱਲਿਆਂ ਤੇ ਸ਼ਹਿਰ ਦੀਆਂ ਸ਼ਾਲੀਨਤਾਵਾਂ ਦੀਆਂ ਮਸਨੂਈ ਰਵਾਇਤਾਂ ਹਨ ਤੇ ਨਾ ਦੇਸ਼ ਦੀ ਸ਼ਾਂਤੀ ਤੇ ਕਾਨੂੰਨ ਦੀਆਂ ਕੋਈ ਹੱਦਬੰਦੀਆਂ। ਹੋਸਟਲ ਵਿੱਚ ਪੂਰੀ ਤਰ੍ਹਾਂ ਤਨ ਢਕ ਕੇ ਰੱਖਣ ਦੇ ਵਿਪਰੀਤ ਨਿੱਕਰਾਂ ਤੇ ਟੀ-ਸ਼ਰਟਾਂ ਪਹਿਨ ਖੁੱਲ੍ਹਾ ਵਿਚਰਨਾ ਉਨ੍ਹਾਂ ਦੀ ਰੁਟੀਨ ਦਾ ਹਿੱਸਾ ਹੁੰਦਾ ਹੈ। ਕਵਿਤਾ ’ਚ ਅਗਲਾ ਮੋੜ ਉਦੋਂ ਆਉਂਦਾ ਹੈ, ਜਦੋਂ ਹੋਸਟਲ ਵਿੱਚ ਦਾਖ਼ਲ ਹੋਈਆਂ ਨਵੀਆਂ ਕੁੜੀਆਂ ਉਦਾਸੀ ਵਿੱਚ ਵਿਚਰਦੀਆਂ ਕੰਟੀਨ ਦੇ ਬੇਸਵਾਦੇ ਖਾਣੇ ਦੀ ਸ਼ਿਕਾਇਤ ਕਰਦੀਆਂ ਹਨ, ਪਰ ਉਨ੍ਹਾਂ ਨੂੰ ਇਹ ਪਤਾ ਨਹੀਂ ਹੁੰਦਾ ਕਿ ਜਦੋਂ ਉਹ ਹੋਸਟਲ ਦੀ ਜ਼ਿੰਦਗੀ ਛੱਡ ਕੇ ਕਬੀਲਦਾਰੀ ’ਚ ਪੈਣਗੀਆਂ ਤਾਂ ਅਜਿਹੀ ਸ਼ਿਕਾਇਤ ਹੀ ਉਨ੍ਹਾਂ ਨੂੰ ਉਮਰ ਭਰ ਝੱਲਣੀ ਪਵੇਗੀ। ਉਨ੍ਹਾਂ ਦੀ ਅਗਲੇਰੀ ਆਉਣ ਵਾਲੀ ਜ਼ਿੰਦਗੀ ਉਦਾਸ ਔਰਤਾਂ ਵਾਲੀ ਜ਼ਿੰਦਗੀ ਬਣ ਕੇ ਰਹਿ ਜਾਵੇਗੀ। ਨਜ਼ਮ ਦੀਆਂ ਅਖ਼ੀਰਲੀਆਂ ਸਤਰਾਂ ਵਿੱਚ ਮਨਦੀਪ ਇੱਕ ਦ੍ਰਿਸ਼-ਚਿੱਤਰ ਪੇਸ਼ ਕਰਦੀ ਹੈ, ਜਿੱਥੇ ਅਮੀਰ ਘਰ ਵਿਆਹੀ ਗਈ ਔਰਤ ਅੱਧੀ ਰਾਤੀਂ ਸੁੱਤੇ ਪਏ ਮਰਦ ਦੇ ਘੁਰਾੜੇ ਸੁਣਦੀ ਉਨੀਂਦਰੀ ਬਹਿ ਕੇ ਅੱਖਾਂ ’ਚ ਸਿੰਮ ਆਏ ਹੰਝੂਆਂ ਵਿੱਚ ‘ਗਰਲਜ਼ ਹੋਸਟਲ’ ਨੂੰ ਧੜਕਦਾ ਮਹਿਸੂਸ ਕਰਦੀ ਹੈ। ਹੋਸਟਲ ਦੀ ਰੋਮਾਂਟਿਕ ਜ਼ਿੰਦਗੀ ਨਾਲੋਂ ਅਸਲ ਜ਼ਿੰਦਗੀ ਦੀ ਕੌੜੀ ਸੱਚਾਈ ਹੋਰ ਹੁੰਦੀ ਹੈ। ਮਨਦੀਪ ਦਾ ਦੋਹਾਂ ਜ਼ਿੰਦਗੀਆਂ ਨੂੰ ਸਥਿਤੀਆਂ ਦੇ ਸਨਮੁਖ ਖਲ੍ਹਿਆਰ ਕੇ ਔਰਤ ਦੀ ਛਟਪਟਾਹਟ ਨੂੰ ਜ਼ੁਬਾਨ ਦੇਣ ਦਾ ਅੰਦਾਜ਼ ਪੜ੍ਹ/ਵਾਚ ਕੇ ਰਵਿੰਦਰ ਭੱਠਲ ਦੀ ‘ਸਿਲੇਬਸ ਤੋਂ ਬਾਹਰਲੀਆਂ ਗੱਲਾਂ’ ਨਾਮੀ ਕਵਿਤਾ ਚੇਤਿਆਂ ਵਿੱਚ ਤੈਰਨ ਲੱਗਦੀ ਹੈ।

‘ਟੁੱਟੀ ਲੱਤ ਤੇ ਅਸ਼ਵਮੇਧ’ ਨਜ਼ਮ ਭਾਰਤੀ ਮਿਥਿਹਾਸ ਦੇ ਹਵਾਲੇ ਨਾਲ ਰਾਜਨੀਤਕ ਚੇਤਨਾ ਉਭਾਰਦੀ ਹੈ। ਲੋਕਤੰਤਰ ਦੇ ਨਾਂ ’ਤੇ ਸੱਤਾਧਾਰੀ ਹਕੂਮਤ ਪੁਲਿਸ ਬਲ ਦਾ ਪ੍ਰਯੋਗ ਕਰਕੇ ਖੱਬੇ ਪੱਖੀ ਧਿਰ ਦੇ ਇਨਕਲਾਬ ਦੀ ਗੱਲ ਕਰਨ ਨੂੰ ਰੋਕਣ ਲਈ ਲੋਕਾਂ ’ਤੇ ਅਤਿਆਚਾਰ ਕਰਦੀ ਹੈ। ਸ਼ਿਖਾ ਸਿਨਹਾ, ਦਿਵਾਂਕਰ ਚਤੁਰਵੇਦੀ ਤੇ ਗੋਪਾਲ ਵਰਗੇ ਆਗੂਆਂ ਨੂੰ ਕਿਵੇਂ ਕ੍ਰਮਵਾਰ ਨੇਪਾਲ ਦੇ ਬਾਰਡਰ ਲਾਗਲੇ ਪਿੰਡ ਹਾਵੜਾ ਦੀਆਂ ਬੱਤੀਆਂ ਤੇ ਸਤਨਾ ਦੇ ਪਿੰਡ ਕੋਲ ਵਹਿੰਦੀ ਗੋਦਾਵਰੀ ਦੇ ਪਾਣੀ ਦੀ ਯਾਦ ਆ ਜਾਂਦੀ ਹੈ। ਇਨ੍ਹਾਂ ਲੋਕ ਧਿਰ ਦੇ ਨਾਇਕਾਂ ’ਤੇ ਹੋ ਰਹੇ ਜ਼ੁਲਮ ਦਾ ਮਾਰਮਿਕ ਬਿਆਨ ਤੇ ਇਨਕਲਾਬ ਦੀ ਇਬਾਰਤ ਦਰਸਾਉਂਦੇ ਬੋਲ ਉਸ ਵੇਲੇ ਹੋਰ ਮੁਖਰ ਹੋ ਜਾਂਦੇ ਹਨ, ਜਦੋਂ ਨਜ਼ਮ ਵਿੱਚ ਸਿਖਰ ’ਤੇ ਅਸ਼ਵਮੇਧ ਯੱਗ ਦੇ ਘੋੜੇ ਦੇ ਠਿਠਕ ਜਾਣ ਦਾ ਜ਼ਿਕਰ ਆਉਂਦਾ ਹੈ। ਇਨਕਲਾਬੀ ਧਿਰ ਦੀ ਦੁਰਦਸ਼ਾ ਨੂੰ ਉਘਾੜਦੀ ਹੋਈ ਇਹ ਕਵਿਤਾ ਕਵਿਤਰੀ ਦੀ ਖੱਬੇ ਧਿਰ ਨਾਲ ਸਹਾਨਭੂਤੀ ਦੀ ਸ਼ਾਹਦੀ ਭਰਦੀ ਹੈ। ਪਾਠਕ ਦੇ ਜ਼ਿਹਨ ਵਿੱਚ ਅਸ਼ਵਮੇਧ ਦੇ ਘੋੜੇ ਦੇ ਠਿਠਕਣ ਦਾ ਬਿੰਬ ਠਹਿਰ ਜਾਂਦਾ ਹੈ। ਇੰਜ ਇਹ ਕਵਿਤਾ ਮਨਦੀਪ ਦੀ ਰਾਜਸੀ ਚੇਤਨਾ ਦਾ ਹਾਸਿਲ ਬਣ ਜਾਂਦੀ ਹੈ।

‘ਪਹਾੜੀ ਬੱਚਾ, 1, 2, 3 ਨਾਂ ਹੇਠ ਦਰਜ਼ ਨਜ਼ਮਾਂ ਹਨ। ਪਹਿਲੀ ਨਜ਼ਮ ਵਿੱਚ ਬੱਚੇ ਦੇ ਮਨ ’ਤੇ ਨਾਨੀ ਕੋਲੋਂ ਸੁਣੀਆਂ ਬਾਤਾਂ ਵਿੱਚ ਡਰਾਉਣੇ ਚੀਤਿਆਂ ਦੀਆਂ ਆਵਾਜ਼ਾਂ ਦੀ ਅਮਿੱਟ ਛਾਪ ਹੈ। ਦੂਜੀ ਵਿੱਚ ਪੱਥਰ ਦੀਆਂ ਸਲੇਟਾਂ ਵਾਲੇ ਪਹਾੜੀ ਸਕੂਲ ’ਚ ਪੜ੍ਹਦੇ ਬੱਚੇ ਨੂੰ ਹਟਾ ਕੇ ਸੈਨਿਕ ਸਕੂਲ ਵਿੱਚ ਭਰਤੀ ਕਰਾਇਆ ਜਾਂਦਾ ਹੈ, ਜਿੱਥੇ ਉਸਨੂੰ ਪਹਿਲੇ ਸਕੂਲ ਦੀਆਂ ਯਾਦਾਂ ਤੇ ਬੁਰਾਂਸ਼ ਦੀ ਚਟਣੀ ਨਹੀਂ ਭੁੱਲਦੀ। ਉਹਦੇ ਕੋਲੋਂ ਧੌਲਧਾਰ ਦੇ ਪਹਾੜਾਂ ਦੇ ਦ੍ਰਿਸ਼ ਅਤੇ ਭਾਂਤ-ਸੁਭਾਂਤੇ ਪੰਛੀਆਂ ਦਾ ਕਲਰਵ ਗੁਆਚ ਜਾਂਦਾ ਹੈ। ਪਹਾੜੀ ਚੜ੍ਹਾਈ ਦੀ ਥਾਂ ਪਥਰੀਲੀਆਂ ਪੌੜੀਆਂ ਹਨ। ਕੁਦਰਤੀ ਆਬੋ-ਹਵਾ ਦੀ ਥਾਂ ਪੱਖੇ ਦੀ ਹਵਾ ਹੈ। ਉਹਦੇ ਕੰਨਾਂ ’ਚ ਟੁੰਗੇ ਫੁੱਲ ਉਸ ਨੂੰ ਨਵੇਂ ਜਮਾਤੀਆਂ ’ਚ ਮਜ਼ਾਕ ਦਾ ਪਾਤਰ ਬਣਾ ਦਿੰਦੇ ਹਨ। ਬੱਚਾ 3 ਨਜ਼ਮ ਵਿੱਚ ਪਹਾੜੀ ਬੱਚਾ ਆਪਣੇ ਪਹਾੜੀ ਘਰ ਦੇ ਵਿਹੜੇ ’ਚ ਸਾਇਕਲ ਚਲਾਉਣਾ ਸਿਖਦਾ ਹੈ। ਟੀ.ਵੀ. ’ਤੇ ਸਾਇਕਲਿੰਗ ਦੌੜਾਕਾਂ ਨੂੰ ਦੇਖ ਅਚੰਭਿਤ ਹੁੰਦਾ ਹੈ। ਇਹ ਇੱਕ ਕਿਸਮ ਦਾ ਤਕਨੀਕੀ ਬਦਲਾਅ ਹੈ, ਜੋ ਉਸ ਨੂੰ ਉਸ ਦੀ ਕੁਦਰਤੀ ਸਹਿਜ ਤੋਰ ਨਾਲੋਂ ਤੋੜ ਰਿਹਾ ਹੈ। ਵਿਕਾਸ ਦੇ ਨਾਂ ’ਤੇ ਕਿਵੇਂ ਸਾਡੇ ਕੋਲੋਂ ਕੁਦਰਤੀ ਜੀਵਨ ਗੁਆਚਦਾ ਜਾ ਰਿਹਾ ਹੈ।

‘ਮੈਂ ਵੀ ਫ਼ੈਜ਼ ਹਾਂ’ ਨਜ਼ਮ ਵਿੱਚ ਮਨਦੀਪ ਤਰੱਕੀਪਸੰਦ ਅਦਬੀਅਤ ਨਾਲ ਬਰ ਮੇਚਦੀ ਹੈ। ਅਕਾਦਮਿਕ ਵਿਦਵਾਨ ਫ਼ੈਜ਼ ਦੀ ਸ਼ਾਇਰੀ ਦਾ ਅਪਰੇਸ਼ਨ ਕਰਨ ਲੱਗੇ ਹੋਏ ਹਨ ਤੇ ਉਸ ਦੀ ਰਚਨਾ ’ਚੋਂ ਧਰਮ ਵਿਰੋਧੀ ਅੰਤੜੀਆਂ ਭਾਲਦੇ ਹਨ, ਪਰ ਮਨਦੀਪ ਫ਼ੈਜ਼ ਨੂੰ ਪੜ੍ਹਦੀ ਉਸਦੀ ਸ਼ਾਇਰੀ ਨੂੰ ਆਪਣੇ ਲਹੂ ’ਚ ਘੋਲ ਰਹੀ ਹੈ। ਇੱਕ ਭਾਸ਼ਾ ਦੇ ਕਵੀ ਦਾ ਦੂਜੀ ਭਾਸ਼ਾ ਦੇ ਕਵੀ ਨੂੰ ਇਸ ਪ੍ਰਕਾਰ ਸ਼ਰਧਾਂਜਲੀ ਪੇਸ਼ ਕਰਨ ਦਾ ਅੰਦਾਜ਼ ਕਾਬਿਲੇ ਤਾਰੀਫ਼ ਹੈ। ਇਹ ਨਜ਼ਮ ਆਲੋਚਕ ਤੇ ਸ਼ਾਇਰ ਦੇ ਸ਼ਾਇਰੀ ਬਾਰੇ ਨਜ਼ਰੀਏ ਨੂੰ ਵੀ ਬਿਆਨ ਕਰਦੀ ਹੈ।

‘ਕਵਿਤਾ ਤੇ ਰੱਬ’ ਨਜ਼ਮ ਵਿੱਚ ਉਹ ਰੱਬ ਵਾਲਾ ਸਿੱਧਾ ਰਾਹ ਨਹੀਂ, ਕਵਿਤਾ ਵਾਲਾ ਔਝੜ ਰਾਹ ਅਪਣਾਉਂਦੀ ਹੈ। ਉਹ ਹੋਂਦ ਦਾ ਤਰਕ ਲੱਭਣ ਲਈ ਸ਼ਰਧਾ ਵੱਲ ਪਿੱਠ ਕਰ ਲੈਂਦੀ ਹੈ। ਆਪਣੇ ਹੌਸਲੇ ਅਤੇ ਪੈਰਾਂ ਦੇ ਸਹਾਰੇ ਲੜਨ ਦਾ ਰਾਹ ਚੁਣਦੀ ਹੈ ਤੇ ਖ਼ੁਦਦਾਰੀ ਦਰਸਾਉਂਦੀ ਹੈ। ਇਸੇ ਤਰ੍ਹਾਂ ‘ਵਰਤ’ ਨਜ਼ਮ ‘ਬੇਤਰਤੀਬੀ ਵਿਚਲੀ ਤਰਤੀਬ ਨਾਲ ਪਿਆਰ’ ਨੂੰ ਦਰਸਾਉਂਦੀ ਹੈ। ਪਰੰਪਰਾਗਤ ਔਰਤਾਂ ਖ਼ਾਨਦਾਨੀ ਟਰੰਕ ਸੰਭਾਲਦੀਆਂ ‘ਵਰਤ’ ਰੱਖਦੀਆਂ ਹਨ। ਉਨ੍ਹਾਂ ’ਤੇ ਇਹ ਸਭ ਠੋਸਿਆ ਗਿਆ ਹੁੰਦਾ ਹੈ, ਇਸ ਦੇ ਉਲਟ ਮਨਦੀਪ ‘ਬੇਤਰਤੀਬੀ’ ਨੂੰ ਪਿਆਰ ਕਰਦੀ ਹੈ।


‘ਬੱਚਾ ਡੈਡੀ’ ਮਨਦੀਪ ਦੀ ਨਿਜੀ ਜ਼ਿੰਦਗੀ ਨਾਲ ਸਬੰਧਿਤ ਨਜ਼ਮ ਹੈ। ਪੰਜਾਬੀ ਕਹਾਣ ਹੈ ਕਿ ਬੱਚਾ ਆਪਣੇ ਮਾਂ-ਬਾਪ ’ਤੇ ਹੀ ਗਿਆ ਹੁੰਦਾ ਹੈ। ਨਜ਼ਮ ਵਿੱਚ ਪਿਤਾ ਦੀ ਫੋਟੋ ਵਿੱਚੋਂ ਨਕਸ਼ ਪਛਾਨਣ ਦਾ ਜ਼ਿਕਰ ਹੈ। ਇਹ ਨਕਸ਼ ਉਭਰਨੇ ਵੀ ਸ਼ੁਰੂ ਹੋ ਜਾਂਦੇ ਹਨ, ਪਰ ਅਖ਼ੀਰ ਸਿੱਟਾ ਇਸ ਤੋਂ ਬੇਪਛਾਣ ਨਿਕਲਦਾ ਹੈ। ਧੀ ਦਾ ਸੁਭਾਅ ਪਿਤਾ ’ਤੇ ਗਿਆ ਹੈ। ਇਸ ਗੱਲ ਨਾਲ ਹੀ ਨਜ਼ਮ ਮੁਕੰਮਲ ਹੁੰਦੀ ਹੈ।

‘ਇੱਕ ਦੂਜੇ ਨਾਲੋਂ’ ਨਜ਼ਮ ਵਿੱਚ ‘ਖ਼ੁਦ ਨੂੰ ਪਿਆਰ ਕਰਨਾ’ ਉਹ ਬਿੰਦੂ ਹੈ, ਜਿਸ ਗਿਰਦ ਨਜ਼ਮ ਦੀ ਘਾੜਤ ਘੜੀ ਗਈ ਹੈ। ਇਹ ਨਿਰੀ ਜੀਵਨ ਸਾਥੀ ਨਾਲ ਮਿਲ ਕੇ ਪਹਿਲਾਂ ਕਿਤਾਬ ਪੜ੍ਹਨ ਦੀ ਜ਼ਿੱਦ ਨਹੀਂ ਤੇ ਨਾ ਹੀ ਕਿਸੇ ਚੀਜ਼ ’ਤੇ ਹੱਕ ਜਿਤਾਉਣ ਦੀ ਲਲਕ ਹੈ, ਇਹ ਤਾਂ ਔਰਤ ਦੀ ਖ਼ੁਦ ਮੁਖ਼ਤਿਆਰੀ ਹੈ, ਜਿਸ ਵਿੱਚੋਂ ਉਸਦਾ ਆਜ਼ਾਦਾਨਾ ਕਾਵਿ-ਸਿਧਾਂਤ ਨਿਰੂਪਣ ਹੁੰਦਾ ਹੈ। ਇਸੇ ਪ੍ਰਕਾਰ ‘ਇਕੱਲਿਆਂ ਸਫ਼ਰ ’ਤੇ’ ਨਜ਼ਮ ਵੀ ਔਰਤ ਦੇ ਸਵੈਮਾਣ ਬਾਰੇ ਹੈ। ਉਹ ਕਿਸੇ ਦੂਜੀ ਧਿਰ ਦਾ ਦਖ਼ਲ ਬਰਦਾਸ਼ਤ ਨਹੀਂ ਕਰਨਾ ਚਾਹੁੰਦੀ। ਔਰਤ ਦੀ ਆਜ਼ਾਦੀ ਦੇ ਸਿਧਾਂਤ ਨੂੰ ਰੂਪਮਾਨ ਕਰਦੀਆਂ ਅਜਿਹੀਆਂ ਨਜ਼ਮਾਂ ਦਾ ਵਿਵਰਣ ਮਨਦੀਪ ਔਲਖ ਦਾ ਸਮਕਾਲੀ ਕਵਿਤਰੀਆਂ ਵਿੱਚ ਨਿਆਰੀ ਧਰਾਤਲ ’ਤੇ ਵਿਚਰਨ ਦੇ ਪੱਖ ਨੂੰ ਦਰਸਾਉਂਦਾ ਹੈ।

ਪੰਜਾਬੀ ਦੀ ਲੋਕਧਾਰਾ ਵਿੱਚੋਂ ਇੱਕ ਲੋਕ ਬੋਲੀ ਦੇ ਲੋਕਯਾਨਿਕ ਵੇਰਵੇ ਦੇ ਚਿਹਨ ਨੂੰ ਲੈ ਕੇ ਲਿਖੀ ਕਵਿਤਾ ‘ਭੱਜੋ ਵੀਰੋ ਵੇ’ ਤੱਤਕਾਲੀ ਪੰਜਾਬੀ ਕਿਸਾਨ ਮੋਰਚੇ ਨਾਲ ਸਬੰਧਿਤ ਵੇਰਵੇ ਨਾਲ ਸੰਯੁਗਤ ਹੋ ਕੇ ਨਵੇਂ ਅਰਥ ਗ੍ਰਹਿਣ ਕਰਦੀ ਹੈ। ਕਵਿਤਰੀ ਦੇ ਬਚਪਨ ਵਿੱਚ ਫੁੰਕਾਰਦੇ ਸੱਪਾਂ ਦੀਆਂ ਸਿਰੀਆਂ ਫੇਹਣ ਦੀ ਗੱਲ ਕਰਨ ਵਾਲਾ ਬਾਪੂ ਵਰਤਮਾਨ ਪ੍ਰਸਥਿਤੀਆਂ ਨਾਲ ਬਾਵਾਸਤਾ ਹੋ ਕੇ ਆਪਣੇ ਖੇਤਾਂ ਤੇ ਫ਼ਸਲਾਂ ਨੂੰ ਬਚਾਉਣ ਲਈ ਮੋਰਚੇ ਵਿੱਚ ਸ਼ਾਮਲ ਹੋ ਕੇ ‘ਫੁੰਕਾਰਦੇ ਸੱਪਾਂ ਦੀਆਂ ਸਿਰੀਆਂ ਫੇਹਣ’ ਲਈ ਲਾਮਬੱਧ ਹੋ ਜਾਂਦਾ ਹੈ। ਲੋਕਯਾਨਿਕ ਪਿੱਠ-ਭੂਮੀ ਦਾ ਵਰਤਮਾਨ ਯਥਾਰਥਕ ਸੰਘਰਸ਼ ਨਾਲ ਮੇਲ ਕਰਵਾ ਕੇ ਨਜ਼ਮ ਸਹੀ ਅਰਥ ਸੰਚਾਰ ਕਰਦੀ ਹੈ।

‘ਕਿਸਾਨ ਦੇ ਹੰਝੂਆਂ ਦੇ ਨਾਮ’, ‘ਜੋ ਨਹੀਂ ਪਰਤੇ’, ‘ਸੂਰਜ ਮਰਿਆ ਨਹੀਂ ਕਰਦੇ’ ਅਗਲੇਰੀਆਂ ਤਿੰਨ ਨਜ਼ਮਾਂ ਵੀ ਕਿਰਸਾਣੀ ਮੋਰਚੇ ਨਾਲ ਸੰਬੰਧਿਤ ਹਨ। ਇਨ੍ਹਾਂ ਨਜ਼ਮਾਂ ਵਿੱਚ ਖੇਤਾਂ ਦੀ ਮਿੱਟੀ ਦਾ ਦਰਦ ਸਮਾਇਆ ਹੋਇਆ ਹੈ। ਕਿਸਾਨ ਦੇ ਹੰਝੂ ਰਾਕੇਸ਼ ਟਕੈਤ ਦੇ ਹੰਝੂਆਂ ਦੀ ਯਾਦ ਦੁਆਉਂਦੇ ਹਨ। ਸਿੰਘੂ ਬਾਰਡਰ ਤੋਂ ਮੋਰਚਾ ਹਟਾਏ ਜਾਣ ਬਾਅਦ ਉਥੋਂ ਗੁਜ਼ਰਨ ’ਤੇ ਵੀ ਕਿਸਾਨੀ ਮੋਰਚੇ ਦੀਆਂ ਯਾਦਾਂ ਦੇ ਨਿਸ਼ਾਨ ਅਮਿੱਟ ਬਣੇ ਨਜ਼ਰ ਆਉਂਦੇ ਹਨ। ਧੁੰਦ ਤੇ ਛਿਪਦੇ ਸੂਰਜ ਦੀ ਲਾਲੀ, ਦਰਦ ਤੇ ਉਦਾਸੀ ਦੇ ਭਾਵ ਅਭਿਵਿਅਕਤ ਕਰਦੇ ਚਿਹਨ ਹਨ; ਪਰ ਧੁੰਦਾਂ ਤੋਂ ਸੂਰਜ ਡਰ ਕੇ ਚੜ੍ਹਨਾ ਨਹੀਂ ਭੁੱਲ ਜਾਂਦੇ। ਕਿਸੇ ਫ਼ਕੀਰ ਦੀ ਬਾਲੀ ਤੀਲੀ ਸੂਰਜ ਚੜ੍ਹਨ ਦੀ ਆਸ ਬੰਨ੍ਹਾ ਦਿੰਦੀ ਹੈ। ਵਕਤੀ ਧੁੰਦਾਂ ਚੀਰ ਕੇ ਸੂਰਜ ਚੜ੍ਹ ਆਇਆ ਕਰਦੇ ਹਨ। ਸੂਰਜ ਕਦੇ ਮਰਿਆ ਨਹੀਂ ਕਰਦੇ।

‘ਰੈੱਡ ਕਾਰਡ’ ਕਵਿਤਾ ਵਿੱਚ ਜੰਗ ਨੂੰ ਖੇਡ ਵਾਂਗ ਦਿਖਾ ਕੇ ਇਹ ਦਰਸਾਇਆ ਗਿਆ ਹੈ ਕਿ ਜੰਗ ਦੇ ਮੈਦਾਨ ਵਿੱਚ ਰੈੱਡ ਕਾਰਡ ਦਿਖਾਉਣ ਦਾ ਜ਼ਿੰਮਾ ਸਾਧਾਰਨ ਲੋਕਾਂ ਕੋਲ ਹੁੰਦਾ ਹੈ, ਜਿਵੇਂ ਖੇਡ ਮੈਦਾਨ ਵਿੱਚ ਰੈਫ਼ਰੀ ਫਾਊਲ ਖੇਡਦੇ ਖਿਡਾਰੀ ਨੂੰ ਰੈੱਡ ਕਾਰਡ ਦਿਖਾ ਕੇ ਗੇਮ ਤੋਂ ਬਾਹਰ ਕਰ ਦਿੰਦਾ ਹੈ।




‘ਯਾਦ ਆਉਂਦਾ ਈਜ਼ਲ’ ਔਰਤ ਦੇ ਆਪਣੇ ਢੰਗ ਨਾਲ ਜੀਣ ਦੀ ਛਟਪਟਾਹਟ ਨੂੰ ਰੂਪਮਾਨ ਕਰਦੀ ਨਜ਼ਮ ਹੈ। ਮਨਦੀਪ ਦਰਸਾਉਂਦੀ ਹੈ ਕਿ ਅਜਿਹੀ ਜ਼ਿੰਦਗੀ ਜੀਣ ਦੀ ਸੱਧਰ ਵਿਆਹ ਦੇ ਥੁੜ੍ਹਚਿਰੇ ਚਾਅਵਾਂ ਉਪਰੰਤ ਦਮ ਤੋੜ ਜਾਂਦੀ ਹੈ। ਪੋਟੇ ਚਾਹੁੰਦਿਆਂ ਹੋਇਆਂ ਵੀ ਈਜ਼ਲ ’ਤੇ ਮਨਪਸੰਦ ਤਸਵੀਰ ਨਹੀਂ ਚਿਤਰ ਪਾਉਂਦੇ। ‘ਏਪਰਲ’ ਮਨਦੀਪ ਔਲਖ ਦੀ ਇੱਕ ਹੋਰ ਖ਼ੂਬਸੂਰਤ ਨਜ਼ਮ ਹੈ। ਬ੍ਰਿਟਿਸ਼ ਕੁੜੀ ਆਪਣੇ ਅਸਫ਼ਲ ਪਿਆਰ ਪਿਛੋਂ ਭਾਰਤ ਆ ਕੇ ਬੁੱਧ ਧਰਮ ਦੀ ਸ਼ਰਨ ਵਿੱਚ ਚਲੇ ਜਾਂਦੀ ਹੈ। ਉਹ ਪਹਾੜੀ ਸਫ਼ਰ ’ਤੇ ਸਭ ਗੱਲਾਂ ਤੋਂ ਬੇਪਰਵਾਹ ਪਹਾੜਾਂ ’ਤੇ ਸਾਇਬੇਰੀਆ ਦੀ ਪਰਵਾਸੀ ਕੂੰਜ ਵਾਂਗ ਉਤਰਦੀ ਹੈ। ਇਸ ਨਜ਼ਮ ਦੇ ਪਿਛੋਕੜ ਵਿੱਚ ‘ਈਸਟ ਇੰਡੀਆ ਕੰਪਨੀ’ ਰਾਹੀਂ ਭਾਰਤ ’ਤੇ ਦੋ ਸੌ ਸਾਲ ਰਾਜ ਕਰਨ ਦੀ ਗੱਲ ਵੀ ਕਹੀ ਗਈ ਹੈ, ਇਸ ਦੇ ਬਾਵਜੂਦ ਮਨਦੀਪ ਉਸ ਨਾਲ ਘ੍ਰਿਣਾ ਨਹੀਂ ਕਰਦੀ, ਉਹ ਉਸ ਨਾਲ ਹੱਥ ਮਿਲਾ ਕੇ ਉਸ ਦੇਸ਼ ਦੇ ਸਾਰੇ ਤਸੀਹਿਆਂ ਨੂੰ ਭੁਲਾ ਦਿੰਦੀ ਹੈ। ਸਹਿਜ ਰੂਪ ਵਿੱਚ ਇਹ ਕਵਿਤਾ ਕਿੰਨਾ ਕੁਝ ਅਣਕਿਹਾ ਕਹਿ ਜਾਂਦੀ ਹੈ। ਵਿਸ਼ਵ ਰਾਜਨੀਤੀ ਦੇ ਸੰਦਰਭ ਵਿੱਚ ਇਸ ਕਵਿਤਾ ਦੇ ਪ੍ਰਸੰਗ ਨੂੰ ਜੋੜ ਕੇ ਵਾਚਿਆ ਜਾਣਾ ਵਾਜਿਬ ਬਣ ਜਾਂਦਾ ਹੈ।

ਮਨਦੀਪ ਔਲਖ ਨਿਜੀ ਜੀਵਨ ਦੇ ਵੇਰਵਿਆਂ ਵਿੱਚੋਂ ਕਵਿਤਾ ਦੀ ਮਹੀਨ ਤੰਦ ਨਾਲ ਔਰਤ ਦੀ ਵਿੱਥਿਆ ਦਾ ਚਿਤਰ ਮੁਕੰਮਲ ਕਰ ਦਿੰਦੀ ਹੈ। ‘ਰੋਟੀਆਂ ਪਕਾਉਂਦੀ ਮਾਂ’ ਤਾਉਮਰ ਮਸ਼ੀਨ ਵਾਂਗ ਰੋਟੀਆਂ ਪਕਾਉਂਦੀ ਰਹਿੰਦੀ ਹੈ, ਉਸ ਦੇ ਹੱਥਾਂ ਦੇ ਛਾਲਿਆਂ ਨੂੰ ਧੀ ਹੀ ਦੇਖ ਸਕਦੀ ਹੈ। ਮਾਂ ਦੀ ਘਾਲਣਾ ਦੀ ਅਹਿਮੀਅਤ ਤੇ ਸਮਾਜ ਦਾ ਉਸ ਪ੍ਰਤੀ ਵਿਹਾਰ ਦੋਵੇਂ ਪੱਖ ਇਸ ਕਵਿਤਾ ਵਿੱਚੋਂ ਬਾਖ਼ੂਬੀ ਉਜਾਗਰ ਹੁੰਦੇ ਹਨ।

ਮਨਦੀਪ ਔਲਖ ਨੇ ‘ਫਟੀ ਜੀਨ’ ਕਵਿਤਾ ਵਿੱਚ ਮਰਦ ਪ੍ਰਧਾਨ ਸਮਾਜ ਵਿੱਚ ਔਰਤ ਪ੍ਰਤੀ ਪ੍ਰਚਲਤ ਅਸ਼ਲੀਲਤਾ/ਸ਼ਾਲੀਨਤਾ ਦੇ ਪ੍ਰਤਿਮਾਨਾਂ ਨੂੰ ਪ੍ਰਗਟਾਇਆ ਹੈ। ‘ਗਰਲਜ਼ ਹੋਸਟਲ’ ਵਾਂਗ ਹੀ ਇਹ ਉਸਦੀ ਇੱਕ ਸ਼ਸਕਤ ਨਜ਼ਮ ਹੈ, ਜਿਸ ਵਿੱਚ ਇਹ ਦਰਸਾਇਆ ਗਿਆ ਹੈ ਕਿ ਮਰਦ ਪ੍ਰਧਾਨ ਸਮਾਜ ਔਰਤ ਨੂੰ ਪਰਦੇ ’ਚ ਰਖਣ ਦੀ ਮਨਸੂਈ ਨੈਤਿਕਤਾ ਪ੍ਰਚਾਰਦਾ ਹੈ, ਜਦਕਿ ਦੁਨੀਆ ਭਰ ਵਿੱਚ ਕਈ ਆਦਿਵਾਸੀ ਕਬੀਲਿਆਂ ਅਤੇ ਪਸ਼ੂ ਜੀਵਨ ਵਿੱਚ ਵੀ ਜਿਸਮ ਢਕਣ ਦੇ ਪਰਪੰਚ ਨਹੀਂ ਕੀਤੇ ਜਾਂਦੇ, ਫਿਰ ਵੀ ਉਹ ਕਬੀਲੇ ਤੇ ਪ੍ਰਾਕ੍ਰਿਤਕ ਜੀਵਨ ਵਿੱਚ ਸੱਭਿਅਕ ਹੁੰਦੇ ਹਨ। ਕੁੜੀਆਂ ਦਾ ਫ਼ੈਸ਼ਨਪ੍ਰਸਤੀ ਵਜੋਂ ਫਟੀਆਂ ਜੀਨਾਂ ਪਹਿਨਣਾ ਮਨ ਦੀ ਖ਼ੁਸ਼ੀ ਹੈ। ਰਾਜਸੀ ਨੇਤਾਵਾਂ ਵੱਲੋਂ ਜੀਨਸ ਬਾਰੇ ਬੋਲਣਾ ਔਰਤ ’ਚੋਂ ਵੇਸਵਾ ਨੂੰ ਦੇਖਣਾ ਤੇ ਬਲਾਤਕਾਰੀ ਕੁਬਿਰਤੀਆਂ ਨੂੰ ਹਵਾ ਦੇਣਾ ਹੈ। ਮਰਦ ਪ੍ਰਧਾਨ ਸਮਾਜ ਵਿੱਚ ਔਰਤ ਦੇ ਜਿਸਮ ਨੂੰ ਲੈ ਕੇ ਅਸ਼ਲੀਲਤਾ ਦਾ ਨੰਗਾ ਨਾਚ ਜਾਰੀ ਹੈ। ਦਰਅਸਲ, ਨੰਗੇਜਵਾਦ ਕੱਪੜਿਆਂ ਵਿੱਚ ਵੀ ਹੋ ਸਕਦਾ ਹੈ, ਕੱਪੜਿਆਂ ਵਿੱਚ ਕਹਿਣ ਦੀ ਬਜਾਏ ਇਸ ਨੂੰ ਮਾਨਸਿਕਤਾ ਵਿੱਚੋਂ ਵੀ ਦੇਖਿਆ ਜਾ ਸਕਦਾ ਹੈ। ਮਨਦੀਪ ਦੇ ਲਫ਼ਜ਼ਾਂ ਵਿੱਚ:

> ਫਟੀ ਹੋਈ ਜੀਨਸ ਮਨ ਦਾ ਪਹਿਰਾਵਾ ਹੈ,
> ਵਿਸ਼ਵਾਸ ਦੀ ਭਾਸ਼ਾ, ਵਿਰੋਧ ਦਾ ਪ੍ਰਤੀਕ ਵੀ।

‘ਸੁਫ਼ਨੇ ਸਮਾਂਤਰ’ ਨਜ਼ਮ ਦੋ ਨਜ਼ਰੀਆਂ ਦਾ ਟਕਰਾਅ ਹੈ। ਮਰਦ ਆਧੁਨਿਕ ਲਗਜ਼ਰੀ ਭਰੀ ਜ਼ਿੰਦਗੀ ਨੂੰ ਤਰਜੀਹ ਦਿੰਦਾ ਹੈ; ਔਰਤ ਕੁਦਰਤ ਦੇ ਨੇੜੇ ਰਹਿ ਕੇ ਸਹਿਜ ਅਨੰਦ ਵਿੱਚ ਜੀਣ ਨੂੰ ਅਪਣਾਉਣਾ ਚਾਹੁੰਦੀ ਹੈ। ਇਹ ਕਵਿਤਾ ਇਹ ਸੁਨੇਹਾ ਵੀ ਦਿੰਦੀ ਹੈ ਕਿ ਜੋ ਸੁੱਖ ਕੁਦਰਤ ਦੇ ਨੇੜੇ ਰਹਿ ਕੇ ਜੀਵਨ ਜੀਣ ਵਿੱਚ ਹੁੰਦਾ ਹੈ; ਉਹ ਕਦਾਚਿਤ ਅਜੋਕੀ ਚਕਾਚੌਂਧ ਵਾਲੀ ਮਹਾਨਗਰੀ ਜ਼ਿੰਦਗੀ ਵਿੱਚ ਨਹੀਂ ਮਿਲ ਸਕਦਾ। ਮਰਦ ਪ੍ਰਧਾਨ ਸਮਾਜ ਵਿੱਚ ਔਰਤ ਨੂੰ ‘ਰੰਡੀ’, ‘ਛਿਨਾਲ’ ਜਿਹੇ ਲਕਬ ਦਿੱਤੇ ਜਾਂਦੇ ਹਨ। ਇਨ੍ਹਾਂ ਬਦਨੁਮਾ ਦਾਗ਼ਾਂ ਨੂੰ ਵੰਦਨਾ ਕਟਾਰੀਆ ਆਪਣੀ ਹਾਕੀ ਸਟਿਕ ਨਾਲ ਮਿਟਾਉਂਦੀ ਹੈ। ਔਰਤ ਆਪਣੇ ਸਵੈਮਾਣ ਤੇ ਹਿੰਮਤ ਨਾਲ ਹਰ ਵਧੀਕੀ ਖ਼ਿਲਾਫ਼ ਨਿੱਤਰ ਕੇ ਅੱਗੇ ਆ ਸਕਦੀ ਹੈ। ਇਨ੍ਹੀਂ ਦਿਨੀਂ ਹਰਿਆਣੇ ਦੀ ਔਰਤ ਪਹਿਲਵਾਨ ਵਿਨੇਸ਼ ਫੋਗਾਟ ਨੇ ਆਪਣਾ ਕਮਾਲ ਦਿਖਾ ਕੇ ਭਾਰਤ ਦੀ ਔਰਤ ਦਾ ਸਿਰ ਉੱਚਾ ਕੀਤਾ ਹੈ, ਜਿਸ ਨੂੰ ਭਾਰਤ ਵਿੱਚ ਪਿਛਲੇ ਸਾਲ ਹੀ ਖਿਡਾਰੀਆਂ ਦੇ ਹੱਕ ਵਿੱਚ ਲਾਏ ਧਰਨੇ ਵਿੱਚ ਅਤਿਆਚਾਰ ਤੇ ਬਦਨਾਮੀ ਦਾ ਸ਼ਿਕਾਰ ਹੋਣਾ ਪਿਆ ਸੀ।

‘ਨਾਚ 1, 2, 3, 4’ ਨਿੱਕੀਆਂ ਨਜ਼ਮਾਂ ਦੇ ਮਾਇਨੇ ਬੜੀ ਵਸੀਹ ਨੇ। ਸੁਰਜੀਤ ਪਾਤਰ ਦੇ ਸ਼ਿਅਰ ‘ਰਗਾਂ ਲਹੂ ਬਣੀਆਂ, ਸੁਰਾਂ ਸਾਜ਼ ਹੋਈਆਂ, ਕਵੀ ਤੇ ਕਵਿਤਾ ਦੀ ਇੱਕ ਜਾਤ ਹੋਈ’ ਵਾਂਗ ਹੀ ‘ਨਾਚ-1’ ਵਿੱਚ ਨਾਚੀ ਨਾਚ ਹੋ ਜਾਂਦੀ ਹੈ। ‘ਨਾਚ-2’ ਵਿੱਚ ਮਨਦੀਪ ਆਖਦੀ ਹੈ ਕਿ ਨੱਚਣ ਲਈ ਸੰਗੀਤ, ਤਾਲ, ਵੇਸਭੂਸ਼ਾ, ਆਭੂਸ਼ਨਾਂ ਦੀ ਥਾਂ ਮਨ ਦੇ ਚਾਅ ਤੇ ਖ਼ਾਮੋਸ਼ੀ ਵੀ ਕਾਰਨ ਹੋ ਸਕਦੇ ਹਨ। ‘ਨਾਚ-3’ ਵਿੱਚ ਨਰਤਕੀ ਅੰਬਰ ’ਤੇ ਕਦਮ ਧਰਦੀ ਹੈ, ਉਹਦੇ ਬਸਤਰ ਹਵਾ ਦੇ ਹੋ ਜਾਂਦੇ ਹਨ। ਉਹ ਇਸ ਧਰਤੀ ਦੀ ਨਹੀਂ ਜਿਵੇਂ ਇੰਦਰ ਦੇ ਖਾੜੇ ਦੀ ਅਪਸਰਾ ਹੋ ਜਾਂਦੀ ਹੈ। ‘ਨਾਚ-4’ ਵਿੱਚ ਸਾਥੀ ਨੂੰ ਹਾਣ-ਪ੍ਰਵਾਣ ਦਾ ਹੋ ਕੇ ਨੱਚਣ ਲਈ ਆਮੰਤ੍ਰਿਤ ਕਰਦੀ ਉਮਰ, ਧਰਮ, ਭਾਸ਼ਾ ਦੀਆਂ ਹੱਦਾਂ ਤੋਂ ਪਾਰ ਸਧਰਾਂ ਦੇ ਹਾਣ ਦਾ ਹੋਣ ਲਈ ਬੁਲਾਵਾ ਦਿੰਦੀ ਹੈ।

ਪਹਾੜੀ ਵਾਤਾਵਰਣ ਨੂੰ ਪੇਸ਼ ਕਰਦੀ ਨਜ਼ਮ ‘ਲਾਲੀ ਮਿਲ ਗਈ ਹੈ’ ਵਿੱਚ ਉਹ ਜ਼ਿੰਦਗੀ ਸੰਘਰਸ਼ ਲੇਖੇ ਲਾਉਣਾ ਚਾਹੁੰਦੀ ਹੈ। ‘ਲਾਲੀ’ ਨਾਮਕ ਪਹਾੜੀ ਗਾਂ ਵਾਂਗ ਉਸਨੂੰ ਆਪਣੀ ‘ਲਾਲੀ’ ਵੀ ਲੱਭ ਜਾਂਦੀ ਹੈ। ਮਨਦੀਪ, ਪ੍ਰਿਯੰਕਾ ਤੇ ਮਲਾਇਕਾ ਨੂੰ ਮਨਮਰਜ਼ੀ ਦੇ ਜੋੜ ਤਲਾਸ਼ਣ ਲਈ ਪਿਆਰਦੀ ਹੈ। ਔਰਤ ਦੀ ਤਨ, ਮਨ ਤੇ ਰੂਹ ਦੇ ਜੋੜ ਹੀ ਸਮਜੋੜ ਹੁੰਦੇ ਹਨ। ਬਾਕੀ ਤਾਂ ‘ਜੋੜੀਆਂ ਜਗ ਥੋੜ੍ਹੀਆਂ, ਨਰੜ ਬਥੇਰੇ’ ਵਾਲੀ ਗੱਲ ਹੀ ਹੁੰਦੀ ਹੈ। ਕਲਾ ਦੇ ਕਿਰਦਾਰ ਨਾਲ ਜੁੜੀ ‘ਨਟ-ਨਟੀ ਦਾ ਬੈਲੇਂਸ ਸ਼ਾਸਤਰ’ ਨਜ਼ਮ ਵਿੱਚ ਨਟ-ਨਟੀ ਦੀ ਮਾਨਸਿਕਤਾ ਨੂੰ ਚਿਤਰਦਿਆਂ ਮਾਨਸਿਕਤਾ ਤੇ ਸ਼ੁਹਰਤ ਵਿਚਲਾ ਫ਼ਰਕ ਉਲੀਕਿਆ ਗਿਆ ਹੈ। ਬਚਪਨ ਦੇ ਉਦਰੇਵੇਂ ਨਾਲ ਸਬੰਧਿਤ ਨਜ਼ਮ ‘ਸਾਈਕਲ ਚਲਾਉਣਾ’ ਵਿੱਚ ਮਾਸੂਮੀਅਤ ਭਰੀ ਉਮਰ ਦਾ ਸਿਮਰਨ ਹੈ, ਜਿਸ ਵਿੱਚ ਜ਼ਿੰਦਗੀ ਦੇ ਸਾਈਕਲ ਨੂੰ ਭਾਰ, ਸੇਧ ਤੇ ਗਤੀ ਵਿੱਚ ਤਵਾਜ਼ਨ ਰੱਖ ਕੇ ਤੇ ਘੁੰਮਦੇ ਪਹੀਆਂ ਤੋਂ ਜਾਣ-ਬੁਝ ਕੇ ਡਿਗਣ ਦੀ ਚਾਹਤ ਦਾ ਪ੍ਰਗਟਾ ਕੀਤਾ ਗਿਆ ਹੈ।

ਮਨਦੀਪ ਖੁਦ ਇੱਕ ਔਰਤ ਹੈ, ਇਸ ਲਈ ਉਸ ਦੇ ਕਿਰਦਾਰਾਂ ਵਿੱਚ ਔਰਤ ਹਮੇਸ਼ਾ ਸ਼ਾਮਿਲ ਹੁੰਦੀ ਹੈ। ਕੁਆਰੀ ਕੁੜੀ ਨੂੰ ਵਿਆਹ ਸਮੇਂ ਦੇਖਣ ਆਉਂਦੇ ਲੋਕਾਂ ਦੀ ਖ਼ਰੀਦਦਾਰੀ ਕਰਨ ਵਰਗੀ ਮਾਨਸਿਕਤਾ ਅਤੇ ਵਿਆਹੀ ਜਾਣ ਵਾਲੀ ਕੁੜੀ ਦੀਆਂ ਕਲਾਤਮਿਕ ਰੁਚੀਆਂ ਦੀ ਕੋਈ ਕਦਰ ਨਾ ਹੋਣ ਦੇ ਪੱਖ ਨੂੰ ‘ਦੇਖਣ ਆਉਂਦੇ ਲੋਕ’ ਨਜ਼ਮ ਵਿੱਚੋਂ ਦੇਖਿਆ ਜਾ ਸਕਦਾ ਹੈ। ‘ਧਰਤੀ ਮਾਂ ਕਿਸੇ ਦਾ ਹੱਕ ਨਹੀਂ ਰੱਖਦੀ’ ਕੇਂਦਰੀ ਭਾਵ ਦੁਆਲੇ ਸੁਜੱਜਿਤ ‘ਗੁਲਾਬੀ ਫੁੱਲਾਂ ਵਾਲੀ ਚੱਪਲੀ’ ਨਜ਼ਮ ਵਿੱਚ ਬਚਪਨ ਦੇ ਉਦਰੇਵੇਂ ਦੀ ਇੱਕ ਹੋਰ ਤੰਦ ਛੋਹੀ ਗਈ ਹੈ। ਬਚਪਨ ਦੀਆਂ ਯਾਦਾਂ ਨਾਲ ਬੁਣੀ ਇਹ ਕਵਿਤਾ ਔਰਤ ਦੇ ਸੁਪਨਿਆਂ ਦੀ ਕਵਿਤਾ ਹੈ। ‘ਭਟਕਣ’ ਨਜ਼ਮ ਵਿੱਚ ਹੋਸਟਲ ਜ਼ਿੰਦਗੀ ਦੀ ਫਾਕਾਮਸਤੀ, ਤੇ ਮਗਰੋਂ ਉਨ੍ਹਾਂ ਦੇ ਚਾਅਵਾਂ ਦੇ ਗੁਆਚਣ ਦੀ ਗੱਲ ਕੀਤੀ ਗਈ ਹੈ। ‘ਪੱਤਝੜ ਪੱਤਝੜ’ ਨਜ਼ਮ ਦ੍ਰਿਸ਼ ਵਰਣਨ ਦੇ ਰੂਪ ਵਿੱਚ ਮੁਕੰਮਲ ਹੁੰਦੀ ਹੈ। ਕਿਸੇ ਬਾਰਾਮਾਹ ਵਾਂਗ ਇਸ ਕਵਿਤਾ ਦਾ ਕੁਦਰਤੀ ਦ੍ਰਿਸ਼ ਮਨਮੋਹਕ ਹੈ। ‘ਦ੍ਰਿਸ਼ ਚਾਲ’ ਵਿੱਚ ਮਨਦੀਪ ਐਨਕ ਦੀਆਂ ਡੰਡੀਆਂ ਦੀ ਮਹੱਤਤਾ, ਤੁਰਨ ਲਈ ਲੱਤਾਂ ਦੀ ਮਹੱਤਤਾ ਦੇ ਸਮਰੂਪ

⇒ **ਬਾਕੀ ਅਗਲੇ ਸਫੇ ਉਤੇ ਪੜ੍ਹੋ**

# ਪੰਜਾਬੀਆਂ ਅਤੇ ਸਿੱਖ ਸੂਰਬੀਰਾਂ ਦੀ ਚੜ੍ਹਤ ਦਾ ਜਲੌਅ

ਬੋਲਦੇ ਪੰਨੇ


ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008



***ਕਈ ਮੁਲਕਾਂ ਵਿੱਚ ਪੰਜਾਬੀ ਆਪਣੀ ਮਰਜ਼ੀ ਜਾਂ ਲੋੜ ਲਈ ਨਹੀਂ ਗਏ ਸਨ, ਸਗੋਂ ਆਪਣੇ ਵਤਨ ਦੀ ਮਿੱਟੀ ਨਾਲ ਮੁਹੱਬਤ ਕਰਨ ਦੇ ਜੁਰਮ ਵਿੱਚ ਬਰਤਾਨਵੀ ਹਾਕਮਾਂ ਨੇ ਇਨ੍ਹਾਂ ਨੂੰ ਜਲਾਵਤਨ ਕਰਕੇ ਜਾਂ ਫਿਰ ਦੂਜੇ ਮੁਲਕਾਂ ਦੀਆਂ ਫ਼ੌਜਾਂ ਨਾਲ ਲੜਾਈ ਲੜਨ ਵਾਸਤੇ ਪਰਾਈ ਧਰਤੀ 'ਤੇ ਭੇਜਿਆ ਸੀ; ਪਰ ਪੰਜਾਬੀਆਂ ਨੇ ਵਿਦੇਸ਼ਾਂ ਵਿੱਚ ਆਪਣੀ ਮਿਹਨਤ ਅਤੇ ਲਿਆਕਤ ਸਦਕਾ ਉਚੇਰੇ ਮੁਕਾਮ ਹਾਸਿਲ ਕੀਤੇ ਅਤੇ ਨਿਵੇਕਲੀ ਪਛਾਣ ਕਾਇਮ ਰੱਖਣ ਹਿਤ ਜੱਦੋਜਹਿਦ ਵੀ ਕੀਤੀ। ਇੰਜ ਹੀ ਮਲੇਸ਼ੀਆ ਦੀ ਅਰਥ ਵਿਵਸਥਾ ਤੇ ਸਿਵਲ ਪ੍ਰਸ਼ਾਸਨ ਵਿੱਚ ਸਿੱਖਾਂ ਨੇ ਵੱਡਾ ਯੋਗਦਾਨ ਪਾਇਆ ਹੈ। ਮਲੇਸ਼ੀਆ ਦੇ ਲੋਕ ਸਿੱਖ ਸੈਨਿਕਾਂ 'ਤੇ ਇਸ ਕਦਰ ਭਰੋਸਾ ਕਰਦੇ ਹਨ ਕਿ ਪੀਨਾਂਗ ਦੇ 'ਖੂ ਕਾਂਗਸੀ' ਮੰਦਰ ਦੇ ਪ੍ਰਾਥਨਾ ਸਥਲ ਦੇ ਬਾਹਰ ਇੱਕ ਸਿੱਖ ਸੈਨਿਕ ਦਾ ਬੁੱਤ ਸਥਾਪਿਤ ਕੀਤਾ ਗਿਆ ਹੈ।***

ਭਾਰਤੀ ਅਤੇ ਵਿਦੇਸ਼ੀ ਲੋਕਾਂ ਵਿੱਚ ਪੰਜਾਬੀਆਂ ਬਾਰੇ ਆਮ ਰਾਇ ਹੈ ਕਿ ਇਨ੍ਹਾਂ ਨੇ ਰੋਜ਼ੀ-ਰੋਟੀ ਲਈ ਪਰਵਾਸ ਦਾ ਮਾਰਗ ਚੁਣਿਆ ਹੈ, ਪਰ ਵੱਖ-ਵੱਖ ਮੁਲਕਾਂ ਵਿੱਚ ਗਏ ਪੰਜਾਬੀਆਂ ਬਾਰੇ ਜਦੋਂ ਅਧਿਐਨ ਕਰੀਏ ਤਾਂ ਪਤਾ ਲੱਗਦਾ ਹੈ ਕਿ ਕਈ ਮੁਲਕਾਂ ਵਿੱਚ ਪੰਜਾਬੀ ਆਪਣੀ ਮਰਜ਼ੀ ਜਾਂ ਲੋੜ ਲਈ ਨਹੀਂ ਗਏ ਸਨ, ਸਗੋਂ ਆਪਣੇ ਵਤਨ ਦੀ ਮਿੱਟੀ ਨਾਲ ਮੁਹੱਬਤ ਕਰਨ ਦੇ ਜੁਰਮ ਵਿੱਚ ਬਰਤਾਨਵੀ ਹਾਕਮਾਂ ਨੇ ਇਨ੍ਹਾਂ ਨੂੰ ਜਲਾਵਤਨ ਕਰਕੇ ਜਾਂ ਫਿਰ ਦੂਜੇ ਮੁਲਕਾਂ ਦੀਆਂ ਫ਼ੌਜਾਂ ਨਾਲ ਲੜਾਈ ਲੜਨ ਵਾਸਤੇ ਪਰਾਈ ਧਰਤੀ 'ਤੇ ਭੇਜਿਆ ਸੀ। ਕੁਝ ਇੱਕ ਪੰਜਾਬੀ ਤਾਂ ਵਾਪਸ ਵਤਨਾਂ ਨੂੰ ਪਰਤ ਆਏ ਸਨ, ਪਰ ਜ਼ਿਆਦਾਤਰ ਉਨ੍ਹਾਂ ਮੁਲਕਾਂ ਵਿੱਚ ਹੀ ਵੱਸ ਗਏ ਅਤੇ ਫਿਰ ਬਾਅਦ ਵਿੱਚ ਉਨ੍ਹਾਂ ਨੇ ਪਿੱਛੇ ਭਾਰਤ ਵਿੱਚ ਰਹਿ ਗਏ ਆਪਣੇ ਪਰਿਵਾਰ ਵੀ ਵਿਦੇਸ਼ਾਂ ਵਿੱਚ ਬੁਲਾ ਲਏ ਤੇ ਉਥੇ ਹੀ ਪੱਕੇ ਤੌਰ 'ਤੇ ਵੱਸ ਗਏ। ਮਲੇਸ਼ੀਆ ਵਿਖੇ ਵੱਸ ਰਹੇ ਪੰਜਾਬੀਆਂ ਦਾ ਇਤਿਹਾਸ ਵੀ ਕੁਝ ਇਸੇ ਤਰ੍ਹਾਂ ਦਾ ਹੀ ਹੈ।

ਮਲੇਸ਼ੀਆ ਵਿੱਚ ਵੱਸਦੇ ਪੰਜਾਬੀਆਂ ਬਾਰੇ ਸਭ ਤੋਂ ਪਹਿਲੀ ਦਿਲਚਸਪ ਗੱਲ ਹੈ ਕਿ ਮਲੇਸ਼ੀਆ ਵਿੱਚ ਜੁਲਾਈ 2024 ਦੇ ਅੰਕੜਿਆਂ ਅਨੁਸਾਰ ਪੰਜਾਬੀਆਂ ਦੀ ਆਬਾਦੀ ਇੱਕ ਲੱਖ ਦੇ ਕਰੀਬ ਹੈ। ਦੱਖਣ-ਪੂਰਬ ਏਸ਼ੀਆ ਅਤੇ ਪੂਰਬੀ ਏਸ਼ੀਆ ਵਿੱਚ ਆਉਂਦੇ ਮੁਲਕਾਂ ਵਿੱਚੋਂ ਪੰਜਾਬੀ ਸਿੱਖਾਂ ਦੀ ਸਭ ਤੋਂ ਵੱਧ ਆਬਾਦੀ ਮਲੇਸ਼ੀਆ ਵਿੱਚ ਵੱਸਦੀ ਹੈ। ਚੇਤੇ ਰਹੇ, ਸੰਨ 1947 ਵੇਲੇ ਇੱਥੇ ਸਿੱਖਾਂ ਦੀ ਆਬਾਦੀ 30 ਹਜ਼ਾਰ ਦੇ ਨੇੜੇ ਸੀ। ਸਿੱਖਾਂ ਨੇ ਮਲੇਸ਼ੀਆ ਦੀ ਅਰਥ ਵਿਵਸਥਾ ਤੇ ਸਿਵਲ ਪ੍ਰਸ਼ਾਸਨ ਵਿੱਚ ਵੱਡਾ ਯੋਗਦਾਨ ਪਾਇਆ ਹੈ। ਸਿੱਖਿਆ, ਸਿਵਲ ਸੇਵਾਵਾਂ ਅਤੇ ਵਪਾਰ ਆਦਿ ਉਹ ਖੇਤਰ ਹਨ, ਜਿਨ੍ਹਾਂ ਵਿੱਚ ਸਿੱਖਾਂ ਨੇ ਵੱਡੀਆਂ ਮੱਲਾਂ ਮਾਰੀਆਂ ਹਨ। ਸੰਨ 1986 ਵਿੱਚ ਅਰੰਭ ਕੀਤੀ ਤੇ ਸੰਨ 2003 ਵਿੱਚ ਰਜਿਸਟਰਡ ਕੀਤੀ 'ਪੰਜਾਬੀ ਪਾਰਟੀ ਆੱਫ ਮਲੇਸ਼ੀਆ' ਨੇ ਮਲੇਸ਼ੀਆ ਦੀ ਸਿਆਸਤ ਵਿੱਚ ਪੰਜਾਬੀਆਂ ਦੇ ਹੱਕਾਂ ਲਈ ਲੜਨ ਖ਼ਾਤਿਰ ਵੱਡੀ ਭੂਮਿਕਾ ਅਦਾ ਕੀਤੀ ਹੈ ਤੇ ਇਸ ਪਾਰਟੀ ਵਿੱਚ ਸਿੱਖਾਂ ਦੀ ਵੱਡੀ ਸ਼ਮੂਲੀਅਤ ਹੈ। ਗੋਬਿੰਦ ਸਿੰਘ ਦਿਓ, ਜਗਦੀਪ ਸਿੰਘ ਦਿਓ, ਕੇ.ਐਸ. ਨਿੱਝਰ, ਬਲਜੀਤ ਸਿੰਘ, ਕਿਰਪਾਲ ਸਿੰਘ, ਕੇਸ਼ਵਿੰਦਰ ਸਿੰਘ, ਰਾਮਕ੍ਰਿਪਾਲ ਸਿੰਘ ਆਦਿ ਨੇ ਇੱਥੇ ਸਿਆਸਤ ਵਿੱਚ ਵੱਡਾ ਨਾਮਣਾ ਖੱਟਿਆ ਹੈ। ਇਸ ਤੋਂ ਇਲਾਵਾ ਮੁਹਿੰਦਰ ਸਿੰਘ ਅਮਰ, ਜਗਜੀਤ ਸਿੰਘ ਚੇਤ, ਅਵਤਾਰ ਸਿੰਘ ਗਿੱਲ, ਰਣਜੀਤ ਸਿੰਘ ਗੁਰਦਿੱਤ, ਸੁਖਵਿੰਦਰਜੀਤ ਸਿੰਘ, ਸੁਰਜੀਤ ਸਿੰਘ, ਮਨਿੰਦਰਜੀਤ ਸਿੰਘ, ਹਮਾਲ ਸਿੰਘ, ਬਲਜੀਤ ਸਿੰਘ, ਗਿਆਨ ਸਿੰਘ, ਸਵਿੰਦਰ ਸਿੰਘ ਅਤੇ ਕੁਲਦੀਪ ਸਿੰਘ ਆਦਿ ਸਿੱਖ ਖਿਡਾਰੀਆਂ ਨੇ ਹਾਕੀ ਵਿੱਚ ਸਿੱਖੀ ਦੀ ਸ਼ਾਨ ਨੂੰ ਵਧਾਇਆ ਹੈ। ਇਨ੍ਹਾਂ ਤੋਂ ਇਲਾਵਾ ਵੀਰਨਦੀਪ ਸਿੰਘ, ਸੁਰੇਸ਼ ਸਿੰਘ, ਲਾਲ ਸਿੰਘ, ਮਾਣਿਕ ਸਿੰਘ, ਪਵਨਦੀਪ ਸਿੰਘ ਨੇ ਕ੍ਰਿਕਟ, ਅਨੀਤਾ ਰਾਜ ਕੌਰ ਤੇ ਜਗਦੀਸ਼ ਸਿੰਘ ਨੇ ਬੈਡਮਿੰਟਨ, ਸੈਬੀ ਸਿੰਘ ਤੇ ਸੰਤੋਖ ਸਿੰਘ ਨੇ ਫੁੱਟਬਾਲ ਅਤੇ ਨਵਰਾਜ ਸਿੰਘ ਰੰਧਾਵਾ ਨੇ ਅਥਲੈਟਿਕਸ ਵਿੱਚ ਆਪਣਾ ਨਾਂ ਬਣਾਇਆ ਹੈ। ਸਤਵੰਤ ਸਿੰਘ ਧਾਲੀਵਾਲ ਇੱਥੇ ਨਾਮਵਰ ਜੀਵ ਵਿਗਿਆਨੀ ਰਹੇ ਹਨ ਤੇ ਬੀ.ਐਸ. ਰਾਜਹੰਸ ਇੱਕ ਉੱਘੇ ਫ਼ਿਲਮ ਨਿਰਦੇਸ਼ਕ ਹਨ। ਕਵਿਤਾ ਸਿੱਧੂ, ਸੰਜਨਾ ਸੂਰੀ ਅਤੇ ਕਿਰਨ ਜੱਸਲ ਦਾ ਮਾਡਲਿੰਗ ਦੀ ਦੁਨੀਆਂ ਵਿੱਚ ਚੰਗਾ ਨਾਂ ਹੈ।



■ ਜੀਵ ਵਿਗਿਆਨੀ ਸਤਵੰਤ ਸਿੰਘ ਧਾਲੀਵਾਲ

ਜੇ ਪੰਜਾਬੀਆਂ ਦੇ ਮਲੇਸ਼ੀਆ ਵਿੱਚ ਪੁੱਜਣ ਦੇ ਇਤਿਹਾਸ ਦੀ ਗੱਲ ਕੀਤੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਭਾਈ ਨਿਹਾਲ ਸਿੰਘ ਉਰਫ਼ ਭਾਈ ਮਹਾਰਾਜ ਸਿੰਘ ਅਤੇ ਭਾਈ ਖੜਕ ਸਿੰਘ ਉਹ ਪਹਿਲੇ ਪੰਜਾਬੀ ਸਿੱਖ ਸਨ, ਜਿਨ੍ਹਾਂ ਨੂੰ ਸੰਨ 1849 ਦੀਆਂ ਬਰਤਾਨੀਆ ਹਕੂਮਤ ਵਿਰੋਧੀ ਗਤੀਵਿਧੀਆਂ ਦੇ ਚਲਦਿਆਂ ਜਲਾਵਤਨ ਕਰਕੇ ਮਲੇਸ਼ੀਆ ਵਿਖੇ ਲਿਆਂਦਾ ਗਿਆ ਸੀ ਤੇ ਉਸ ਜੇਲ੍ਹ ਵਿੱਚ ਰੱਖਿਆ ਗਿਆ ਸੀ, ਜੋ ਅੱਜ-ਕਲ੍ਹ ਸਿੰਘਾਪੁਰ ਵਿਖੇ ਸਥਿਤ ਹੈ। ਸੰਨ 1865 ਵਿੱਚ ਬਰਤਾਨਵੀ ਸਾਮਰਾਜ ਦੇ ਹਾਕਮਾਂ ਨੇ ਪੰਜਾਬੀਆਂ ਦੀ ਬਹਾਦਰੀ ਤੇ ਦਲੇਰੀ ਦੇ ਮੱਦੇਨਜ਼ਰ ਇਨ੍ਹਾਂ ਨੂੰ ਫ਼ੌਜ ਅਤੇ ਪੁਲਿਸ ਵਿੱਚ ਬਤੌਰ ਸੁਰੱਖਿਆ ਕਰਮੀ ਭਰਤੀ ਕਰਨਾ ਸ਼ੁਰੂ ਕਰ ਦਿੱਤਾ ਗਿਆ ਸੀ। ਸੰਨ 1873 ਵਿੱਚ ਸਿੰਘਾਪੁਰ ਵਿਖੇ ਬਣੀ ਜੇਲ੍ਹ ਕਾਲੋਨੀ ਨੂੰ ਬੰਦ ਕਰ ਦਿੱਤਾ ਗਿਆ ਸੀ ਤੇ ਉਥੇ ਅੰਗਰੇਜ਼ ਸਰਕਾਰ ਦੇ ਨਜ਼ਰੀਏ ਤੋਂ 'ਅਪਰਾਧੀ' ਗਿਣੇ ਜਾਂਦੇ ਪੰਜਾਬੀ ਸਿੱਖਾਂ ਨੂੰ ਰਿਹਾਅ ਕਰ ਦਿੱਤਾ ਗਿਆ ਸੀ। ਇਨ੍ਹਾਂ ਰਿਹਾਅ ਕੀਤੇ ਪੰਜਾਬੀਆਂ ਵਿੱਚੋਂ ਵਧੇਰੇ ਸਿੰਘਾਪੁਰ ਵਿਖੇ ਹੀ ਵੱਸ ਗਏ ਸਨ ਤੇ ਸੰਨ 1873 ਵਿੱਚ ਹੀ ਬਰਤਾਨਵੀ ਹਾਕਮ, ਪੰਜਾਬੀ ਸਿੱਖਾਂ ਨੂੰ ਬਤੌਰ ਸੁਰੱਖਿਆ ਕਰਮੀ ਭਰਤੀ ਕਰਕੇ ਮਲੇਸ਼ੀਆ ਦੀਆਂ ਧਾਤੂ ਖਾਣਾਂ ਦੀ ਚੀਨੀ ਹਮਲਾਵਰਾਂ ਤੋਂ ਰਾਖੀ ਲਈ ਇੱਥੇ ਲੈ ਆਏ ਸਨ। ਸ਼ੁਰੂ ਵਿੱਚ ਮਲੇਸ਼ੀਆ ਪੁੱਜੇ ਪੰਜਾਬੀਆਂ ਵਿੱਚੋਂ ਮਾਝੇ ਤੋਂ 35 ਫ਼ੀਸਦੀ, ਮਾਲਵੇ ਤੋਂ 35 ਫ਼ੀਸਦੀ ਅਤੇ ਦੁਆਬੇ ਤੋਂ 20 ਫ਼ੀਸਦੀ ਦੇ ਕਰੀਬ ਸਨ। ਕੁਝ ਸਮੇਂ ਬਾਅਦ ਇਨ੍ਹਾਂ ਵਿੱਚੋਂ ਜ਼ਿਆਦਾਤਰ ਪੰਜਾਬੀ ਕੈਨੇਡਾ, ਅਮਰੀਕਾ, ਆਸਟਰੇਲੀਆ ਅਤੇ ਨਿਊਜ਼ੀਲੈਂਡ ਵੱਲ ਨੂੰ ਚਲੇ ਗਏ। ਸੰਨ 1920 ਵਿੱਚ ਪੰਜਾਬ ਤੋਂ ਕੁਝ ਹੋਰ ਪੰਜਾਬੀ ਸਿੱਖ ਮਲੇਸ਼ੀਆ ਆਣ ਪਹੁੰਚੇ। ਉਹ ਆਏ ਤਾਂ ਬਤੌਰ ਸੁਰੱਖਿਆ ਕਰਮੀ ਕੰਮ ਕਰਨ ਸਨ, ਪਰ ਕੰਮ ਨਾ ਮਿਲਣ ਕਰਕੇ ਕਈ ਨੌਜਵਾਨ ਇੱਥੇ ਬਤੌਰ ਡਰਾਈਵਰ, ਪਸ਼ੂ ਪਾਲਕ, ਮਜ਼ਦੂਰ ਅਤੇ ਸੇਵਾਦਾਰ ਕੰਮ ਕਰਨ ਲੱਗ ਪਏ ਸਨ। ਇਨ੍ਹਾਂ ਦੀ ਗਿਣਤੀ ਦਸ ਹਜ਼ਾਰ ਦੇ ਕਰੀਬ ਸੀ ਤੇ ਇਨ੍ਹਾਂ ਵਿੱਚੋਂ ਬਹੁਤੇ ਕੁਆਰੇ ਸਨ। ਸੰਨ 1930 ਤੋਂ 1953 ਤੱਕ ਹੋਰ ਵੱਡੀ ਗਿਣਤੀ ਵਿੱਚ ਪੰਜਾਬੀ ਇੱਥੇ ਆਣ ਪੁੱਜੇ ਸਨ, ਕਿਉਂਕਿ ਸੰਨ 1947 ਵਿੱਚ ਮੁਲਕ ਵੰਡ ਹੋਣ ਕਰਕੇ ਪੰਜਾਬ ਵਿੱਚ ਇਹ ਅਫ਼ਵਾਹ ਫ਼ੈਲ ਗਈ ਸੀ ਕਿ ਪੰਜਾਬੀਆਂ ਦੇ ਮਲੇਸ਼ੀਆ ਜਾਣ 'ਤੇ ਪਾਬੰਦੀ ਲੱਗ ਜਾਵੇਗੀ।

ਪੰਜਾਬੀਆਂ ਦੀ ਇਹ ਖ਼ਾਸੀਅਤ ਹੈ ਕਿ ਇਹ ਆਪਣੇ ਗੁਰੂਆਂ, ਆਪਣੀ ਬੋਲੀ ਅਤੇ ਆਪਣੇ ਸੱਭਿਆਚਾਰ ਨੂੰ ਕਦੇ ਨਹੀਂ ਵਿਸਾਰਦੇ। ਮਲੇਸ਼ੀਆ ਵਿੱਚ ਪੰਜਾਬੀਆਂ ਨੇ ਆਪਣਾ ਇਹ ਗੁਣ ਬਹੁਤ ਪਹਿਲਾਂ ਹੀ ਪ੍ਰਦਰਸ਼ਿਤ ਕਰ ਦਿੱਤਾ ਸੀ। ਇੱਥੇ ਸੰਨ 1873 ਵਿੱਚ ਕਾਰਨਵਾਲਿਸ ਵਿਖੇ ਮਲੇਸ਼ੀਆ ਦੇ ਪਹਿਲੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਕਰ ਦਿੱਤੀ ਗਈ ਸੀ, ਪਰ ਇਹ ਗੁਰਦੁਆਰਾ ਪੁਲਿਸ ਲਾਈਨਜ਼ ਇਲਾਕੇ ਦੇ ਅੰਦਰ ਸਥਿਤ ਸੀ। ਜਨਤਕ ਖੇਤਰ ਵਿੱਚ ਸਭ ਤੋਂ ਪਹਿਲਾ ਗੁਰਦੁਆਰਾ ਸੰਨ 1903 ਵਿੱਚ ਪੀਨਾਂਗ ਵਿਖੇ ਸਥਾਪਿਤ ਕੀਤਾ ਗਿਆ ਸੀ। ਸੰਨ 1895 ਵਿੱਚ ਹਾਂਗਕਾਂਗ ਤੋਂ ਇੱਥੇ ਪੁੱਜੇ ਲਾਲ ਸਿੰਘ ਨੇ 19 ਮਈ 1895 ਨੂੰ 'ਸਿੰਘ ਸਭਾ ਪੀਨਾਂਗ' ਨਾਮਕ ਸੰਗਠਨ ਦੀ ਸ਼ੁਰੂਆਤ ਕੀਤੀ ਸੀ ਤੇ ਇਸ ਸੰਗਠਨ ਦੀ ਪਹਿਲੀ ਹੀ ਸਭਾ ਵਿੱਚ 'ਖ਼ਾਲਸਾ ਸਮਾਚਾਰ' ਦੀਆਂ ਪ੍ਰਕਾਸ਼ਨਾਵਾਂ ਪੜ੍ਹੀਆਂ ਗਈਆਂ ਸਨ। ਕੁਝ ਸਮੇਂ ਬਾਅਦ ਇਸ ਸੰਗਠਨ ਨੇ ਇੱਥੇ ਅੰਮ੍ਰਿਤ ਸੰਚਾਰ ਵੀ ਅਰੰਭ ਕੀਤਾ ਸੀ ਤੇ ਇੱਥੇ ਵੱਸਦੇ ਪੰਜਾਬੀ ਨੌਜਵਾਨਾਂ ਨੂੰ ਗੁਰਬਾਣੀ ਨਾਲ ਵੀ ਜੋੜਿਆ ਸੀ। ਸੰਨ 1900 ਆਉਣ ਤੱਕ ਸਿੰਘਾਪੁਰ, ਪੀਨਾਂਗ ਅਤੇ ਤਾਈਪਿੰਗ ਵਿਖੇ 'ਸਿੰਘ ਸਭਾਵਾਂ' ਦਾ ਗਠਨ ਹੋ ਚੁੱਕਾ ਸੀ। ਸਿੱਖ ਆਗੂਆਂ ਨੇ ਇੱਕ ਵੱਡਾ ਕਦਮ ਵਧਾਉਂਦਿਆਂ 27 ਦਸੰਬਰ 1903 ਨੂੰ ਮਲੇਸ਼ੀਆ ਵਿਖੇ 'ਖ਼ਾਲਸਾ ਦੀਵਾਨ' ਦੀ ਸਥਾਪਨਾ ਕਰ ਦਿੱਤੀ ਸੀ। 'ਖ਼ਾਲਸਾ ਦੀਵਾਨ' ਨੇ ਇੱਥੇ ਸਿੱਖਾਂ ਦੀਆਂ ਵਿਦਿਅਕ, ਧਾਰਮਿਕ ਅਤੇ ਸੱਭਿਆਚਾਰਕ ਲੋੜਾਂ ਦੀ ਪੂਰਤੀ ਲਈ ਫੰਡ ਇਕੱਠਾ ਕਰਕੇ ਕਈ ਮਹੱਤਵਪੂਰਨ ਕਾਰਜ ਕੀਤੇ ਸਨ। ਸੰਨ 1903 ਵਿੱਚ ਬਣੇ 'ਖ਼ਾਲਸਾ ਦੀਵਾਨ' ਦੇ ਪਹਿਲੇ ਪ੍ਰਧਾਨ ਗੁਰਦਿੱਤ ਸਿੰਘ, ਮੀਤ ਪ੍ਰਧਾਨ ਬਹਾਲ ਸਿੰਘ, ਸਕੱਤਰ ਠਾਕਰ ਸਿੰਘ ਅਤੇ ਖ਼ਜ਼ਾਨਚੀ ਖ਼ਜ਼ਾਨ ਸਿੰਘ ਸਨ। ਪਹਿਲੀ ਜਨਵਰੀ 1928 ਨੂੰ ਮਲੇਸ਼ੀਆ ਦੇ ਤਾਈਪਿੰਗ ਇਲਾਕੇ ਵਿੱਚ 'ਖ਼ਾਲਸਾ ਸਕੂਲ' ਦੀ ਸਥਾਪਨਾ ਇੱਕ ਗੁਰਦੁਆਰਾ ਸਾਹਿਬ ਦੀ ਇਮਾਰਤ ਅੰਦਰ ਕਰ ਦਿੱਤੀ ਗਈ ਸੀ। ਵਰਤਮਾਨ ਸਮੇਂ ਵਿੱਚ ਮਲੇਸ਼ੀਆ ਅੰਦਰ 120 ਤੋਂ 130 ਦੇ ਕਰੀਬ ਗੁਰਦੁਆਰਾ ਸਾਹਿਬ ਮੌਜੂਦ ਹਨ, ਜਿਨ੍ਹਾਂ ਵਿੱਚੋਂ 42 ਗੁਰਦੁਆਰੇ ਤਾਂ ਇਕੱਲੇ ਪਰਾਕ ਨਾਮ ਰਾਜ ਵਿੱਚ ਸਥਿਤ ਹਨ।




***'ਪੰਜਾਬੀ ਪਾਰਟੀ ਆੱਫ ਮਲੇਸ਼ੀਆ' ਨੇ ਮਲੇਸ਼ੀਆ ਦੀ ਸਿਆਸਤ ਵਿੱਚ ਪੰਜਾਬੀਆਂ ਦੇ ਹੱਕਾਂ ਲਈ ਲੜਨ ਖ਼ਾਤਿਰ ਵੱਡੀ ਭੂਮਿਕਾ ਅਦਾ ਕੀਤੀ ਹੈ ਤੇ ਇਸ ਪਾਰਟੀ ਵਿੱਚ ਸਿੱਖਾਂ ਦੀ ਵੱਡੀ ਸ਼ਮੂਲੀਅਤ ਹੈ।***

ਮਲੇਸ਼ੀਆ ਵਿਖੇ ਵੱਸਦੇ ਪੰਜਾਬੀਆਂ ਅਤੇ ਖ਼ਾਸ ਕਰਕੇ ਸਿੱਖਾਂ ਨਾਲ ਜੁੜੀ ਇੱਕ ਬੇਹੱਦ ਦਿਲਚਸਪ ਘਟਨਾ ਦਾ ਇੱਥੇ ਜ਼ਿਕਰ ਕਰਨਾ ਬਣਦਾ ਹੈ। ਹੋਇਆ ਦਰਅਸਲ ਕੁਝ ਇੰਜ ਸੀ ਕਿ ਮਲੇਸ਼ੀਆ ਦੀ 'ਯੂਨੀਵਰਸਿਟੀ ਆੱਫ ਟੈਕਨਾਲੋਜੀ' ਨੇ ਸੰਨ 2016 ਵਿੱਚ ਭਾਰਤੀ ਹਿੰਦੂਆਂ ਅਤੇ ਪੰਜਾਬੀ ਸਿੱਖਾਂ ਬਾਰੇ ਕੁਝ ਗੁਮਰਾਹਕੁਨ ਸਮੱਗਰੀ ਪ੍ਰਕਾਸ਼ਿਤ ਕੀਤੀ ਸੀ, ਜਿਸਦੇ ਖ਼ਿਲਾਫ਼ ਮਲੇਸ਼ੀਆ ਵਿਖੇ ਸਥਿਤ ਵੱਖ-ਵੱਖ ਹਿੰਦੂ ਅਤੇ ਸਿੱਖ ਸੰਗਠਨਾਂ ਨੇ ਰੋਸ ਪ੍ਰਦਰਸ਼ਨ ਕੀਤਾ ਸੀ ਤੇ ਉਕਤ ਯੂਨੀਵਰਸਿਟੀ ਦੇ ਖ਼ਿਲਾਫ਼ ਸ਼ਿਕਾਇਤ ਵੀ ਦਰਜ ਕਰਵਾਈ ਸੀ। ਜਦੋਂ ਸਮੂਹ ਹਿੰਦੂ ਅਤੇ ਸਿੱਖ ਸੰਗਠਨਾਂ ਨੇ ਮਾਮਲੇ ਦੀ ਸੱਚਾਈ ਤੱਥਾਂ ਦੇ ਆਧਾਰ 'ਤੇ ਸਮਝਾਈ ਤਾਂ ਸਿੱਟੇ ਵਜੋਂ ਮਲੇਸ਼ੀਆ ਦੇ ਸਿਹਤ ਮੰਤਰੀ ਅਤੇ ਸਿੱਖਿਆ ਰਾਜ ਮੰਤਰੀ ਨੇ ਉਕਤ ਯੂਨੀਵਰਸਿਟੀ ਦੇ ਗੁਮਰਾਹਕੁਨ ਪ੍ਰਚਾਰ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਸੀ ਤੇ ਸਬੰਧਿਤ ਯੂਨੀਵਰਸਿਟੀ ਤੋਂ ਮੁਆਫ਼ੀ ਮੰਗਵਾ ਕੇ ਮਾਮਲੇ ਨੂੰ ਹੱਲ ਕਰ ਦਿੱਤਾ ਸੀ। ਇਸ ਘਟਨਾ ਨੇ ਵਿਖ਼ਾ ਦਿੱਤਾ ਸੀ ਕਿ ਪੰਜਾਬੀ ਲੋਕ ਆਪਣੇ ਹੱਕਾਂ ਅਤੇ ਆਪਣੀ ਅਜ਼ਮਤ ਦੇ ਲਈ ਜਿੱਥੇ ਅਤੇ ਜਿਸਦੇ ਵਿਰੁੱਧ ਖੜ੍ਹੇ ਹੋ ਜਾਣ, ਉਸਨੂੰ ਝੁਕਾਅ ਕੇ ਤੇ ਹਰਾ ਕੇ ਹੀ ਦਮ ਲੈਂਦੇ ਹਨ; ਫਿਰ ਚਾਹੇ ਉਹ ਘਟਨਾਕ੍ਰਮ ਆਪਣੇ ਮੁਲਕ ਦੀ ਸਰਜ਼ਮੀਨ 'ਤੇ ਵਾਪਰਿਆ ਹੋਵੇ ਤੇ ਚਾਹੇ ਕਿਸੇ ਵਿਦੇਸ਼ੀ ਮੁਲਕ ਦੀ ਧਰਤੀ 'ਤੇ।

ਪੰਜਾਬੀ ਸਿੱਖ ਸੈਨਿਕਾਂ ਤੇ ਸੁਰੱਖਿਆ ਕਰਮੀਆਂ ਦਾ ਮਲੇਸ਼ੀਆ ਵਿੱਚ ਬਹੁਤ ਆਦਰ-ਸਨਮਾਨ ਹੈ ਅਤੇ ਇਸ ਸਨਮਾਨ ਪਿੱਛੇ ਸਿੱਖ ਸੈਨਿਕਾਂ ਦੀ ਈਮਾਨਦਾਰੀ ਤੇ ਵਫ਼ਾਦਾਰੀ ਦਾ ਵੱਡਾ ਹੱਥ ਹੈ। ਜਦੋਂ ਸੰਨ 1870 ਦੇ ਆਸਪਾਸ ਸਿੱਖ ਇੱਥੇ ਬਤੌਰ ਸਿਪਾਹੀ ਜਾਂ ਸੈਨਿਕ ਕੰਮ ਕਰਨ ਲਈ ਪੁੱਜੇ ਸਨ ਤਾਂ ਸੰਨ 1873 ਵਿੱਚ ਕੈਪਟਨ ਟ੍ਰਿਸਟਰੰਮ ਸਪੀਡੀ ਨੇ ਕਈ ਸਿੱਖਾਂ ਨੂੰ ਸੁਰੱਖਿਆ ਕਰਮੀਆਂ ਵਜੋਂ ਭਰਤੀ ਕਰਕੇ ਸਿਖਲਾਈ ਦਿੱਤੀ ਸੀ। ਇਸ ਉਪਰੰਤ ਸੰਨ 1880 ਦੇ ਕਰੀਬ ਸਿੱਖ ਸੈਨਿਕਾਂ ਦੀ ਇੱਕ ਵਿਸ਼ੇਸ਼ ਟੁਕੜੀ ਕਾਇਮ ਕਰਕੇ ਹਾਈਵੇ 'ਤੇ ਲੋਕਾਂ ਨੂੰ ਲੁੱਟਣ ਵਾਲੇ ਲੁਟੇਰਿਆਂ ਤੋਂ ਬਚਾਉਣ ਲਈ ਤਾਇਨਾਤ ਕੀਤੀ ਸੀ। ਸੰਨ 1896 ਵਿੱਚ ਸਿੱਖ ਸੈਨਿਕਾਂ ਦੀ ਇੱਕ ਹੋਰ ਵਿਸ਼ੇਸ਼ ਟੁਕੜੀ ਨੂੰ ਪਰਾਕ ਦੇ ਸੁਲਤਾਨ ਇਦਰੀਸ ਮੁਰਸ਼ਿਦੁਲ ਆਜ਼ਮ ਦੀ ਸੁਰੱਖਿਆ ਲਈ ਤਾਇਨਾਤ ਹੋਣ ਦਾ ਮਾਣ ਬਖ਼ਸ਼ਿਆ ਗਿਆ ਸੀ। ਸੰਨ 1913 'ਚ ਵੀ ਸਿੱਖ ਸੈਨਿਕਾਂ ਦਾ ਇਹ ਦਲ ਸੁਲਤਾਨ ਦੀ ਸੁਰੱਖਿਆ ਵਿੱਚ ਹੀ ਤਾਇਨਾਤ ਸੀ। ਸਿੱਖ ਸੈਨਿਕਾਂ 'ਤੇ ਮਲੇਸ਼ੀਆ ਦੇ ਲੋਕ ਇਸ ਕਦਰ ਭਰੋਸਾ ਕਰਦੇ ਹਨ ਕਿ ਪੀਨਾਂਗ ਦੇ 'ਖੂ ਕਾਂਗਸੀ' ਮੰਦਰ ਦੇ ਪ੍ਰਾਥਨਾ ਸਥਲ ਦੇ ਬਾਹਰ ਇੱਕ ਸਿੱਖ ਸੈਨਿਕ ਦਾ ਬੁੱਤ ਸਥਾਪਿਤ ਕੀਤਾ ਗਿਆ ਹੈ। ਇੱਥੋਂ ਦੇ ਲੋਕ ਮੰਨਦੇ ਹਨ ਕਿ ਇੱਕ ਸਿੱਖ ਸੈਨਿਕ ਦਾ ਇਹ ਬੁੱਤ ਵੀ ਇਸ ਧਰਮ ਅਸਥਾਨ ਦੀ ਰਾਖੀ ਲਈ ਕਾਫੀ ਹੈ। ਇੱਥੇ ਹੀ ਬਸ ਨਹੀਂ, ਮਲੇਸ਼ੀਆ ਅਤੇ ਚੀਨੀ ਲੋਕਾਂ ਦੇ ਕੁਝ ਸਮੂਹ ਆਪਣੇ ਮ੍ਰਿਤਕਾਂ ਦੇ ਸਰੀਰਾਂ ਨਾਲ ਕਾਗ਼ਜ਼ ਦੇ ਬਣੇ ਸਿੱਖ ਸੈਨਿਕਾਂ ਦੇ ਪੁਤਲੇ ਇਸ ਵਿਸ਼ਵਾਸ਼ ਨਾਲ ਸਾੜ੍ਹਦੇ ਹਨ ਕਿ ਇਹ ਪੁਤਲਾਨੁਮਾ ਸਿੱਖ ਵੀ ਉਨ੍ਹਾਂ ਦੇ ਉਸ ਮ੍ਰਿਤਕ ਪਿਆਰੇ ਦੀ ਅਗਲੇ ਜਹਾਨ ਦੀ ਯਾਤਰਾ ਦੌਰਾਨ ਰਾਖੀ ਕਰਨਗੇ। ਮਲੇਸ਼ੀਆ ਵਿੱਚ ਵੱਸਦੇ ਪੰਜਾਬੀਆਂ ਦੀ ਤੇ ਖ਼ਾਸ ਕਰਕੇ ਸਿੱਖ ਸੂਰਬੀਰਾਂ ਦੀ ਚੜ੍ਹਤ ਦੀ ਤਾਂ ਬਾਤ ਹੀ ਨਿਰਾਲੀ ਹੈ।

---

## 'ਗਰਲਜ਼ ਹੋਸਟਲ': ਆਜ਼ਾਦ ਔਰਤ ਮਨ ਦੀ ਕਾਮਨਾ

ਦੇਖਦੀ ਹੈ।

'ਯਾਤਰੀ ਗੁਰੂ' ਨਜ਼ਮ ਵਿੱਚ ਬਿਆਈਆਂ ਵਾਲੇ ਪੈਰਾਂ ਦਾ ਦੁੱਖ ਝਾਗਣਾ ਤੇ ਖੁੱਲ੍ਹੇ ਆਕਾਸ਼ ਹੇਠ ਗੁਜ਼ਾਰਾ ਕਰਨ ਦੇ ਨਾਲ ਨਾਲ ਬਾਬੇ ਨਾਨਕ ਦੀਆਂ ਯਾਤਰਾਵਾਂ ਪ੍ਰਤੀ ਅਨੁਭਵ ਦਾ ਜ਼ਿਕਰ ਛੇੜਿਆ ਗਿਆ ਹੈ। ਲੋਕਾਂ ਦੇ ਮਨ ਪੜ੍ਹਨ ਦੀ ਜਾਚ ਦਾ ਪੱਖ ਵੀ ਇਸ ਨਜ਼ਮ ਦਾ ਮਹੱਤਵਪੂਰਨ ਵੇਰਵਾ ਹੈ। ਇਸੇ ਤਰ੍ਹਾਂ ਹੀ 'ਕਿਸਾਨ ਗੁਰੂ' ਨਜ਼ਮ ਵਿੱਚ ਬਾਬੇ ਨਾਨਕ ਦੇ ਕਿਰਸਾਣੀ ਰੂਪ ਤੇ ਬਾਣੀ ਅਨੁਭਵ ਨੂੰ ਸਮਾਨਅਰਥ ਰੱਖਦੇ ਹੋਏ ਬਾਬੇ ਦੀ ਕਰਤਾਰੀ ਛਵੀ ਦਾ ਗੁਣਗਾਨ ਹੈ। 'ਪੀਲੇ ਪੱਤਿਆਂ ਦਾ ਨ੍ਰਿਤ' ਨਜ਼ਮ ਧਰੇਕ ਦੇ ਪੀਲੇ ਪੱਤਿਆਂ ਦੇ ਝੜਨ ਉਪਰੰਤ ਰੁੱਤਾਂ ਬਦਲਣ ਦੇ ਅਹਿਸਾਸ ਨਾਲ ਮੁਕੰਮਲ ਹੁੰਦੀ ਹੈ। ਪਿਆਰ ਨੂੰ ਲੈ ਕੇ ਮਨਦੀਪ ਔਲਖ ਦੇ ਸੰਕਲਪ ਵੱਖਰੇ ਹਨ। ਉਸ ਦੀਆਂ ਇਹ ਸਤਰਾਂ ਦੇਖਣਯੋਗ ਹਨ:

> ਮੈਂ ਤੈਨੂੰ ਉਵੇਂ ਪਿਆਰ ਕੀਤਾ
> ਜਿਵੇਂ ਧਰਤੀ ਫੁੱਟਦੀ ਹੋਈ ਕਰੂੰਬਲ ਨੂੰ
> ਜਿਵੇਂ ਬੱਦਲ ਪੌਣ ਨੂੰ
> ਜਿਵੇਂ ਅਸਮਾਨ ਪੰਛੀ ਦੀ ਪਰਵਾਜ਼ ਨੂੰ ਪਿਆਰਦਾ ਹੈ।

ਮਨਦੀਪ ਦੇ ਪਿਆਰ ਵਿੱਚ ਸਹਿਜ ਹੈ, ਸੁਭਾਵਕਤਾ, ਸਾਦਗੀ ਹੈ, ਕੁਦਰਤੀਪਣ ਹੈ। ਇਸ ਪਿਆਰ 'ਚ ਪ੍ਰਵਾਨਗੀ ਹੈ, ਅਪਣੱਤ ਹੈ ਤੇ ਅਹਿਸਾਸ ਦੀ ਪਾਕੀਜ਼ਗੀ ਹੈ। 'ਡਾਇਰੀ ਦਾ ਆਖ਼ਰੀ ਪੰਨਾ' ਨਜ਼ਮ ਦੀਆਂ ਮੁੱਲਵਾਨ ਸ਼ਰਤਾਂ ਹਨ:

> ਆਖ਼ਰੀ ਪੰਨਾ, ਉਹ ਸਭ ਕੁਝ ਸੰਭਾਲੀ ਬੈਠਾ
> ਜੋ ਨਿਰਉਚੇਚ ਹੈ, ਨਿਰਸਵਾਰਥ ਤੇ ਅਕਾਰਣ ਵੀ।

ਇਸੇ ਪ੍ਰਕਾਰ 'ਲਵ ਇਨ ਟਾਈਮ ਆਫ਼ ਕੋਰੋਨਾ' ਨਜ਼ਮ ਵਿੱਚ ਬਿਰਧ ਦੰਪਤੀ ਜੋ ਇਕਵੰਜਾ ਸਾਲ ਨੌਂ ਮਹੀਨੇ ਤੇ ਚਾਰ ਦਿਨ ਉਪਰੰਤ ਇੱਕ ਦੂਜੇ ਦੇ ਨੇੜੇ ਆਉਂਦੇ ਹਨ। ਇਹ ਨਜ਼ਮ ਕਿਸੇ ਅੰਗਰੇਜ਼ੀ ਫ਼ਿਲਮ ਦੀ ਸਕਰਿਪਟ ਵਰਗਾ ਝਉਲਾ ਸਿਰਜਦੀ ਹੈ। 'ਪੀਲੇ ਫੁੱਲਾਂ ਦਾ ਸੁਪਨਾ' ਨਜ਼ਮ ਮਨਦੀਪ ਔਲਖ ਦੇ ਪੀਲੇ ਰੰਗ ਦੀ ਉਦਾਸੀਨਤਾ ਪ੍ਰਤੀ ਵੈਰਾਗਪੁਣਾ ਦੇ ਪ੍ਰਬਲ ਵੇਖ ਨੂੰ ਦਰਸਾਉਂਦੀ ਹੈ। ਅੱਖਾਂ ਮੀਚਿਆਂ ਧੌਲੇ ਵਾਲਾਂ ਵਾਲਾ ਚਿਹਰਾ 'ਰਾਣੀ' ਨੂੰ ਉਦਾਸ ਕਰ ਦਿੰਦਾ ਹੈ।

'ਅਜੇ ਨਾ ਜਾ' ਨਜ਼ਮ ਦੇਸੀ ਮਹੀਨੇ ਫੱਗਣ ਦੀ ਪ੍ਰਾਕ੍ਰਿਤਕ ਛਵੀ ਉਤਾਰਦੀ ਹੈ। ਇਸੇ ਤਰ੍ਹਾਂ 'ਚੜ੍ਹਿਆ ਚੇਤਰ' ਨਜ਼ਮ ਪ੍ਰਗੀਤਕ ਤੇ ਲੈਅਮਈ ਰੂਪ ਵਿੱਚ ਚੇਤਰ ਦੇ ਮਹੀਨੇ ਦੀ ਪ੍ਰਾਕ੍ਰਿਤਕ ਸੁਹੱਪਣ ਦਾ ਜ਼ਿਕਰ ਛੇੜਦੀ ਹੈ। 'ਬਹਾਨਾ' ਨਜ਼ਮ ਵਿਚਲਾ 'ਖਿਲਾਰਾ' ਖਿਲਾਰਾ ਨਾ ਹੋ ਕੇ ਚੇਤਿਆਂ ਦੀ ਅਕਾਂਖਸ਼ਾ ਬਣ ਜਾਂਦਾ ਹੈ। ਰੁਸਤਗੀ ਫਿਰ ਮਿਲਣ ਦੀ ਆਸ ਦਾ ਬਹਾਨਾ ਹੈ। ਪਿਆਰ ਦਾ ਵੇਗ ਮੱਠਾ ਪੈਣ 'ਤੇ ਕਵਿਤਰੀ ਨੂੰ 'ਇਕੋਤਰ ਸੌ ਕਵਿਤਾਵਾਂ' ਨਜ਼ਮ ਦੀ ਸੁਗਾਤ ਮਿਲਦੀ ਹੈ। ਇੱਕ ਹੋਰ ਨਜ਼ਮ ਵਿੱਚ ਸਖੀ ਨੂੰ ਆਜ਼ਾਦੀ ਮੁਬਾਰਕ ਕਹਿਣ ਦਾ ਅੰਦਾਜ਼ ਵੀ ਰਿਸ਼ਤਿਆਂ ਦੇ ਟੁੱਟਣ ਦੀ ਪੀੜ ਨਾਲ ਟਸਕਦੀ ਰੂਹ ਨੂੰ ਸਾਂਤਵੰਨਾ ਦੇਣ ਵਾਲਾ ਹੈ। 'ਇੱਕੋ ਮਿੱਕਾ ਪਿਆਰ' ਵਿਰੋਧੀ ਰੁਚੀਆਂ ਤੇ ਪਸੰਦਾਂ ਦੇ ਬਾਵਜੂਦ ਪਿਆਰ ਦੇ ਅਹਿਦਨਾਮੇ ਨੂੰ ਨਿਭਾਣ ਦਾ ਮਾਦਾ ਹੈ। ਕਿਸੇ ਮਹਾਨ ਸ਼ਖ਼ਸੀਅਤ ਦੀ ਮਹਾਨਤਾ ਪਿੱਛੇ ਉਸਦੇ ਪਰਿਵਾਰ ਦੀ ਕੁਰਬਾਨੀ ਹੁੰਦੀ ਹੈ। ਗੁਰੂ ਨਾਨਕ ਦੀ ਤਸਵੀਰ ਅੱਗੇ ਅਰਦਾਸ ਕਰਨ ਵੇਲੇ ਮਨਦੀਪ ਬਾਬੇ ਨਾਨਕ ਦੇ ਪਰਿਵਾਰ ਦਾ ਸਿਮਰਨ ਕਰਦੀ ਹੈ। ਬੁੱਧ ਦੀ ਬਣਾਈ ਤਸਵੀਰ ਵਿੱਚ ਇਹ ਸੁਨੇਹਾ ਹੈ ਕਿ ਹਰ ਕਿਸੇ ਦਾ ਆਪੋ ਆਪਣਾ ਬੁੱਧ ਹੁੰਦਾ ਹੈ।

'ਇਕ ਰਾਜਸੀ ਕਵਿਤਾ' ਰਾਜਨੀਤਕ ਵਿਅਕਤੀਆਂ ਦੀ ਕੂਟਨੀਤੀ ਨੂੰ 'ਸਤਰੰਜ ਦੀ ਖੇਡ' ਰਾਹੀਂ ਜ਼ੁਬਾਨ ਦਿੰਦੀ ਹੋਈ ਦਰਸਾਉਂਦੀ ਹੈ ਕਿ ਆਖ਼ਰ ਨੂੰ ਗੇਮ ਖ਼ਤਮ ਹੋਣ 'ਤੇ ਇਹ ਸਭ ਇੱਕੋ ਡੱਬੇ ਵਿੱਚ ਜਾ ਟਿਕਦੇ ਹਨ। ਲੋਕਾਂ ਨੂੰ ਇਨ੍ਹਾਂ ਦੀ ਇਸ ਖਸਲਤ ਦਾ ਆਭਾਸ ਤਕ ਨਹੀਂ ਹੁੰਦਾ। 'ਕਿਤੇ ਦੂਰ' ਨਜ਼ਮ ਮਨਦੀਪ ਦੇ ਸਵੈ ਦੀ ਗਵਾਹੀ ਹੈ। ਇਸ ਵਿੱਚ ਬਚਪਨ ਦਾ ਨੌਸ਼ਟੈਲਜੀਆ ਹੈ। ਔਰਤ ਆਪਣੀ ਪਛਾਣ ਤੋਂ ਉਲਟ ਨਿਜਾਤ ਨਾ ਮਿਲਣ 'ਤੇ ਫਿਰ ਦੌੜਨਾ ਸ਼ੁਰੂ ਕਰ ਦਿੰਦੀ ਹੈ। ਇਸ ਵਿੱਚ ਔਰਤ ਦੀ ਪਛਾਣ ਉਸਦੀ ਆਜ਼ਾਦੀ ਦਾ ਦੂਜਾ ਨਾਂ ਹੈ:

> ਹੋਰ ਵੀ ਕਈ ਥਾਈਂ ਕਤਰਾ ਕਤਰਾ ਹੋ ਕੇ
> ਬਿਖਰੀ ਪਈ ਸੀ ਉਹ ਚੁੱਪ ਜਹੀ ਸਾਂਵਲੀ ਕੁੜੀ
> ਰੰਗ ਬਿਰੰਗੇ ਰਿਬਨ ਪਾ ਸਾਇਕਲ ਚਲਾਉਂਦੀ
> ਹਵਾ ਹੋ ਜਾਂਦੀ, ਸ਼ੂੰਅ ਕਰ ਨਿਕਲ ਜਾਂਦੀ
> ਆਪਣੇ ਨਾਂ, ਵਜੂਦ ਤੇ ਕਦੇ ਕਦੇ
> ਸਰੀਰ ਤੋਂ ਵੀ ਅਗਾਂਹ...।

ਆਖ਼ਰੀ ਨਜ਼ਮ 'ਰੰਗ ਮੌਸਮ ਅਹਿਸਾਸ' ਵਿੱਚ ਹਿਮਾਚਲੀ ਪਿਛੋਕੜ ਤੋਂ ਸ਼ੁਰੂ ਹੋ ਕੇ ਜੈਪੁਰੀ ਚੱਪਲਾਂ ਤੇ ਬਨਾਰਸੀ ਚੂੜੀਆਂ ਅਤੇ ਗੰਗਾ ਦੇ ਧਾਰਿਆਂ ਦੇ ਵੇਰਵੇ ਸਮੋਏ ਗਏ ਹਨ। ਇਸ ਨਜ਼ਮ ਵਿੱਚ ਉਹ ਅੱਖਾਂ ਮੀਚਣ 'ਤੇ ਕਿਸੇ ਮਲਾਹ ਦੀ ਹੂਕ ਸੁਣਨ ਤੇ ਘਾਟ ਦੇ ਰੌਲ਼ੇ-ਰੱਪੇ ਉਪਰੰਤ ਰੰਗਾਂ ਦੇ ਮੌਸਮ ਦੀ ਗੱਲ ਵੀ ਕਰਦੀ ਹੈ। ਉਸਦੇ ਅਹਿਸਾਸ ਹੀ ਮੌਸਮ ਹਨ ਤੇ ਇਨ੍ਹਾਂ ਅਹਿਸਾਸਾਂ ਨੂੰ ਜੀਣ ਲਈ ਰੰਗਾਂ ਨੂੰ ਜੀਣਾ ਪੈਂਦਾ ਹੈ। ਇਸ ਤਰ੍ਹਾਂ ਮਨਦੀਪ ਦੀ ਸਮੁੱਚੀ ਨਜ਼ਮੀਅਤ ਵਿੱਚ ਜ਼ਿੰਦਗੀ ਦੇ ਦਿੱਗ ਦਰਸ਼ਨ ਹੁੰਦੇ ਹਨ।

# ਅਟਾਰੀ-ਵਾਹਗਾ ਬਾਰਡਰ 'ਤੇ ਹੁੰਦੀ ਰੀਟਰੀਟ ਰਸਮ ਦੇ ਅਰਥ

**ਖਰੀ ਗੱਲ**

ਦਿਲਜੀਤ ਸਿੰਘ ਬੇਦੀ
ਫੋਨ: +91-7657968570



***ਦੋਹਾਂ ਦੇਸ਼ਾਂ ਦੇ ਲੋਕ ਆਪੋ ਆਪਣੀਆਂ ਗੈਲਰੀਆਂ 'ਚ ਬੈਠੇ ਫੌਜੀ ਕਾਰਵਾਈ 'ਤੇ ਤਾੜੀਆਂ ਮਾਰਦੇ ਤੇ ਨਾਅਰੇ ਲਾਉਂਦੇ ਹਨ, ਉਧਰੋ ਆਵਾਜ਼ ਆਉਂਦੀ ਹੈ ਪਾਕਿਸਤਾਨ ਪਾਇੰਦਾਬਾਦ, ਏਧਰੋਂ ਉਚੀ ਸਾਰੀ ਆਵਾਜ਼ ਉਠਦੀ ਹੈ-ਹਿੰਦੋਸਤਾਨ ਜ਼ਿੰਦਾਬਾਦ-ਜ਼ਿੰਦਾਬਾਦ, ਇਹ ਨਾਅਰੇ ਫਿਰ ਜਿੱਦੋ ਜਿੱਦੀ ਲਗਦੇ ਹਨ।...ਨਾਅਰੇ ਲਾਉਣ ਵਾਲਿਆਂ ਦੇ ਵੱਡ ਵਡੇਰੇ ਵੰਡ ਤੋਂ ਪਹਿਲਾਂ ਦੋਹਾਂ ਦੇਸ਼ਾਂ ਵਿੱਚ ਇੱਕ-ਦੂਜੇ ਨਾਲ ਜੱਫੀਆਂ ਪਾ ਕੇ ਇੱਕੋ ਘਰ, ਮਹੱਲੇ, ਪਿੰਡ, ਸ਼ਹਿਰ ਦੇ ਵੱਸਣ ਵਾਲੇ ਸਨ- ਭਾਵੇਂ ਜ਼ਮੀਨੀ ਪੱਧਰ 'ਤੇ ਵੰਡ ਹੋ ਗਈ, ਪਰ ਮੁਹੱਬਤ ਨੂੰ ਕੋਈ ਵੰਡ ਨਹੀਂ ਸਕਿਆ।***

ਬੰਗਲਾਦੇਸ਼ ਅਤੇ ਪਾਕਿਸਤਾਨ- ਦੋਵੇਂ ਦੱਖਣੀ ਏਸ਼ੀਆਈ ਮੁਸਲਿਮ ਦੇਸ਼ ਹਨ। ਭਾਰਤ ਵਿੱਚ ਬ੍ਰਿਟਿਸ਼ ਸ਼ਾਸਨ ਦੇ ਅੰਤ ਤੋਂ ਬਾਅਦ ਦੋਵਾਂ ਦੇਸ਼ਾਂ ਨੇ 24 ਸਾਲਾਂ ਲਈ ਇੱਕ ਸਿੰਗਲ ਰਾਜ ਬਣਾਇਆ। 1971 ਵਿੱਚ ਬੰਗਲਾਦੇਸ਼ ਦੀ ਆਜ਼ਾਦੀ ਦੀ ਲੜਾਈ ਦੇ ਨਤੀਜੇ ਵਜੋਂ ਪੂਰਬੀ ਪਾਕਿਸਤਾਨ ਨੂੰ ਪੀਪਲਜ਼ ਰੀਪਬਲਿਕ ਆਫ਼ ਬੰਗਲਾਦੇਸ਼ ਵਜੋਂ ਵੱਖ ਕੀਤਾ ਗਿਆ। ਪਾਕਿਸਤਾਨ (ਪਹਿਲਾਂ ਪੱਛਮੀ ਪਾਕਿਸਤਾਨ) ਨੇ 1974 ਵਿੱਚ ਬੰਗਲਾਦੇਸ਼ ਨੂੰ ਮਾਨਤਾ ਦਿੱਤੀ। ਅੱਜ ਬੰਗਲਾਦੇਸ਼ ਅਤੇ ਪਾਕਿਸਤਾਨ ਵਿਚਕਾਰ ਦੁਵੱਲੇ ਸਬੰਧਾਂ ਨੂੰ ਸੁਹਿਰਦ ਮੰਨਿਆ ਜਾਂਦਾ ਹੈ।

ਪੰਜਾਬ ਦੀ ਵੰਡ ਤੋਂ ਪਹਿਲਾਂ, ਲਾਹੌਰ ਅਤੇ ਅੰਮ੍ਰਿਤਸਰ ਅਣਵੰਡੇ ਪੰਜਾਬ ਦੇ ਪ੍ਰਮੁੱਖ ਸ਼ਹਿਰ ਅਤੇ ਵੱਡੇ ਵਪਾਰਕ ਕੇਂਦਰ ਸਨ। ਭਾਰਤ ਅਤੇ ਪਾਕਿਸਤਾਨ ਦੀ ਵੰਡ ਤੋਂ ਬਾਅਦ ਸਰਹੱਦੀ ਪਿੱਲਰ ਨੰਬਰ 102 ਦੇ ਨੇੜੇ ਅਟਾਰੀ ਵਾਹਗਾ ਬਾਰਡਰ 'ਤੇ ਇੱਕ ਸਾਂਝੀ ਚੈਕ ਪੋਸਟ ਸਥਾਪਿਤ ਕੀਤੀ ਗਈ ਸੀ, ਜੋ ਇਤਿਹਾਸਕ ਮਾਰਗ ਸ਼ੇਰ ਸ਼ਾਹ ਸੂਰੀ ਰੋਡ ਅਤੇ ਦੂਜਾ ਨਾਮ ਗ੍ਰੈਂਡ ਟਰੰਕ ਰੋਡ 'ਤੇ ਹੈ। ਇਹ ਨੈਸ਼ਨਲ ਹਾਈਵੇਅ 01 ਦਾ ਸ਼ੁਰੂਆਤੀ ਬਿੰਦੂ ਹੈ, ਇਹ ਇਤਿਹਾਸਕ ਸੜਕ ਅਤੇ ਏ.ਐਚ.-1 ਦਾ ਹਿੱਸਾ ਹੈ, ਏਸ਼ੀਅਨ ਹਾਈਵੇਅ ਨੈੱਟਵਰਕ ਦਾ ਸਭ ਤੋਂ ਲੰਬਾ ਰਸਤਾ ਹੈ।

ਅਟਾਰੀ ਪਿੰਡ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਦਾ ਜੱਦੀ ਪਿੰਡ ਸੀ, ਜੋ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਦੇ ਜਰਨੈਲਾਂ ਵਿੱਚੋਂ ਇੱਕ ਸੀ। ਪਿੰਡ ਵਾਹਗਾ ਅਟਾਰੀ ਦੇ ਜਗੀਰਦਾਰ ਸਰਦਾਰ ਸ਼ਾਮ ਸਿੰਘ ਦੀ ਜਾਗੀਰ ਸੀ। ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਦੁਆਰਾ ਇਸ 'ਤੇ ਸਹਿਮਤੀ ਬਣੀ ਸੀ। ਬੀਟਿੰਗ ਦੀ ਰੀਟਰੀਟ ਰਸਮ 1959 ਵਿੱਚ ਸ਼ੁਰੂ ਕੀਤੀ ਗਈ ਸੀ ਅਤੇ 1947 ਵਿੱਚ ਭਾਰਤੀ ਫੌਜ ਨੂੰ ਏ.ਐਚ.-1 'ਤੇ ਸਥਿਤ ਸੰਯੁਕਤ ਚੈਕ ਪੋਸਟ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੀਆਂ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਸਨ, ਜੋ ਦੋਹਾਂ ਦੇਸ਼ਾਂ ਵਿੱਚ ਸ਼ਾਮਲ ਹੋਣ। ਸ਼ੁਰੂ ਵਿੱਚ ਫੌਜ ਦੀ ਕੁਮਾਊਂ ਰੈਜੀਮੈਂਟ ਨੇ ਪਹਿਲੀ ਟੁਕੜੀ ਪ੍ਰਦਾਨ ਕੀਤੀ ਸੀ। ਪਹਿਲਾ ਝੰਡਾ ਲਹਿਰਾਉਣ ਦੀ ਰਸਮ ਬ੍ਰਿਗੇਡੀਅਰ ਮਹਿੰਦਰ ਸਿੰਘ ਚੋਪੜਾ ਦੁਆਰਾ 11 ਅਕਤੂਬਰ 1947 ਨੂੰ ਦੇਖੀ ਗਈ ਸੀ। 1950 ਦੇ ਦਹਾਕੇ ਦੇ ਅੱਧ ਦੌਰਾਨ ਜੇ.ਸੀ.ਪੀ. ਨੂੰ ਪੰਜਾਬ ਪੁਲਿਸ ਨੇ ਸੰਭਾਲ ਲਿਆ ਸੀ। ਆਪਣੀ ਕਿਸਮ ਦਾ ਪਹਿਲਾ ਰੀਟਰੀਟ ਸਮਾਰੋਹ 1952 ਵਿੱਚ ਸ਼ੁਰੂ ਕੀਤਾ ਗਿਆ ਸੀ। ਦੋਹਾਂ ਦੇਸ਼ਾਂ ਦੇ ਬੁੱਧੀਜੀਵੀ ਸਿਰਕੱਢ ਸੱਜਣਾਂ ਵੱਲੋਂ ਦੋਹਾਂ ਦੇਸ਼ਾਂ ਅੰਦਰ ਸ਼ਾਂਤੀ ਬਣਾਈ ਰੱਖਣ ਅਤੇ ਆਪਸੀ ਮਿਲਵਰਤਣ ਲਈ ਉਪਰਾਲੇ ਕੀਤੇ ਜਾਂਦੇ ਰਹੇ ਹਨ। ਹਿੰਦ-ਪਾਕਿ ਦੋਸਤੀ ਮੰਚ, ਫੋਕਲੋਰ ਰੀਸਰਚ ਅਕਾਦਮੀ ਅੰਮ੍ਰਿਤਸਰ, ਸਾਫਮਾ ਪਾਕਿਸਤਾਨ ਇੰਡੀਆ ਪੀਪਲਜ਼ ਫੋਰਮ ਫਾਰ ਪੀਸ ਐਂਡ ਡੈਮੋਕਰੇਸੀ ਅਤੇ ਪੰਜਾਬ ਜਾਗ੍ਰਤੀ ਮੰਚ ਜਲੰਧਰ, ਸਾਂਈ ਮੀਆਂ ਮੀਰ ਫਾਊਂਡੇਸ਼ਨ (ਰਜਿ.) ਅੰਮ੍ਰਿਤਸਰ ਆਦਿ ਸੰਸਥਾਵਾਂ ਕੌਮਾਂਤਰੀ ਪੱਧਰ 'ਤੇ ਸਰਗਰਮ ਰਹੀਆਂ ਹਨ।

ਚਾਰ ਕੁ ਦਹਾਕੇ ਪਹਿਲਾਂ ਨਾਮਵਰ ਪ੍ਰਸਿੱਧ ਪੱਤਰਕਾਰ ਸ੍ਰੀ ਕੁਲਦੀਪ ਨਈਅਰ, ਸ. ਸਤਨਾਮ ਸਿੰਘ ਮਾਣਕ, ਇਮਤਿਆਜ ਆਲਮ, ਸ. ਹਰਭਜਨ ਸਿੰਘ ਬਰਾੜ ਅਤੇ ਹੋਰ ਪ੍ਰਤਿਸ਼ਟ ਸ਼ਖ਼ਸੀਅਤਾਂ ਵੱਲੋਂ ਇਸ ਦਿਸ਼ਾ ਵਿੱਚ ਕੰਮ ਕੀਤਾ ਜਾਂਦਾ ਰਿਹਾ ਤੇ ਹੋ ਰਿਹਾ ਹੈ। ਸਮਝੌਤਾ ਐਕਸਪ੍ਰੈਸ



ਦਾ ਬੰਦ ਹੋਣਾ, ਲਾਹੌਰ ਤੋਂ ਦਿੱਲੀ ਤੇ ਦਿੱਲੀ ਤੋਂ ਲਾਹੌਰ ਚਲਣ ਵਾਲੀ ਬਸ ਵੀ ਸੌੜੇ ਰਾਜਨੀਤਕ ਪਹਿਲੂਆਂ ਦਾ ਸ਼ਿਕਾਰ ਹੋਈ ਹੈ। ਅੱਜ ਕਰਤਾਰਪੁਰ ਕੋਰੀਡੋਰ ਵਾਂਗ ਨਨਕਾਣਾ ਸਾਹਿਬ ਕੋਰੀਡੋਰ ਦੀ ਭਾਰਤ ਦੇ ਸੰਸਦ ਹਾਊਸ ਵਿੱਚ ਇੱਕ ਸੰਸਦ ਮੈਂਬਰ ਵੱਲੋਂ ਮੰਗ ਕੀਤੀ ਗਈ ਹੈ। ਦੂਸਰੇ ਪਾਸੇ ਪਹਿਲਾਂ ਟਰਾਂਸਪੋਰਟ ਰਾਹੀਂ ਚੱਲਣ ਵਾਲਾ ਵਪਾਰ ਦੋਹਾਂ ਦੇਸ਼ਾਂ ਵੱਲੋਂ ਬੰਦ ਕੀਤਾ ਹੋਇਆ ਹੈ। ਭਾਵੇਂ ਇਸ ਸਾਂਝੀ ਚੈਕ ਪੋਸਟ ਉਤੇ ਸਮੇਂ ਸਮੇਂ ਤਿਉਹਾਰਾਂ ਦੌਰਾਨ ਇੱਕ ਦੂਜੇ ਪਾਸਿਓਂ ਮਠਿਆਈਆਂ, ਫਲਾਂ ਦਾ ਸ਼ੁਭਭਾਵਨਾਵਾਂ ਸਹਿਤ ਅਦਾਨ-ਪ੍ਰਦਾਨ ਵੀ ਹੁੰਦਾ ਰਹਿੰਦਾ ਹੈ, ਪਰ ਸੁਹਿਰਦ ਸ਼ਖ਼ਸੀਅਤਾਂ ਵੱਲੋਂ ਕੀਤੀਆਂ ਕੋਸ਼ਿਸ਼ਾਂ ਵੀ ਉਸ ਸਮੇਂ ਖੁਰਦੀਆਂ ਨਜ਼ਰ ਆਉਂਦੀਆਂ ਹਨ, ਜਦੋਂ ਰੀਟਰੀਟ ਰਸਮ-ਇੱਕ ਦੂਜੇ ਦੇਸ਼ ਦੇ ਲੋਕਾਂ ਪ੍ਰਤੀ ਨਫ਼ਰਤ ਪੈਦਾ ਕਰਨ ਦੀ ਝਾਕੀ ਪੇਸ਼ ਕਰਦੀ ਹੈ। ਇਸ ਵਿੱਚ ਸਦਭਾਵਨਾ, ਮਿੱਤਰਤਾਈ ਤੇ ਮਨੁੱਖਤਾ ਦੇ ਭਲੇ ਲਈ ਉਪਦੇਸ਼ ਪੈਦਾ ਹੋਣਾ ਚਾਹੀਦਾ ਹੈ।

ਦੋਹਾਂ ਦੇਸ਼ਾਂ ਦੇ ਲੋਕ ਆਪੋ ਆਪਣੀਆਂ ਗੈਲਰੀਆਂ 'ਚ ਬੈਠੇ ਫੌਜੀ ਕਾਰਵਾਈ 'ਤੇ ਤਾੜੀਆਂ ਮਾਰਦੇ ਤੇ ਨਾਅਰੇ ਲਾਉਂਦੇ ਹਨ, ਉਧਰੋ ਆਵਾਜ਼ ਆਉਂਦੀ ਹੈ ਪਾਕਿਸਤਾਨ ਪਾਇੰਦਾਬਾਦ, ਏਧਰੋਂ ਉਚੀ ਸਾਰੀ ਆਵਾਜ਼ ਉਠਦੀ ਹੈ-ਹਿੰਦੋਸਤਾਨ ਜ਼ਿੰਦਾਬਾਦ-ਜ਼ਿੰਦਾਬਾਦ, ਇਹ ਨਾਅਰੇ ਫਿਰ ਜਿੱਦੋ ਜਿੱਦੀ ਲਗਦੇ ਹਨ। ਕੁੱਝ ਪਲ ਤਾਂ ਏਵੇਂ ਮਹਿਸੂਸ ਹੁੰਦੇ ਹਨ ਕਿ ਹੁਣੇ ਹੀ ਦੋਹਾਂ ਦੇਸ਼ਾਂ ਦੇ ਲੋਕ ਇੱਕ-ਦੂਜੇ ਨਾਲ ਲੜ ਪੈਣਗੇ। ਬਹੁਤ ਨੇੜਿਓ ਅੱਖੀਂ ਵੇਖਿਆ ਕਿ ਪਰੇਡ ਦੇ ਜ਼ਰੀਏ ਇੱਕ-ਦੂਜੇ ਨੂੰ ਨਫ਼ਰਤੀ ਭਾਵਨਾ 'ਚ ਦੇਖਿਆ ਜਾਂਦਾ ਹੈ। ਭਾਰਤ ਦੇ ਵੱਖ-ਵੱਖ ਸੂਬਿਆਂ ਤੋਂ ਸੈਲਾਨੀਆਂ ਦੇ ਜਥੇ ਪੰਜਾਬ ਦੀ ਯਾਤਰਾ 'ਤੇ ਆਉਂਦੇ ਹਨ, ਉਹ ਜਿਥੇ ਸ੍ਰੀ ਅੰਮ੍ਰਿਤਸਰ ਸ਼ਹਿਰ ਦੇ ਦਰਸ਼ਨ ਕਰਦੇ, ਉਥੋਂ ਉਹ ਸ੍ਰੀ ਹਰਿਮੰਦਰ ਸਾਹਿਬ ਜਿਥੇ ਹਰ ਵਕਤ ਵਾਰ ਵਾਰ ਸਰਬੱਤ ਦੇ ਭਲੇ ਦੀ ਅਰਦਾਸ ਹੁੰਦੀ ਹੈ, ਬਿਨਾ ਭਿੰਨਭੇਦ ਦੇ ਇੱਕੋ ਪੰਗਤ ਵਿੱਚ ਪ੍ਰਸ਼ਾਦਾ ਛਕਾਇਆ ਜਾਂਦਾ ਹੈ; ਜਿੱਥੋਂ ਅੰਮ੍ਰਿਤਮਈ ਧੁਨਾਂ ਦਾ ਅਲਾਪ ਹਰ ਵੇਲੇ ਚਲਦਾ ਹੈ; ਮਿੱਠੀਆਂ ਮਧੁਰ ਗੁਰਬਾਣੀ ਦੀਆਂ ਧੁਨਾਂ ਹਰ ਜੀਵ ਨੂੰ ਆਤਮਿਕ ਪੱਧਰ 'ਤੇ ਸਰਸ਼ਾਰ ਕਰਦੀਆਂ ਹਨ, ਪਰਿਕਰਮਾ 'ਚ ਸ਼ਾਮਲ ਹੁੰਦਿਆਂ ਹੀ ਹਿਰਦੇ ਸੀਤਲ ਹੋ ਜਾਂਦੇ ਹਨ। ਪਾਵਨ ਪਵਿੱਤਰ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਉਪਰੰਤ ਇਹ ਲੋਕ ਸ਼ਾਮ ਨੂੰ ਰੀਟਰੀਟ ਦੇਖਣ ਲਈ ਬੱਸਾਂ, ਕਾਰਾਂ, ਟੈਂਪੂਆਂ ਰਾਹੀਂ ਹੁੰਮ ਹੁੰਮਾ ਕੇ ਵਾਹਗਾ-ਅਟਾਰੀ ਬਾਰਡਰ 'ਤੇ ਪੁਜਦੇ ਹਨ, ਉਨ੍ਹਾਂ ਅੰਦਰ ਭਾਰਤੀ ਫੌਜੀਆਂ ਤੇ ਦੇਸ਼ ਲਈ ਪਿਆਰ ਡੁਲ੍ਹ-ਡੁਲ੍ਹ ਪੈਂਦਾ ਹੈ। ਉਹ ਫੌਜੀਆਂ ਨਾਲ ਸੈਲਫ਼ੀਆਂ ਲੈਂਦੇ ਤੇ ਵੱਖ-ਵੱਖ ਥਾਵਾਂ 'ਤੇ ਫੋਟੋਆਂ ਖਿਚਦੇ ਹਨ, ਲੋਕਲ ਟੈਕਸੀਆਂ ਤੇ ਟੈਂਪੂਆਂ ਵਾਲੇ ਮੂੰਹ ਮੰਗੇ ਪੈਸੇ ਲੈਂਦੇ ਹਨ, ਕੋਈ ਕਿਰਾਇਆ ਨਿਰਧਾਰਤ ਨਹੀਂ ਕੀਤਾ ਗਿਆ ਅਤੇ ਨਾ ਹੀ ਯਾਤਰੂਆਂ ਨੂੰ ਇਸ ਬਾਰੇ ਕੋਈ ਜਾਣਕਾਰੀ ਦਿੱਤੀ ਜਾਂਦੀ ਹੈ। ਇਸ ਬਾਰੇ ਕਦੀ ਪ੍ਰਸ਼ਾਸਨ ਦੇ ਕਿਸੇ ਵਿਭਾਗ ਨੇ ਚੈੱਕ ਤੱਕ ਨਹੀਂ ਕੀਤਾ। ਇਸ ਹੁੰਦੀ ਅੰਨੀ ਲੁੱਟ ਬਾਰੇ ਸਭ ਖਾਮੋਸ਼ ਹਨ। ਇਸ ਵਾਰ ਪੰਦਰਾਂ ਅਗਸਤ 'ਤੇ ਡੇਢ ਲੱਖ ਤੋਂ ਵੱਧ ਲੋਕਾਂ ਨੇ ਇਸ ਰਸਮ ਵਿੱਚ ਹਿੱਸਾ ਲਿਆ ਹੈ।

ਨਾਅਰੇ ਲਾਉਣ ਵਾਲਿਆਂ ਦੇ ਵੱਡ ਵਡੇਰੇ ਵੰਡ ਤੋਂ ਪਹਿਲਾਂ ਦੋਹਾਂ ਦੇਸ਼ਾਂ ਵਿੱਚ ਇੱਕ-ਦੂਜੇ ਨਾਲ ਜੱਫੀਆਂ ਪਾ ਕੇ ਇੱਕੋ ਘਰ, ਮਹੱਲੇ, ਪਿੰਡ, ਸ਼ਹਿਰ ਦੇ ਵੱਸਣ ਵਾਲੇ ਸਨ- ਭਾਵੇਂ ਜ਼ਮੀਨੀ ਪੱਧਰ 'ਤੇ ਵੰਡ ਹੋ ਗਈ, ਪਰ ਮੁਹੱਬਤ ਨੂੰ ਕੋਈ ਵੰਡ ਨਹੀਂ ਸਕਿਆ। ਅੱਜ ਵੀ ਉਸ ਪੀੜੀ ਦੇ ਲੋਕਾਂ ਨੂੰ ਆਪਣੇ ਸਾਥੀਆਂ, ਰਿਸ਼ਤੇਦਾਰਾਂ ਨੂੰ ਮਿਲਣ ਦੀ ਤਾਂਘ ਹਰ ਵੇਲੇ ਬਣੀ ਰਹਿੰਦੀ ਹੈ।

ਮੱਖਣ ਬਰਾੜ ਦਾ ਲਿਖਿਆ ਗੀਤ ਹਰਦੀਪ ਗਿੱਲ ਦਾ ਗਾਇਆ, 'ਪੰਜਾਬ ਵਿਛੜਿਆ ਜਦੋਂ ਪੰਜਾਬ ਕੋਲੋਂ' ਏਥੇ ਪਾਠਕਾਂ ਨਾਲ ਸਾਂਝਾ ਕਰ ਰਿਹਾ ਹਾਂ:

ਸੁਖੀ ਵਸੇ ਕਸ਼ਮੀਰ, ਮੁੱਕੇ ਰੇੜਕਾ ਪਿਸ਼ੌਰ ਦਾ
ਕਰੀਂ ਕਿਤੇ ਮੇਲ ਮੌਲਾ, ਦਿੱਲੀ ਤੇ ਲਾਹੌਰ ਦਾ
ਮਿੱਟ ਜਾਣ ਹੱਦਾਂ ਬੰਨੇ, ਗੱਡੀ ਜਾਵੇ ਸ਼ੂਕਦੀ
ਵੇਚ ਦਈਏ ਤੋਪਾਂ, ਲੋੜ ਪਵੇ ਨਾ ਬੰਦੂਕ ਦੀ
ਬੜਾ ਮੁੱਲ ਤਾਰਿਆ ਏ, ਲੀਡਰਾਂ ਦੀ ਟੌਹਰ ਦਾ...

ਇੱਕੋ ਜਿਹਾ ਰੰਗ ਹੋ ਜਾਵੇ, ਮੁੜ ਕੇ ਰੁਪੱਈਆਂ ਦਾ
ਲੈਣ ਦੇਣ ਹੋ ਜਾਵੇ ਸਾਡਾ, ਦਾਤੀਆ ਤੇ ਕਹੀਆਂ ਦਾ
ਮੈਂ ਮੀਆਂ ਵਾਲੀ ਮੰਡੀ ਵੇਚਾਂ, ਵੈਹੜਕਾ ਨਗੌਰ ਦਾ...
ਕਰੀਂ ਕਿਤੇ ਮੇਲ ਮੌਲਾ, ਦਿੱਲੀ ਤੇ ਲਾਹੌਰ ਦਾ।

ਬਹੁਤ ਸਾਰੀਆਂ ਮੁਹੱਬਤੀ ਜਥੇਬੰਦੀਆਂ ਅੱਜ ਵੀ ਏਨ੍ਹਾਂ ਦੋਹਾਂ ਪੰਜਾਬਾਂ ਵਿਚਲਾ ਫਾਸਲਾ ਮਿਟਾਉਣ ਲਈ ਯਤਨਸ਼ੀਲ ਹਨ। ਉਨ੍ਹਾਂ ਵੱਲੋਂ ਸਮੇਂ ਸਮੇਂ ਸੈਮੀਨਾਰ ਕਰਾਏ ਜਾਂਦੇ ਹਨ, ਸਾਂਝੀ ਪੋਸਟ ਨਜ਼ਦੀਕ ਆ ਕੇ ਸਾਂਝ ਅਤੇ ਸਾਂਤੀ ਲਈ ਦੀਵੇ ਜਗਾਏ ਜਾਂਦੇ ਹਨ। ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਜਾਂਦੇ ਹਨ; ਪਰ ਦੋਹਾਂ ਪੰਜਾਬਾਂ ਦੇ ਲੋਕ ਬਾਹਾਂ ਅੱਡੀ ਖੜ੍ਹੇ ਹਨ ਕਿ ਕਦੋਂ ਜੱਫੀਆਂ ਪੈਣਗੀਆਂ? ਕਦੋਂ ਵਿੱਥਾਂ ਦੂਰ ਹੋਣਗੀਆਂ, ਕਦੋਂ ਕੰਡਿਆਲੀਆਂ ਤਾਰਾਂ ਦੂਰ ਹੋਣਗੀਆਂ, ਕਦੋਂ ਮਨੁੱਖਤਾ ਦੀ ਸਾਂਝ ਦਾ ਬੋਲਬਾਲਾ ਗੂੰਜੇਗਾ?

---

**ਸੌਤਿਕ ਬਿਸਵਾਸ**

# ਘੱਟ-ਗਿਣਤੀ ਕੌਮਾਂ ਦਾ ਪਰਵਾਸ

ਵਿਸ਼ਵ ਦੀ ਆਬਾਦੀ ਦਾ 3.6 ਫੀਸਦ ਹਿੱਸਾ ਕੌਮਾਂਤਰੀ ਪਰਵਾਸੀ ਹਨ ਯਾਨਿ 28 ਕਰੋੜ ਤੋਂ ਵੱਧ ਲੋਕ ਆਪਣਾ ਪਿੱਤਰੀ ਮੁਲਕ ਛੱਡ ਕੇ ਪਰਵਾਸ ਕਰ ਚੁਕੇ ਹਨ। ਬਹੁਤੇ ਲੋਕ ਘੱਟ-ਗਿਣਤੀ ਕੌਮਾਂ ਨਾਲ ਸਬੰਧਤ ਹਨ। ਭਾਰਤ ਤੋਂ ਪਰਵਾਸ ਕਰਨ ਵਿੱਚ ਸਿੱਖਾਂ, ਮੁਸਲਮਾਨਾਂ ਤੇ ਈਸਾਈਆਂ ਦੀ ਗਿਣਤੀ ਹਿੰਦੂ ਭਾਈਚਾਰੇ ਦੇ ਮੁਕਾਬਲੇ ਵੱਧ ਹੈ। ਅਮਰੀਕਾ ਸਥਿਤ ਪਿਊ ਰਿਸਰਚ ਸੈਂਟਰ ਦੇ ਵਿਸ਼ਲੇਸ਼ਣ ਵਿੱਚ ਭਾਰਤੀ ਲੋਕਾਂ ਦੇ ਪਰਵਾਸ ਕਰਨ ਦੀ ਵੱਖਰੀ ਤਸਵੀਰ ਸਾਹਮਣੇ ਆਈ ਹੈ। ਇਸ ਵਿੱਚ ਦਰਸਾਇਆ ਗਿਆ ਹੈ ਕਿ ਘੱਟ-ਗਿਣਤੀ ਭਾਈਚਾਰੇ ਨਾਲ ਸਬੰਧ ਰੱਖਣ ਵਾਲੇ ਭਾਰਤੀ ਬਹੁ-ਗਿਣਤੀ ਦੇ ਮੁਕਾਬਲੇ ਵੱਧ ਪਰਵਾਸ ਕਰਦੇ ਹਨ।

ਵਿਸ਼ਵ ਭਰ ਦੇ ਪਰਵਾਸੀਆਂ ਦੀ ਧਾਰਮਿਕ ਰਚਨਾ 'ਤੇ ਕੀਤੇ ਗਏ ਸਰਵੇਖਣ ਅਨੁਸਾਰ ਭਾਰਤ ਵਿੱਚ ਲਗਭਗ 80 ਫੀਸਦ ਲੋਕ ਹਿੰਦੂ ਹਨ, ਪਰ ਦੇਸ਼ ਤੋਂ ਬਾਹਰ ਜਾਣ ਵਾਲੇ ਪਰਵਾਸੀਆਂ ਵਿੱਚ ਉਨ੍ਹਾਂ ਦੀ ਗਿਣਤੀ ਕਾਫੀ ਘੱਟ ਹੈ। ਇਸ ਦੇ ਉਲਟ ਭਾਰਤ ਵਿੱਚ ਰਹਿਣ ਵਾਲੇ ਲਗਭਗ 15 ਫੀਸਦ ਲੋਕ ਮੁਸਲਮਾਨ ਹਨ, ਜਦਕਿ ਭਾਰਤ ਵਿੱਚ ਪੈਦਾ ਹੋਏ ਅਤੇ ਹੋਰ ਕਿਤੇ ਜਾ ਕੇ ਵਸਣ ਵਾਲੀ ਮੁਸਲਿਮ ਆਬਾਦੀ ਦਾ ਅੰਕੜਾ 33 ਫੀਸਦ ਹੈ। ਈਸਾਈਆਂ ਦੀ ਭਾਰਤ ਵਿੱਚ ਆਬਾਦੀ ਸਿਰਫ 2% ਬਣਦੀ ਹੈ, ਪਰ ਉਸ ਵਿੱਚੋਂ ਭਾਰਤ ਛੱਡਣ ਵਾਲੇ 16% ਈਸਾਈ ਹਨ। ਵਿਸ਼ਲੇਸ਼ਣ ਦੀ ਇੱਕ ਪ੍ਰਮੁੱਖ ਖੋਜਕਾਰ ਸਟੈਫਨੀ ਕ੍ਰੈਮਰ ਅਨੁਸਾਰ "ਮੁਸਲਮਾਨ ਅਤੇ ਈਸਾਈ ਭਾਰਤ ਵਿੱਚ ਜਾ ਕੇ ਵਸਣ ਤੋਂ ਵੱਧ ਉਥੋਂ ਨਿਕਲੇ ਹਨ। ਸਿੱਖ ਅਤੇ ਜੈਨ ਧਰਮ ਤੋਂ ਇਲਾਵਾ ਹੋਰਨਾਂ ਧਰਮਾਂ ਦੇ ਲੋਕਾਂ ਵੱਲੋਂ ਵੀ ਭਾਰਤ ਛੱਡਣ ਦੀ ਸੰਭਾਵਨਾ ਜ਼ਿਆਦਾ ਹੈ।"

ਪਿਊ ਰਿਸਰਚ ਸੈਂਟਰ ਦੇ ਸੰਯੁਕਤ ਰਾਸ਼ਟਰ ਦੇ ਅੰਕੜਿਆਂ ਅਤੇ 270 ਮਰਦਮਸ਼ੁਮਾਰੀਆਂ ਤੇ ਸਰਵੇਖਣਾਂ ਦੇ ਵਿਸ਼ਲੇਸ਼ਣ ਅਨੁਸਾਰ 2020 ਤੱਕ ਈਸਾਈ ਵਿਸ਼ਵ ਪਰਵਾਸੀ ਆਬਾਦੀ ਦਾ 47 ਫੀਸਦ, ਮੁਸਲਮਾਨ 29 ਫੀਸਦ, ਹਿੰਦੂ 5 ਫੀਸਦ, ਬੋਧੀ 4 ਫੀਸਦ ਅਤੇ ਯਹੂਦੀ ਇੱਕ ਫੀਸਦ ਹਿੱਸਾ ਸਨ। ਧਾਰਮਿਕ ਤੌਰ 'ਤੇ ਗ਼ੈਰ-ਸੰਬੰਧਿਤ, ਨਾਸਤਿਕਾਂ ਅਤੇ ਅਗਿਆਤਵਾਦੀਆਂ ਸਮੇਤ 13 ਫੀਸਦ ਵਿਸ਼ਵ ਪਰਵਾਸੀਆਂ ਦਾ ਹਿੱਸਾ ਹਨ, ਜੋ ਆਪਣੀ ਜਨਮ ਭੂਮੀ (ਦੇਸ਼) ਛੱਡ ਚੁੱਕੇ ਹਨ। ਵਿਸ਼ਲੇਸ਼ਣ ਵਿੱਚ ਪਰਵਾਸੀ ਆਬਾਦੀ ਵਿੱਚ



ਆਪਣੇ ਜਨਮ ਸਥਾਨ (ਦੇਸ਼) ਤੋਂ ਬਾਹਰ ਰਹਿਣ ਵਾਲਾ ਹਰ ਵਿਅਕਤੀ ਸ਼ਾਮਲ ਹੁੰਦਾ ਹੈ, ਬੱਚਿਆਂ ਤੋਂ ਲੈ ਕੇ ਵਡੇਰੀ ਉਮਰ ਦੇ ਬਾਲਗਾਂ ਤੱਕ। ਜਿੱਥੋਂ ਤੱਕ ਭਾਰਤ ਦਾ ਸਬੰਧ ਹੈ, ਵਿਸ਼ਲੇਸ਼ਣ ਵਿੱਚ ਦੇਖਿਆ ਗਿਆ ਹੈ ਕਿ ਭਾਰਤ ਵਿੱਚ ਰਹਿਣ ਵਾਲੀ ਆਬਾਦੀ ਦੀ ਧਾਰਮਿਕ ਬਣਤਰ ਦੇਸ਼ ਦੀ ਸਮੁੱਚੀ ਆਬਾਦੀ ਨਾਲ ਮਿਲਦੀ-ਜੁਲਦੀ ਹੈ।

ਇਸ ਤੋਂ ਇਲਾਵਾ ਵਿਸ਼ਵ ਆਬਾਦੀ ਦੇ ਆਪਣੇ ਹਿੱਸੇ (15 ਫੀਸਦ) ਦੇ ਮੁਕਾਬਲੇ ਕੌਮਾਂਤਰੀ ਪਰਵਾਸੀਆਂ (5 ਫੀਸਦ) ਵਿੱਚ ਹਿੰਦੂਆਂ ਦੀ ਗਿਣਤੀ ਬਹੁਤ ਘੱਟ ਹੈ। ਦੁਨੀਆ ਭਰ ਵਿੱਚ ਲਗਭਗ 100 ਕਰੋੜ ਹਿੰਦੂ ਹਨ। ਕ੍ਰੈਮਰ ਮੁਤਾਬਕ ਅਜਿਹਾ ਇਸ ਲਈ ਲੱਗਦਾ ਹੈ, ਕਿਉਂਕਿ ਹਿੰਦੂ ਭਾਰਤ ਵਿੱਚ ਵੱਡੀ ਗਿਣਤੀ ਵਿੱਚ ਹਨ ਅਤੇ ਭਾਰਤ ਵਿੱਚ ਪੈਦਾ ਹੋਏ ਲੋਕਾਂ ਦੀ ਉਥੋਂ ਕਿਸੇ ਦੂਜੇ ਮੁਲਕ ਵਿੱਚ ਜਾਣ ਦੀ ਸੰਭਾਵਨਾ ਘੱਟ ਹੈ। ਭਾਰਤ ਵਿੱਚ ਪੈਦਾ ਹੋਏ ਜ਼ਿਆਦਾਤਰ ਲੋਕ ਕਿਸੇ ਹੋਰ ਦੇਸ਼ ਦੇ ਮੂਲ ਨਿਵਾਸੀਆਂ ਦੀ ਤੁਲਨਾ ਵਿੱਚ ਵਾਧੂ ਗਿਣਤੀ ਵਿੱਚ ਕਿਤੇ ਹੋਰ ਰਹਿ ਰਹੇ ਹਨ, ਪਰ ਇਹ ਲੱਖਾਂ ਪਰਵਾਸੀ ਭਾਰਤ ਦੀ ਆਬਾਦੀ ਦਾ ਇੱਕ ਛੋਟਾ ਜਿਹਾ ਹਿੱਸਾ ਹਨ।"

ਖੋਜਕਾਰਾਂ ਅਨੁਸਾਰ ਵੰਡ ਤੋਂ ਬਾਅਦ ਭਾਰਤ ਨੇ ਵੱਡੇ ਪੱਧਰ 'ਤੇ ਪਰਵਾਸ ਦਾ ਅਨੁਭਵ ਨਹੀਂ ਕੀਤਾ ਹੈ ਅਤੇ ਉਸ ਸਮੇਂ ਪਰਵਾਸ ਕਰਨ ਵਾਲੇ ਬਹੁਤ ਸਾਰੇ ਲੋਕ ਹੁਣ ਜ਼ਿੰਦਾ ਨਹੀਂ ਹਨ। ਇਸ ਦੇ ਉਲਟ, ਹੋਰ ਧਾਰਮਿਕ ਸਮੂਹ ਵਿਸ਼ਵ ਪੱਧਰ 'ਤੇ ਵਧੇਰੇ ਖਿੰਡੇ ਹੋਏ ਹਨ ਅਤੇ ਪਰਵਾਸ ਨੂੰ ਪ੍ਰੇਰਿਤ ਕਰਨ ਵਾਲੇ ਵਧੇਰੇ ਦਬਾਅ ਵਾਲੇ ਕਾਰਕਾਂ ਦਾ ਸਾਹਮਣਾ ਕਰਦੇ ਹਨ। ਖੋਜਕਾਰਾਂ ਮੁਤਾਬਕ ਵਿਸ਼ਲੇਸ਼ਣ ਕੀਤੇ ਗਏ ਹੋਰ ਧਾਰਮਿਕ ਸਮੂਹਾਂ ਦੇ ਮੁਕਾਬਲੇ ਹਿੰਦੂ ਵੱਖਰੇ ਹਨ। ਦੂਜੇ ਧਰਮਾਂ ਦੇ ਲੋਕਾਂ ਨਾਲੋਂ ਉਨ੍ਹਾਂ ਦੇ ਘਰ ਛੱਡਣ ਦੀ ਸੰਭਾਵਨਾ ਘੱਟ ਹੁੰਦੀ ਹੈ। ਉਨ੍ਹਾਂ ਦੇ ਗਲੋਬਲ ਮਾਈਗ੍ਰੇਸ਼ਨ ਪੈਟਰਨ ਜ਼ਿਆਦਾਤਰ ਇਸ ਗੱਲ 'ਤੇ ਨਿਰਭਰ ਕਰਦੇ ਹਨ ਕਿ ਕੌਣ ਭਾਰਤ ਆਉਂਦਾ ਹੈ, ਨਾ ਕਿ ਕੌਣ ਭਾਰਤ ਛੱਡਦਾ ਹੈ! ਵਿਸ਼ਲੇਸ਼ਣ ਵਿੱਚ ਦੇਖਿਆ ਗਿਆ ਕਿ ਹਿੰਦੂਆਂ ਦੀ ਸਭ ਤੋਂ ਲੰਬੀ ਔਸਤ ਪਰਵਾਸ ਦੂਰੀ 4,988 ਕਿਲੋਮੀਟਰ (3,100 ਮੀਲ) ਹੈ, ਜੋ ਅਕਸਰ ਭਾਰਤ ਤੋਂ ਅਮਰੀਕਾ ਅਤੇ ਯੂ.ਕੇ. ਵਰਗੇ ਦੂਰ-ਦੁਰਾਡੇ ਦੇ ਸਥਾਨਾਂ 'ਤੇ ਜਾਂਦੇ ਹਨ। ਖੋਜਕਾਰਾਂ ਨੇ ਇਸ ਦਾ ਕਾਰਨ ਹਿੰਦੂਆਂ ਨੂੰ ਨੇੜਲੇ ਦੇਸ਼ਾਂ ਵਿੱਚ ਭੱਜਣ ਲਈ ਮਜਬੂਰ ਕਰਨ ਵਾਲੀਆਂ ਘਟਨਾਵਾਂ ਦਾ ਘੱਟ ਹੋਣਾ ਹੈ। ਇਸ ਦੀ ਬਜਾਏ ਜ਼ਿਆਦਾਤਰ ਆਰਥਿਕ ਪਰਵਾਸ ਕਰਦੇ ਹਨ, ਜੋ ਚੰਗੀਆਂ ਨੌਕਰੀਆਂ ਦੀ ਭਾਲ ਵਿੱਚ ਦੂਜੀਆਂ ਥਾਵਾਂ 'ਤੇ ਜਾਂਦੇ ਹਨ।

ਸਰਵੇਖਣ ਅਨੁਸਾਰ ਬੰਗਲਾਦੇਸ਼ ਤੋਂ ਪਰਵਾਸੀਆਂ ਵਿੱਚ ਹਿੰਦੂਆਂ ਦੀ ਗਿਣਤੀ ਵਧੇਰੇ ਦਰਜ ਕੀਤੀ ਗਈ ਹੈ। ਅਧਿਐਨ ਦਾ ਅੰਦਾਜ਼ਾ ਹੈ ਕਿ ਬੰਗਲਾਦੇਸ਼ ਵਿੱਚ 10 ਫੀਸਦ ਤੋਂ ਘੱਟ ਹਿੰਦੂ ਆਬਾਦੀ ਹੈ, ਪਰ ਬੰਗਲਾਦੇਸ਼ ਛੱਡਣ ਵਾਲੇ 21 ਫੀਸਦ ਲੋਕ ਹਿੰਦੂ ਹਨ। ਬੰਗਲਾਦੇਸ਼ ਵਿੱਚ ਰਹਿਣ ਵਾਲੇ ਲਗਭਗ 90 ਫੀਸਦ ਲੋਕ ਮੁਸਲਮਾਨ ਹਨ, ਪਰ ਬੰਗਲਾਦੇਸ਼ ਛੱਡਣ ਵਾਲਿਆਂ ਵਿੱਚ ਮੁਸਲਮਾਨਾਂ ਦਾ ਹਿੱਸਾ 67 ਫੀਸਦ ਹੈ। ਹਿੰਦੂ ਪਾਕਿਸਤਾਨ ਦੀ ਆਬਾਦੀ ਦਾ ਸਿਰਫ਼ 2 ਫੀਸਦ ਹਨ ਅਤੇ 8 ਫੀਸਦ ਲੋਕ ਜੋ ਪਾਕਿਸਤਾਨ ਵਿੱਚ ਪੈਦਾ ਹੋਏ ਸਨ ਅਤੇ ਉਹ ਹਿੰਦੂ ਹਨ, ਹੁਣ ਕਿਤੇ ਹੋਰ ਜਾ ਕੇ ਰਹਿੰਦੇ ਹਨ।

ਮਿਆਂਮਾਰ ਵਿੱਚ ਪਰਵਾਸੀਆਂ ਦੀ ਆਬਾਦੀ ਦੇ ਮੁਕਾਬਲੇ ਇਸ ਦੇ ਵਸਨੀਕਾਂ ਦੀ ਆਬਾਦੀ ਵਿੱਚ ਮੁਸਲਮਾਨਾਂ ਦੀ ਫੀਸਦ ਘੱਟ ਹੈ। ਮੁਸਲਮਾਨ ਮਿਆਂਮਾਰ ਦੀ ਨਿਵਾਸੀ ਆਬਾਦੀ ਦਾ ਲਗਭਗ 4 ਫੀਸਦ ਹਨ ਅਤੇ ਇਸਦੀ ਪਰਵਾਸੀ ਆਬਾਦੀ ਦਾ ਇਹ 36 ਫੀਸਦ ਹਿੱਸਾ ਬਣਾਉਂਦੇ ਹਨ। ਜ਼ਾਹਰ ਹੈ ਕਿ ਮੁਸਲਮਾਨ ਵੀ ਬਹੁ-ਗਿਣਤੀ ਮੁਸਲਿਮ ਦੇਸ਼ਾਂ ਤੋਂ ਬਾਹਰ ਚਲੇ ਜਾਂਦੇ ਹਨ, ਪਰ ਉਨ੍ਹਾਂ ਦੇਸ਼ਾਂ ਵਿੱਚ ਧਾਰਮਿਕ ਘੱਟ-ਗਿਣਤੀਆਂ ਅਕਸਰ ਜ਼ਿਆਦਾ ਪਰਵਾਸ ਕਰਦੀਆਂ ਹਨ। ਪਿਊ ਰਿਸਰਚ ਸੈਂਟਰ ਦੇ ਵਿਸ਼ਲੇਸ਼ਣ ਅਨੁਸਾਰ ਲੋਕ ਅਕਸਰ ਉਨ੍ਹਾਂ ਥਾਵਾਂ 'ਤੇ ਜਾਂਦੇ ਹਨ, ਜਿੱਥੇ ਉਨ੍ਹਾਂ ਦਾ ਧਰਮ ਬਰਾਬਰ ਹੁੰਦਾ ਹੈ ਅਤੇ ਆਪਣੇ ਜ਼ੱਦੀ ਮੁਲਕ ਵਿੱਚ ਘੱਟ-ਗਿਣਤੀ ਧਾਰਮਿਕ ਸਮੂਹਾਂ ਤੋਂ ਆਉਣ ਵਾਲੇ ਲੋਕਾਂ ਦੇ ਉਥੋਂ ਚਲੇ ਜਾਣ ਦੀ ਸੰਭਾਵਨਾ ਵਧੇਰੇ ਹੁੰਦੀ ਹੈ।

# ਲਹਿੰਦੇ ਪੰਜਾਬ ਵਿੱਚ ਪੰਜਾਬੀ ਦੇ ਮੁੱਦਈ: ਉਸਤਾਦ ਦਾਮਨ

ਅਦਬੀ ਬੰਦੇ

**ਉਜਾਗਰ ਸਿੰਘ**
**ਫੋਨ: 91-9417813072**



1947 ਵਿੱਚ ਦੇਸ਼ ਦੀ ਵੰਡ ਸਮੇਂ ਪੰਜਾਬ ਭਾਵੇਂ ਵੰਡਿਆ ਗਿਆ, ਪਰ ਪੰਜਾਬੀ ਦਾ ਚੜ੍ਹਦੇ ਅਤੇ ਲਹਿੰਦੇ- ਦੋਹਾਂ ਪੰਜਾਬਾਂ ਵਿੱਚ ਬੋਲਬਾਲਾ ਬਰਕਰਾਰ ਹੈ। ਕੁੱਝ ਪੰਜਾਬੀ ਵਿਦਵਾਨ ਸ਼ੰਕੇ ਖੜ੍ਹੇ ਕਰ ਰਹੇ ਹਨ ਕਿ ਪੰਜਾਬੀ ਬੋਲੀ ਅਗਲੇ 50 ਸਾਲਾਂ ਵਿੱਚ ਖ਼ਤਮ ਹੋ ਜਾਵੇਗੀ। ਇਹ ਖ਼ਬਰਾਂ ਕਈ ਵਾਰ ਅਖ਼ਬਾਰਾਂ ਦੀਆਂ ਸੁਰਖੀਆਂ ਵੀ ਬਣਦੀਆਂ ਹਨ। ਉਹ ਬੋਲੀ ਕਦੀ ਵੀ ਖ਼ਤਮ ਨਹੀਂ ਹੋ ਸਕਦੀ, ਜਿਹੜੀ ਲੋਕਾਂ ਦੀਆਂ ਭਾਵਨਾਵਾਂ ਨਾਲ ਜੁੜੀ ਹੋਈ ਹੋਵੇ। ਪੰਜਾਬੀ ਬੋਲੀ, ਜਿਸ ਦਾ ਸਬੰਧ ਗੁਰੂਆਂ, ਪੀਰਾਂ ਅਤੇ ਧਾਰਮਿਕ ਭਾਵਨਾਵਾਂ ਨਾਲ ਹੋਵੇ, ਉਸ ਦੇ ਖ਼ਤਮ ਹੋਣ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ, ਪਰ ਹੋ ਸਕਦਾ ਸਮੇਂ ਦੇ ਬੀਤਣ ਨਾਲ ਉਸ ਨੂੰ ਬੋਲਣ ਵਾਲਿਆਂ ਦੀ ਗਿਣਤੀ ਘਟ ਜਾਵੇ। ਪੰਜਾਬੀ ਤਾਂ ਸੰਸਾਰ ਵਿੱਚ ਫ਼ੈਲੇ ਹੋਏ ਹਨ, ਉਥੇ ਵੀ ਗੁਰੂ ਘਰਾਂ ਵਿੱਚ ਬੱਚਿਆਂ ਨੂੰ ਪੰਜਾਬੀ ਪੜ੍ਹਾਈ ਜਾਂਦੀ ਹੈ। ਪਾਕਿਸਤਾਨ ਵਿੱਚ ਵੀ ਅੱਜ ਕਲ੍ਹ ਪੰਜਾਬੀ ਦੇ ਅਲੰਬਰਦਾਰ ਉਥੋਂ ਦੇ ਬਾਸ਼ਿੰਦਿਆਂ ਨੂੰ ਪੰਜਾਬੀ ਬੋਲਣ ਤੇ ਪੰਜਾਬੀ ਪਹਿਰਾਵਾ ਪਾਉਣ ਦੀ ਮੁਹਿੰਮ ਚਲਾ ਰਹੇ ਹਨ। ਦੇਸ਼ ਨੂੰ ਆਜ਼ਾਦ ਕਰਨ ਸਮੇਂ ਗੋਰਿਆਂ ਨੇ ਭਾਰਤੀਆਂ ਨੂੰ ਦੋ ਹਿੱਸਿਆਂ ਵਿੱਚ ਵੰਡ ਕੇ ਪਾਕਿਸਤਾਨ ਵੱਖਰਾ ਦੇਸ਼ ਬਣਾ ਦਿੱਤਾ। ਦੋਹਾਂ ਦੇਸ਼ਾਂ ਦੇ ਸਿਆਸੀ ਨੇਤਾਵਾਂ ਦੀ ਕਾਰਗੁਜ਼ਾਰੀ ਵੀ ਚੰਗੀ ਨਹੀਂ ਰਹੀ। ਅਜਿਹੀ ਆਜ਼ਾਦੀ ਨੂੰ ਇਨਸਾਨੀਅਤ ਦੀ ਬਰਬਾਦੀ ਕਿਹਾ ਜਾ ਸਕਦਾ ਹੈ, ਕਿਉਂਕਿ ਅਣਗਿਣਤ ਬੇਕਸੂਰ ਇਨਸਾਨਾਂ ਦੇ ਕਤਲਾਂ ਨੇ ਆਜ਼ਾਦੀ ਨੂੰ ਦਾਗ਼ਦਾਰ ਕਰ ਦਿੱਤਾ ਸੀ। ਨਹੁੰ ਮਾਸ ਦੇ ਰਿਸ਼ਤੇ ਖੇਰੂੰ-ਖੇਰੂੰ ਹੋ ਗਏ ਸਨ।

ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਪੰਜਾਬੀ ਸਾਹਿਤਕਾਰਾਂ ਨੇ ਖ਼ੂਨੀ ਬਿਰਤਾਂਤ ਲਿਖਿਆ ਸੀ। ਲਹਿੰਦੇ ਪੰਜਾਬ ਤੋਂ ਭਾਰਤ ਵਿੱਚ ਆਈ ਕਵਿਤਰੀ ਅੰਮ੍ਰਿਤਾ ਪ੍ਰੀਤਮ ਨੇ ਦੇਸ਼ ਦੀ ਵੰਡ ਬਾਰੇ ਬਹੁਤ ਹੀ ਭਾਵਨਾਤਮਿਕ ਕਵਿਤਾ ਲਿਖ ਕੇ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ। ਦੂਜੇ ਪਾਸੇ ਪਾਕਿਸਤਾਨ ਜਾ ਕੇ ਵਸੇ ਲੋਕ ਕਵੀ ਉਸਤਾਦ ਦਾਮਨ ਨੇ ਮਨੁੱਖਤਾ ਦੇ ਕਤਲਾਂ ਨੂੰ ਇਨਸਾਨੀਅਤ ਦਾ ਘਾਣ ਦੱਸਦਿਆਂ ਆਪਣੀਆਂ ਭਾਵਪੂਰਤ ਕਵਿਤਾਵਾਂ ਵਿੱਚ ਸਰਲ ਤੇ ਸਾਦੀ ਬੋਲੀ ਵਿੱਚ ਲਿਖੀਆਂ ਸਨ। ਉਸਤਾਦ ਦਾਮਨ ਜਿਨ੍ਹਾਂ ਦਾ ਨਾਮ ਚਿਰਾਗ ਦੀਨ ਸੀ, ਉਨ੍ਹਾਂ ਨੇ ਆਪਣੇ ਨਾਮ ਨੂੰ ਪੰਜਾਬੀ ਦਾ ਭੰਡਾਰਦਾਰ ਬਣਨ ਦਾ ਮਾਣ ਦਿੱਤਾ। ਚਿਰਾਗ ਰੌਸ਼ਨੀ ਦੇਣ ਵਾਲੇ ਦੀਵੇ ਦਾ ਪਵਿਤਰ ਨਾਮ ਗਿਣਿਆਂ ਜਾਂਦਾ ਹੈ। ਉਸਤਾਦ ਦਾਮਨ ਨੂੰ ਪੰਜਾਬੀ ਬੋਲੀ ਦੇ ਨਾਲ ਅਥਾਹ ਪਿਆਰ ਅਤੇ ਸਤਿਕਾਰ ਸੀ। ਭੂਗੋਲਿਕ ਵੰਡ ਪੰਜਾਬੀਆਂ ਦੀ ਵਿਰਾਸਤ ਬੋਲੀ, ਪਹਿਰਾਵਾ, ਰਸਮੋ-ਰਿਵਾਜ, ਹਵਾ-ਪਾਣੀ, ਸਭਿਅਤਾ ਅਤੇ ਸਭਿਆਚਾਰ ਦੀਆਂ ਵੰਡੀਆਂ ਨਾ ਪਾ ਸਕੀ। ਪੰਜਾਬੀ ਭਾਵੇਂ ਦੋ ਖਿਤਿਆਂ ਵਿੱਚ ਵੰਡੇ ਜਾ ਚੁੱਕੇ ਸਨ, ਪਰ ਉਨ੍ਹਾਂ ਦੀਆਂ ਭਾਵਨਾਵਾਂ ਆਪਣੀ ਮਾਤਭੂਮੀ ਲਈ ਭਟਕ ਰਹੀਆਂ ਸਨ। ਉਹ ਮਾਨਸਿਕ ਅਤੇ ਆਤਮਿਕ ਤੌਰ 'ਤੇ ਮਾਖਿਓਂ ਮਿੱਠੀ ਪੰਜਾਬੀ ਭਾਸ਼ਾ ਨਾਲ ਓਤਪੋਤ ਸਨ।

ਲਹਿੰਦੇ ਪੰਜਾਬ ਦੇ ਲੋਕ ਕਵੀਆਂ ਵਿੱਚੋਂ ਚਿਰਾਗ ਦੀਨ ਦਾਮਨ ਨੂੰ ਦੇਸ਼ ਦੀ ਵੰਡ ਦੀ ਚੀਸ ਹਮੇਸ਼ਾ ਰੜਕਦੀ ਰਹੀ। ਇਸ ਕਰਕੇ ਉਹ ਦੇਸ਼ ਦੀ ਵੰਡ ਤੋਂ ਬਾਅਦ ਵੀ ਭਾਰਤ ਵਿੱਚ ਹੋਣ ਵਾਲੇ ਕਵੀ ਦਰਬਾਰਾਂ ਦਾ ਸ਼ਿੰਗਾਰ ਬਣਦਾ ਰਿਹਾ। ਦੇਸ਼ ਦੀ ਵੰਡ ਸੰਬੰਧੀ ਉਸ ਨੇ ਬੜੀਆਂ ਹੀ ਦਿਲ ਨੂੰ ਕੁਰੇਦਣ ਤੇ ਟੁੰਬਣ ਵਾਲੀਆਂ ਕਵਿਤਾਵਾਂ ਲਿਖੀਆਂ ਹਨ। ਉਸਤਾਦ ਦਾਮਨ ਵਰਗੇ ਸਿਰੜੀ ਪੰਜਾਬੀ ਭਾਸ਼ਾ 'ਤੇ ਪਹਿਰਾ ਦਿੰਦੇ ਰਹਿਣਗੇ ਤਾਂ ਇਹ ਬੋਲੀ ਕਦੀਂ ਵੀ ਖ਼ਤਮ ਨਹੀਂ ਹੋ ਸਕਦੀ। ਗੂੜ੍ਹੀ ਸ਼ਬਦਾਵਲੀ ਦੀ ਥਾਂ ਅਜਿਹੀ ਭਾਸ਼ਾ ਦੀ ਵਰਤੋਂ ਕਰਨੀ ਚਾਹੀਦੀ ਹੈ, ਜਿਹੜੀ ਸੌਖਿਆਂ ਹੀ ਲੋਕਾਂ ਦੇ ਪੱਲੇ ਪੈ ਜਾਵੇ ਅਤੇ ਉਸਦੀ ਸਾਰਥਿਕਤਾ ਦਾ ਪਤਾ ਲੱਗੇ। ਵੇਖੋ ਸਬਜ਼ੀ ਦੀ ਸਫਾਈ ਰੱਖਣ ਬਾਰੇ ਉਸਤਾਦ ਦਾਮਨ ਕਿੰਨੀ ਸਰਲ ਸ਼ਬਦਾਵਲੀ ਵਰਤਦਾ ਹੈ:

ਸਬਜ਼ੀ ਲਿਆਓ ਭੱਜ ਕੇ, ਖਾਓ ਸਾਰੇ ਰੱਜ ਕੇ, ਬਾਕੀ ਰੱਖੋ ਕੱਜ ਕੇ।

ਕਵਿਤਾ ਪੜ੍ਹਨ 'ਤੇ ਇਉਂ ਲਗਦਾ ਹੈ ਕਿ ਜਿਵੇਂ ਹਲਕੀ ਫੁਲਕੀ ਜਿਹੀ ਹੈ, ਪਰ ਨੀਝ ਲਾ ਕੇ ਸਮਝੋ ਕਿ ਸਰਲ ਸ਼ਬਦਾਂ ਵਿੱਚ ਕਿਤਨੀ ਵੱਡੀ ਗੱਲ ਕਰ ਗਿਆ ਹੈ। ਪੰਜਾਬੀ ਦਾ ਉਹ ਨਿਧੜਕ ਜਰਨੈਲ ਲੋਕ ਕਵੀ ਸੀ, ਜਿਸਨੇ ਤਾਹਨੇ ਮਿਹਣੇ ਸਹਿੰਦਿਆਂ ਪੰਜਾਬੀ ਵਿੱਚ ਕਵਿਤਾ ਲਿਖਣੋਂ ਗੁਰੇਜ ਨਹੀਂ ਕੀਤਾ। ਹਾਲਾਂਕਿ ਉਸ ਨੂੰ ਪਤਾ ਸੀ ਕਿ ਕਿਸੇ ਵੀ ਸਮੇਂ ਉਸ ਨੂੰ ਸਰੀਰਕ ਨੁਕਸਾਨ ਪਹੁੰਚਾਇਆ ਜਾ ਸਕਦਾ ਹੈ। ਜਦੋਂ ਵਾਰ-ਵਾਰ ਉਸ ਉਪਰ ਦਬਾਅ ਪਾਇਆ ਗਿਆ ਕਿ ਮੁਸਲਮਾਨ ਹੋਣ ਅਤੇ ਪਾਕਿਸਤਾਨ ਵਿੱਚ ਰਹਿਣ ਕਰਕੇ ਉਸ ਨੂੰ ਪੰਜਾਬੀ ਦੀ ਥਾਂ ਉਰਦੂ ਵਿੱਚ ਆਪਣੀਆਂ ਨਜ਼ਮਾਂ ਲਿਖਣੀਆਂ ਚਾਹੀਦੀਆਂ ਹਨ ਤਾਂ ਉਸ ਨੇ ਕਵਿਤਾ ਵਿੱਚ ਹੀ ਉਨ੍ਹਾਂ ਨੂੰ ਜਵਾਬ ਦਿੰਦਿਆਂ ਲਿਖਿਆ:

ਉਰਦੂ ਦਾ ਮੈਂ ਦੋਖੀ ਨਾਹੀਂ ਤੇ ਦੁਸ਼ਮਣ ਨਾਹੀਂ ਅੰਗਰੇਜ਼ੀ ਦਾ,
ਪੁਛਦੇ ਹੋ ਮੇਰੇ ਦਿਲ ਦੀ ਬੋਲੀ,
ਹਾਂ ਜੀ ਹਾਂ ਪੰਜਾਬੀ ਏ।
ਮੈਨੂੰ ਕਈਆਂ ਨੇ ਆਖਿਆ ਕਈ ਵਾਰ,
ਤੂੰ ਲੈਣਾ ਪੰਜਾਬੀ ਦਾ ਨਾਂ ਛੱਡ ਦੇ
ਗੋਦੀ ਜਿਹਦੀ ਵਿੱਚ ਪਲ ਕੇ ਜਵਾਨ ਹੋਇਆਂ,
ਉਹ ਮਾਂ ਛੱਡ ਦੇ ਤੇ ਗਰਾਂ ਛੱਡ ਦੇ
ਜੇ ਪੰਜਾਬੀ ਪੰਜਾਬੀ ਈ ਕੂਕਣਾ ਏ,
ਜਿੱਥੇ ਖਲੋਤਾ ਏਂ ਥਾਂ ਛੱਡ ਦੇ
ਮੈਨੂੰ ਇੰਜ ਲੱਗਦੈ ਲੋਕੀਂ ਆਖਦੇ ਨੇ,
ਤੂੰ ਪੁੱਤਰਾ ਆਪਣੀ ਮਾਂ ਛੱਡ ਦੇ।



ਉਸਤਾਦ ਦਾਮਨ

ਜਦੋਂ ਫਿਰਕਾਪ੍ਰਸਤਾਂ ਨੇ ਉਸਨੂੰ ਵਾਰ-ਵਾਰ ਪੰਜਾਬੀ ਵਿੱਚ ਕਵਿਤਾ ਲਿਖਣ ਤੋਂ ਵਰਜਿਆ ਤਾਂ ਉਹ ਡਰਿਆ ਨਹੀਂ ਸਗੋਂ ਉਸਨੇ ਲਿਖਿਆ:

ਇੱਥੇ ਬੋਲੀ ਪੰਜਾਬੀ ਹੀ ਬੋਲੀ ਜਾਵੇਗੀ,
ਉਰਦੂ ਵਿੱਚ ਕਿਤਾਬਾਂ ਦੇ ਠੱਣਦੀ ਰਹੇਗੀ।
ਇਹਦਾ ਪੁੱਤਰ ਹਾਂ ਇਹਦੇ ਤੋਂ ਦੁੱਧ ਮੰਗਨਾ,
ਮੇਰੀ ਭੁੱਖ ਇਹਦੀ ਛਾਤੀ ਤਣਦੀ ਰਹੇਗੀ।
ਇਹਦੇ ਲੱਖ ਹਰੀਫ ਪਏ ਹੋਣ ਪੈਦਾ,
ਦਿਨ-ਬ-ਦਿਨ ਇਹਦੀ ਸ਼ਕਲ ਬਣਦੀ ਰਹੇਗੀ।
ਉਦੋਂ ਤੀਕ ਤੇ ਪੰਜਾਬੀ ਨਹੀਂ ਮਰਦੀ,
ਜਦੋਂ ਤੀਕ ਪੰਜਾਬਣ ਕੋਈ ਜਣਦੀ ਰਹੇਗੀ।

ਨੌਜਵਾਨ ਪੀੜ੍ਹੀ 'ਤੇ ਕਟਾਖਸ਼ ਕਰਨ ਲੱਗਿਆਂ ਵੀ ਕਮਾਲ ਦੀਆਂ ਪੰਜਾਬੀ ਦੀਆਂ ਠੇਠ ਤਸ਼ਬੀਹਾਂ ਆਪਣੀਆਂ ਕਵਿਤਾਵਾਂ ਵਿੱਚ ਦਿੰਦਾ ਸੀ, ਜਿਹੜੀਆਂ ਅੱਜ 77 ਸਾਲ ਬਾਅਦ ਵੀ ਢੁਕਦੀਆਂ ਹਨ। ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ 'ਤੇ ਵਿਅੰਗ ਕਸਦਾ ਉਹ ਲਿਖਦਾ ਹੈ:

ਇਹ ਕਾਲਜ ਏ ਕਿ ਫੈਸ਼ਨ ਦੀ ਫੈਕਟਰੀ ਏ,
ਕੁੜੀਆਂ ਮੁੰਡਿਆਂ ਨਾਲ ਇੰਜ ਫਿਰਨ,
ਜਿਵੇਂ ਅਲਜਬਰੇ ਨਾਲ ਜੁਮੈਟਰੀ ਏ।

ਉਸਤਾਦ ਦਾਮਨ ਨੇ ਸਾਰੀ ਉਮਰ ਅਣਖ ਨਾਲ ਸ਼ਾਇਰੀ ਕੀਤੀ। ਸਰਕਾਰਾਂ ਦੇ ਦਮਨ ਦਾ ਸ਼ਿਕਾਰ ਵੀ ਹੋਇਆ। ਇਨਕਲਾਬੀ ਕਵਿਤਾ ਸਮਾਜਿਕ ਬੁਰਾਈਆਂ ਅਤੇ ਆਮ ਜਨਤਾ ਉਪਰ ਸਰਕਾਰ ਵੱਲੋਂ ਕੀਤੇ ਜਾਂਦੇ ਜ਼ੋਰ ਜ਼ਬਰਦਸਤੀ ਦੀਆਂ ਕਾਰਵਾਈਆਂ ਵਿਰੁਧ ਲਿਖਣ ਕਰਕੇ ਉਸ ਉਪਰ ਕਈ ਕੇਸ ਦਰਜ ਕਰਕੇ ਜੇਲ੍ਹ ਵਿੱਚ ਬੰਦ ਰੱਖਿਆ ਗਿਆ, ਪਰ ਉਸ ਨੇ ਸਰਕਾਰਾਂ ਨਾਲ ਆਢਾ ਲਾਈ ਰੱਖਿਆ। ਫ਼ੌਜੀ ਰਾਜ ਤੋਂ ਵੀ ਉਹ ਡਰਿਆ ਨਹੀਂ, ਸਗੋਂ ਉਸਨੇ ਫ਼ੌਜੀ ਰਾਜ 'ਤੇ ਟਕੋਰ ਕਰਦਿਆਂ ਅਰਥ ਭਰਪੂਰ ਕਵਿਤਾ ਲਿਖੀ:

ਸਾਡੇ ਮੁਲਕ ਦੀਆਂ ਮੌਜਾਂ ਹੀ ਮੌਜਾਂ,
ਜਿਧਰ ਦੇਖੋ ਫ਼ੌਜਾਂ ਹੀ ਫ਼ੌਜਾਂ।
ਇਹ ਕੀ ਕਰੀ ਜਾਨਾ,
ਕਦੀ ਚੀਨ ਜਾਨਾ ਕਦੀ ਰੂਸ ਜਾਨਾ।
ਕਦੀ ਸ਼ਿਮਲੇ ਜਾਨਾ ਕਦੀ ਮਰੀ ਜਾਨਾ,
ਜਿਧਰ ਜਾਨਾ ਬਣਕੇ ਜਲੂਸ ਜਾਨਾ।
ਲਈ ਖੇਸ ਜਾਨਾ ਖਿੱਚੀ ਦਰੀ ਜਾਨਾ,
ਇਹ ਕੀ ਕਰੀ ਜਾਨਾ।

ਜੇਲ੍ਹ ਵਿੱਚ ਰਹਿਣ ਕਰਕੇ ਉਸਦੀ ਵਿਆਹੁਤਾ ਜ਼ਿੰਦਗੀ ਵੀ ਬਹੁਤੀ ਸਫਲ ਨਹੀਂ ਰਹੀ। ਉਸਦਾ ਵਿਆਹ ਇੱਕ ਸਿੱਖ ਪਰਿਵਾਰ ਵਿੱਚ ਹੋਇਆ ਸੀ। ਉਸਦਾ ਇੱਕ ਲੜਕਾ ਵੀ ਸੀ, ਪਰ ਬਹੁਤਾ ਸਮਾਂ ਜੇਲ੍ਹ ਵਿੱਚ ਰਹਿਣ ਕਰਕੇ ਇੱਕ ਵਾਰ ਵਿਛੜਿਆ ਪਰਿਵਾਰ ਮੁੜ ਕੇ ਮਿਲ ਨਹੀਂ ਸਕਿਆ। ਜਿਉਂਦੇ ਜੀਅ ਗ਼ਰੀਬੀ ਕਰਕੇ ਉਹ ਆਪਣੀਆਂ ਕਵਿਤਾਵਾਂ ਦੀ ਕੋਈ ਵੀ ਪੁਸਤਕ ਪ੍ਰਕਾਸ਼ਤ ਨਹੀਂ ਕਰਵਾ ਸਕਿਆ। ਉਸਤਾਦ ਦਾਮਨ ਦੀ ਮੌਤ ਤੋਂ ਬਾਅਦ ਉਸ ਦੀਆਂ ਕਵਿਤਾਵਾਂ ਦੀ ਪੁਸਤਕ ਪਾਕਿਸਤਾਨ ਦੇ ਲੋਕਾਂ ਨੇ ਗੁਰਮੁਖੀ ਵਿੱਚ ਪ੍ਰਕਾਸ਼ਤ ਹੀ ਨਹੀਂ ਕੀਤੀ, ਸਗੋਂ ਉਰਦੂ ਵਿੱਚ ਪ੍ਰਕਾਸ਼ਤ ਕਰਕੇ ਉਸਨੂੰ ਉਰਦੂ ਦਾ ਸ਼ਾਇਰ ਵਿਖਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਉਸਤਾਦ ਦਾਮਨ ਆਪਣੀ ਜ਼ਿੰਦਗੀ ਦਾ ਬਹੁਤਾ ਸਮਾਂ ਆਪਣੀਆਂ ਇਨਕਲਾਬੀ ਕਵਿਤਾਵਾਂ ਕਰਕੇ ਜੇਲ੍ਹ ਵਿੱਚ ਹੀ ਰਿਹਾ ਹੈ। ਉਹ ਇਹ ਵੀ ਆਮ ਕਹਿੰਦਾ ਸੀ ਕਿ ਉਸ ਦਾ ਕਮਰਾ ਹੀ ਬਹੁਤ ਛੋਟਾ ਸੀ, ਜਿਸ ਕਰਕੇ ਉਸ ਉਪਰ ਬੰਬ ਰੱਖਣ ਦੇ ਕੇਸ ਬਣਦੇ ਰਹੇ, ਜੇਕਰ ਮੇਰਾ ਕਮਰਾ ਵੱਡਾ ਹੁੰਦਾ ਤਾਂ ਟੈਂਕ ਰੱਖਣ ਦੇ ਕੇਸ ਵੀ ਹੋ ਸਕਦੇ ਸਨ। ਜੇਲ੍ਹ ਵਿੱਚ ਰਹਿਣ ਸਬੰਧੀ ਉਹ ਲਿਖਦਾ ਹੈ:

ਸਟੇਜਾਂ 'ਤੇ ਆਈਏ ਸਿਕੰਦਰ ਹੋਈਦਾ ਏ,
ਸਟੇਜੋਂ ਉਤਰ ਕੇ ਕਲੰਦਰ ਹੋਈਦਾ ਏ।
ਉਲਝੇ ਜੋ ਦਾਮਨ ਹਕੂਮਤ ਕਿਸੇ ਨਾਲ,
ਬਸ ਏਨਾ ਹੀ ਹੁੰਦਾ, ਅੰਦਰ ਹੋਈਦਾ ਏ।

ਉਸਤਾਦ ਦਾਮਨ ਦਾ ਪਿਤਾ ਫ਼ੌਜੀ ਦਰਜੀਖਾਨੇ ਵਿੱਚ ਕਪੜੇ ਸਿਉਣ ਦਾ ਕੰਮ ਕਰਦਾ ਸੀ। ਦਾਮਨ ਦੀਆਂ ਕ੍ਰਾਂਤੀਕਾਰੀ ਅਤੇ ਧਾਰਮਿਕ ਜਨੂੰਨੀਆਂ ਦੇ ਵਿਰੁੱਧ ਹੋਣ ਕਰਕੇ ਉਸਦੇ ਘਰ ਨੂੰ ਅੱਗ ਲਗਾ ਕੇ ਸਾੜ ਦਿੱਤਾ ਤਾਂ ਉਸਨੇ ਇੱਕ ਕਵਿਤਾ ਵਿੱਚ ਲਿਖਿਆ:

ਕਿਸੇ ਤੀਲ੍ਹੀ ਐਸੀ ਲਗਾਈ ਏ,
ਥਾਂ ਥਾਂ 'ਤੇ ਅੱਗ ਮਚਾਈ ਏ।
ਪਈ ਸੜਦੀ ਲੋਕਾਈ ਏ,
ਤੇ ਪੈਂਦੀ ਹਾਲ ਦੁਹਾਈ ਏ।

ਆਜ਼ਾਦੀ ਤੋਂ ਬਾਅਦ ਇੱਕ ਵਾਰ ਉਸਤਾਦ ਦਾਮਨ ਨੇ ਲਾਲ ਕਿਲ੍ਹੇ ਦਿੱਲੀ ਵਿੱਚ ਹੋਏ ਇੱਕ ਕਵੀ ਦਰਬਾਰ ਵਿੱਚ ਆਪਣੀ ਕਵਿਤਾ ਪੜ੍ਹ ਕੇ ਉਥੇ ਹਾਜ਼ਰ ਭਾਰਤ ਦੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੂੰ ਰੁਆ ਦਿੱਤਾ ਸੀ। ਉਸ ਦੀ ਕਵਿਤਾ ਦੇ ਬੋਲ ਹਨ:

ਭਾਵੇਂ ਮੂੰਹੋਂ ਨਾ ਕਹੀਏ ਪਰ ਵਿਚੋਂ ਵਿਚੀਂ,
ਖੋਏ ਤੁਸੀਂ ਵੀ ਓ ਤੇ ਖੋਏ ਅਸੀਂ ਵੀ ਆਂ।
ਇਨ੍ਹਾਂ ਆਜ਼ਾਦੀਆਂ ਹੱਥੋਂ ਬਰਬਾਦ ਹੋਏ,
ਤੁਸੀਂ ਵੀ ਓ ਹੋਏ ਅਸੀਂ ਵੀ ਆਂ।
ਕੁਝ ਉਮੀਦ ਏ ਜ਼ਿੰਦਗੀ ਮਿਲ ਜਾਵੇਗੀ,
ਮੋਏ ਤੁਸੀਂ ਵੀ ਓ ਮੋਏ ਅਸੀਂ ਵੀ ਆਂ।
ਜਿਓਂਦੀ ਜਾਨ ਵੀ ਮੌਤ ਦੇ ਮੂੰਹ ਅੰਦਰ,
ਢੋਏ ਤੁਸੀਂ ਵੀ ਓ ਢੋਏ ਅਸੀਂ ਵੀ ਆਂ।
ਜਾਗਣੇ ਵਾਲਿਆਂ ਰੱਜ ਕੇ ਲੁੱਟਿਆ ਏ,
ਸੋਏ ਤੁਸੀਂ ਵੀ ਓ ਸੋਏ ਅਸੀਂ ਵੀ ਆਂ।
ਲਾਲੀ ਅੱਖੀਆਂ ਦੀ ਪਈ ਦੱਸਦੀ ਏ,
ਰੋਏ ਤੁਸੀਂ ਵੀ ਓ ਰੋਏ ਅਸੀਂ ਵੀ ਆਂ।

ਪੰਡਤ ਜਵਾਹਰ ਲਾਲ ਨਹਿਰੂ, ਜੋ ਖ਼ੁਦ ਸਿਆਸਤਦਾਨ ਦੇ ਨਾਲ ਵਿਦਵਾਨ ਲੇਖਕ ਵੀ ਸਨ, ਨੇ ਉਸਤਾਦ ਦਾਮਨ ਨੂੰ ਉਠ ਕੇ ਕਲਾਵੇ ਵਿੱਚ ਲੈ ਲਿਆ ਅਤੇ ਉਸ ਨੂੰ ਭਾਰਤ ਦੀ ਨਾਗਰਿਕਤਾ ਦੇਣ ਦੀ ਪੇਸ਼ਕਸ਼ ਵੀ ਕੀਤੀ ਸੀ, ਪਰ ਉਸਤਾਦ ਦਾਮਨ ਨੇ ਕਿਹਾ ਕਿ ਉਹ ਰਹੇਗਾ ਤਾਂ ਪਾਕਿਸਤਾਨ ਵਿੱਚ ਹੀ, ਭਾਵੇਂ ਜੇਲ੍ਹ ਵਿੱਚ ਹੀ ਰਹਿਣਾ ਪਵੇ।

# ਨਜ਼ਦੀਕ/ਨੇੜੇ

ਸ਼ਬਦੋ ਵਣਜਾਰਿਓ

**ਪਰਮਜੀਤ ਢੀਂਗਰਾ**
**ਫੋਨ:+91-8847610125**



ਨਜ਼ਦੀਕ, ਨੇੜੇ, ਨੇੜਲਾ ਸ਼ਬਦ ਲੜੀ ਭਾਰਤੀ ਭਾਸ਼ਾਵਾਂ ਵਿੱਚ ਵਿਸ਼ੇਸ਼ ਮਹੱਤਤਾ ਦੀ ਧਾਰਨੀ ਹੈ। ਜਦੋਂ ਮਨੁੱਖ ਨੇ ਭਾਸ਼ਾ ਰਾਹੀਂ ਵਸਤਾਂ ਦਾ ਗਿਆਨ ਹਾਸਲ ਕੀਤਾ ਤਾਂ ਉਹਨੇ ਕਿਸੇ ਵਸਤੂ ਦੀ ਸਥਿਤੀ ਨੂੰ ਪਰਿਭਾਸ਼ਤ ਕਰਨ ਲਈ ਨਜ਼ਦੀਕ ਅਥਵਾ ਨੇੜੇ ਸ਼ਬਦ ਦੀ ਕਾਢ ਕੱਢੀ। ਇਸਦਾ ਵਿਸਥਾਰ ਰਿਸ਼ਤਿਆਂ, ਵਸਤਾਂ, ਮਾਪ ਤੇ ਕਈ ਹੋਰ ਸਥਿਤੀਆਂ ਲਈ ਕੀਤਾ ਗਿਆ। ਨਜ਼ਦੀਕ ਸ਼ਬਦ ਅਰਬੀ-ਫ਼ਾਰਸੀ ਮੂਲ ਦਾ ਹੈ, ਪਰ ਇਹਦਾ ਖ਼ਾਸਾ ਸੈਮਟਿਕ ਨਹੀਂ ਸਗੋਂ ਇਹ ਅਵੇਸਤਾ- ਸੰਸਕ੍ਰਿਤ ਦੀ ਸਕੀਰੀ ਦੀ ਉਪਜ ਹੈ। ਇਹ ਫ਼ਾਰਸੀ ਦੇ ਨਜ਼ਦ+ਇੱਕ ਤੋਂ ਬਣਿਆ ਹੈ। ਨਜ਼ਦ ਦਾ ਅਰਥ ਹੈ- ਨੇੜੇ, ਕੋਲ, ਸਮੀਪ, ਨਿਕਟ। ਵੈਦਿਕ ਸੰਸਕ੍ਰਿਤ ਵਿੱਚ ਕਦੇ 'ਨੇਦ' ਸ਼ਬਦ ਪ੍ਰਚਲਤ ਸੀ, ਜਿਸਦਾ ਅਰਥ ਸੀ- ਨਿਕਟ, ਕੋਲ, ਨੇੜੇ, ਪਾਸ ਆਦਿ। ਇਸ ਤੋਂ ਨੇਦੀਅਸ, ਨੇਦਿਸ਼ਠ ਵਰਗੇ ਰੂਪ ਬਣੇ। ਨੇਦ ਦਾ ਭਾਵ ਸੀ ਨੇੜੇ, ਨੇਦੀਅਸ ਭਾਵ ਬਹੁਤ ਨੇੜੇ ਅਤੇ ਨੇਦਿਸ਼ਠ ਦਾ ਭਾਵ ਸੀ ਸਭ ਤੋਂ ਨੇੜੇ।

ਸ਼ਤਪਥ ਬ੍ਰਾਹਮਣ ਵਿੱਚ ਇੱਕ ਉਕਤੀ ਆਉਂਦੀ ਹੈ- 'ਪਰਸ਼ੋ ਵੈ ਪ੍ਰਜਾਪਤੇਨਿਰਦਿਸ਼ਠਮੁ' ਭਾਵ ਹੋਰ ਪ੍ਰਾਣੀਆਂ ਦੀ ਨਿਸਬਤ ਪੁਰਸ਼ ਹੀ ਪ੍ਰਜਾਪਤੀ ਦੇ ਨੇਦਿਸ਼ਠ ਭਾਵ ਸਭ ਤੋਂ ਨੇੜੇ ਹੈ। ਨੇਦੀਅਸ ਜਾਂ ਨੇਦਿਸ਼ਠ ਵਰਗੇ ਰੂਪ ਤੋਂ ਹੀ ਅਵੇਸਤਾ ਵਿੱਚ ਨਜ਼ਦ ਸ਼ਬਦ ਦਾ ਵਿਕਾਸ ਹੋਇਆ, ਜੋ ਬਰਾਸਤਾ ਪਹਿਲਵੀ ਵਿੱਚੋਂ ਫ਼ਾਰਸੀ ਵਿੱਚ ਨਜ਼ਦ ਤੋਂ ਨਜ਼ਦੀਕ ਵਿੱਚ ਢਲ ਗਿਆ। ਪ੍ਰਸਿੱਧ ਵਿਦਵਾਨ ਡਾ. ਰਾਮ ਵਿਲਾਸ ਸ਼ਰਮਾ ਅਨੁਸਾਰ- 'ਨ' ਵਿੱਚ 'ਦ' ਮੂਲ ਰੂਪ ਵਿੱਚ 'ਧ' ਜੋੜ ਕੇ 'ਨੇਦ' ਬਣਾਇਆ ਗਿਆ ਹੈ। ਇਸੇ ਨੇਦ ਦੇ ਆਧਾਰ 'ਤੇ ਨੇੜੇ, ਨੇਰੇ ਤੇ ਅੰਗਰੇਜ਼ੀ ਦਾ 'ਨੀਅਰ' ਸ਼ਬਦ ਬਣੇ ਹਨ। ਫ਼ਾਰਸੀ ਨਜ਼ਦੀਕ ਵਿੱਚ ਮੂਲ 'ਨਜ਼' ਜਾਂ 'ਨਜ਼ਦ' ਦਾ ਆਧਾਰ ਪ੍ਰਾਚੀਨ ਰੂਪ 'ਨਧ' ਹੈ। ਨਵੇਂ ਤੇ ਵੱਡੇ ਮਹਾਨ ਕੋਸ਼ ਅਨੁਸਾਰ- ਨੇਰਿ ਭਾਵ ਨੇੜੇ, ਕੋਲ- ਅਗਨਿ ਨ ਦਹੈ ਪਵਨੁ ਨਹੀ ਮਗਨੈ ਤਸਕਰੁ ਨੇਰਿ ਨ ਆਵੈ॥ (336); ਜਾਨਤ ਦੂਰਿ ਤੁਮਹਿ ਪ੍ਰਭ ਨੇਰਿ॥ (680); ਕੋਟਿ ਬਿਘਨ ਨਹੀ ਆਵਹਿ ਨੇਰਿ॥ (888); ਨੇਰਿਆ-ਨੇੜੇ, ਲੂਕ ਕਰਤ ਬਿਕਾਰ ਬਿਖੜੇ ਪ੍ਰਭ ਨੇਰ ਹੂ ਤੇ ਨੇਰਿਆ॥ (704); ਨੇਰੀ-ਨੇੜੇ ਤੋਂ, ਨਾਨਕ ਨੇਰ ਨੇਰੀ (214); ਨੇਰੇ- ਪਾਸ, ਕੋਲ, ਸਮੀਪ, ਪ੍ਰਭ ਸੇਵਾ ਜਮੁ ਲਗੈ ਨ ਨੇਰੈ॥ (197); ਆਠ ਪਹਰ ਪ੍ਰਭ ਜਾਨਹੁ ਨੇਰੇ॥ (807); ਨੇਰੈ- ਨੇੜੇ ਜੋ ਦੂਰ ਨਹੀਂ, ਸੋ ਪ੍ਰਭ ਨੇਰੈ ਹੂ ਤੇ ਨੇਰੈ॥ (530); ਬਿਪਤਿ ਪਰੀ ਸਭ ਹੀ ਸੰਗੁ ਛਾਡਿਤ, ਕੋਊ ਨ ਆਵਤ ਨੇਰੈ॥ (634); ਨੇਰੋ- ਪ੍ਰਭ ਜੁ ਤੂ ਮੇਰੋ ਠਾਕੁਰੁ ਨੇਰੋ॥ (618); ਨੇੜ, ਨੇੜਤਾ-ਨੇੜੇ ਹੋਣ ਦਾ ਭਾਵ, ਨੇੜਾ-ਨੇੜੇ, ਕੋਲ, ਨਜ਼ਦੀਕ 'ਗੁਰੁ ਨਾਨਕੁ ਤੁਠਾ ਭਾਇਰਹੁ ਹਰਿ ਵਸਦਾ ਨੇੜਾ॥' (1098); ਸਾਹਮਣੇ- 'ਤਿਸ ਹੀ ਸੁਖ ਤਿਸ ਹੀ ਠਕੁਰਾਈ ਤਿਸਹਿ ਨ ਆਵੈ ਜਮੁ ਨੇੜਾ॥ (1082); ਨਜ਼ਦੀਕ-ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ॥ (1378); ਨੇੜਿ-ਜਨ ਨਾਨਕ ਗੁਰਮੁਖ ਨੇੜਿ ਨ ਆਵਾ (370); ਕੰਕਰੁ ਨੇੜਿ ਨ ਆਵਈ ਗੁਰ ਸਿਖ ਪਿਆਰੇ॥ (818); ਨੇੜੇ, ਨੇੜੈ-ਪਾਸ ਕੋਲ, ਨਜ਼ਦੀਕ, ਹਿਰਦੇ ਵਿੱਚ, ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥ (8); ਵਿਸਮਾਦੁ ਨੇੜੈ ਵਿਸਮਾਦੁ ਦੂਰਿ॥ (464); ਪਹੁੰਚ ਰਿਹਾ- 'ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਦਿਨੁ ਨੇੜੈ ਆਇਆ ਸੋਇ॥ (78); ਦੁਸਮਨੁ ਦੂਖੁ ਨ ਆਵੈ ਨੇੜੈ ਹਰਿ ਮਤਿ ਪਾਵੈ ਕੋਈ॥ (1328)

ਗੁਰਬਾਣੀ ਵਿਚਲੀ ਨੇੜੇ/ਨਜ਼ਦੀਕ ਦੀ ਸ਼ਬਦ ਲੜੀ ਬੜੀ ਮਾਨੀਖੇਜ਼ ਹੈ, ਕਿਉਂਕਿ ਇਸਦੀ ਵਰਤੋਂ ਅਨੇਕਾਂ ਸੰਦਰਭਾਂ ਵਿੱਚ ਕੀਤੀ ਗਈ ਹੈ ਤਾਂ ਕਿ ਉਦੇਸ਼ ਸਪਸ਼ਟ ਹੋ ਸਕੇ। ਰਾਮ ਵਿਲਾਸ ਸ਼ਰਮਾ ਨੇ ਨੇੜਾ ਦਾ ਜ਼ਿਕਰ ਨਹੀਂ ਕੀਤਾ ਜਦ ਕਿ ਗੁਰਬਾਣੀ ਵਿੱਚ ਇਹਦਾ ਵਿਸ਼ਾਲ ਪਾਸਾਰਾ ਨਜ਼ਰ ਆਉਂਦਾ ਹੈ। ਅਨੇਕਾਂ ਸੰਦਰਭਾਂ ਵਿੱਚ ਨੇੜਾ ਤੇ ਨਿਅਰ ਦੀ ਵਿਓਤਪਤੀ ਨੇਦ ਜਾਂ ਨੇਦਿਸ਼ਠ ਤੋਂ ਨਹੀਂ, ਸਗੋਂ ਨਿਕਟ ਤੋਂ ਦੱਸੀ ਗਈ ਹੈ, ਜੋ ਤਾਰਕਿਕ ਜਾਪਦੀ ਹੈ। ਨਿਅਰ ਤੇ ਨੇੜਾ ਸ਼ਬਦ ਰੂਪਾਂ ਦਾ ਚਲਣ ਕਈ ਭਾਰਤੀ ਭਾਸ਼ਾਵਾਂ ਵਿੱਚ ਮਿਲਦਾ ਹੈ। ਦੋਵਾਂ ਦਾ ਮੂਲ ਸੰਸਕ੍ਰਿਤ ਦੇ 'ਨਿਕਟਮ੍' ਤੋਂ ਹੈ। ਪੂਰਬੀ ਤੇ ਪੱਛਮੀ ਸ਼ੈਲੀਆਂ ਵਿੱਚ ਤਬਦੀਲੀ ਦਾ ਕ੍ਰਮ ਇਸ ਤਰ੍ਹਾਂ ਦਾ ਮਿਲਦਾ ਹੈ- 'ਨਿਕਟਮ੍-ਨਿਅਡਮ - ਨਿਅਰਾ-ਨਿਅਰ-ਨਿਯਰ' ਜਾਨ ਪਲੈਟਸ ਨੇ ਆਪਣੇ ਕੋਸ਼ ਵਿੱਚ ਨਜ਼ਦੀਕ ਲਈ ਨਜ਼ਦੀਗ ਜਾਂ ਨਜ਼ਿਦਸ਼ਠ ਸ਼ਬਦ ਤੋਂ ਇਹਦਾ ਵਿਕਾਸ ਦੱਸਿਆ ਹੈ। ਪਲੈਟਸ ਨਜ਼ਿਦਸ਼ਠ ਨੂੰ ਨਜ਼ਦ ਦਾ ਸੁਪਰਲੇਟਿਵ ਗ੍ਰੇਡ ਦਸਦਾ ਹੈ। ਨਜ਼ਿਦਸ਼ਠ ਦੀ ਤੁਲਨਾ ਸੰਸਕ੍ਰਿਤ ਦੇ ਨੇਦਿਸ਼ਠ ਨਾਲ ਕੀਤੀ ਜਾਂਦੀ ਹੈ, ਜਿਸ ਵਿੱਚ ਕੋਲ, ਸਮੀਪ, ਦੁਆਰਾ, ਜੁੜਿਆ ਹੋਇਆ, ਨੇੜੇ, ਨੇੜਲਾ, ਨਿਕਟ ਆਦਿ ਭਾਵ ਹਨ। ਅਲੈਗਜ਼ੈਂਡਰ ਮਰੇ ਤੇ ਡੇਵਿਡ ਸਕਾਟ ਨੇ 'ਹਿਸਟਰੀ ਆਫ ਯੂਰਪੀਅਨ ਲੈਂਗੁਵੇਜਸ' ਵਿੱਚ ਸੁਪਰਲੇਟਿਵ ਗ੍ਰੇਡ ਵਿੱਚ 'ਨੇਦ>ਨੇਦੀਅਸ>ਨੇਦਿਸ਼ਠ' ਦੀ ਤੁਲਨਾ ਅੰਗਰੇਜ਼ੀ ਦੇ 'near>near> near' ਨਾਲ ਕੀਤੀ ਹੈ, ਜਦ ਕਿ ਵਿਓਤਪਤੀ ਦੀ ਦ੍ਰਿਸ਼ਟੀ ਤੋਂ 'nigh> near>next' ਹੋਣਾ ਚਾਹੀਦਾ। 'ਨਾਈ' ਵਿੱਚ ਨੇੜੇ ਦਾ ਭਾਵ ਹੈ, ਜਦ ਕਿ ਨੀਅਰ ਵਿੱਚ ਜ਼ਿਆਦਾ ਨੇੜੇ ਤੇ ਨੈਕਸਟ ਵਿੱਚ ਬਿਲਕੁਲ ਨਾਲ ਜੁੜੇ ਦਾ ਭਾਵ ਹੈ। ਇਹਦਾ ਮੂਲ ਗੋਥਿਕ 'nehwa' ਮੰਨਿਆ ਜਾਂਦਾ ਹੈ। ਓਲਡ ਅੰਗਰੇਜ਼ੀ ਵਿੱਚ ਇਹਦੇ ਰੂਪ 'neh-nah' ਹਨ। ਨੈਕਸਟ ਦੇ ਓਲਡ ਅੰਗਰੇਜ਼ੀ ਵਿੱਚ 'neihsta, nyhsta/ ਆਦਿ ਰੂਪ ਮਿਲਦੇ ਹਨ, ਜੋ ਸੰਸਕ੍ਰਿਤ ਦੇ ਨੇਦਿਸ਼ਠ ਨਾਲ ਮੇਲ ਖਾਂਦੇ ਹਨ।

ਨੇੜੇ, ਨਜ਼ਦੀਕ, ਕਰੀਬ ਲਈ ਇੱਕ ਸ਼ਬਦ ਨਿਕਟ ਹੈ। 'ਕਟ' ਸੰਸਕ੍ਰਿਤ ਦੀ ਧਾਤੂ ਹੈ, ਜਿਸ ਵਿੱਚ ਸਪਸ਼ਟ ਕਰਨ, ਦਿਖਾਉਣ ਦੇ ਭਾਵ ਹਨ। 'ਨਿ' ਅਗੇਤਰ ਕਈ ਸ਼ਬਦਾਂ ਵਿੱਚ ਲਗਦਾ ਹੈ। ਇਸ ਵਿੱਚ ਇਕ ਭਾਵ ਹੈ- ਕੋਲ, ਪਾਸ, ਸਮੀਪ। ਕਟ੍ ਧਾਤੂ ਨਾਲ ਜਦੋਂ 'ਨਿ' ਅਗੇਤਰ ਜੁੜਦਾ ਹੈ ਤਾਂ-'ਨਿ+ਕਟ=ਨਿਕਟ' ਸ਼ਬਦ ਬਣਦਾ ਹੈ। ਇਸ ਕਟ ਵਿੱਚ ਜੁੜਨ, ਨਜ਼ਦੀਕ, ਪਾਸ, ਕੋਲ ਦੇ ਭਾਵ ਹਨ। ਇਸ ਤੋਂ ਹੀ ਸੰਸਕ੍ਰਿਤ ਦਾ ਸ਼ਬਦ ਬਣਦਾ ਹੈ- ਨੈਕਟਿਕ, ਜਿਸਦਾ ਅਰਥ ਹੈ- ਨਜ਼ਦੀਕ, ਕੋਲ, ਜੁੜਿਆ ਹੋਇਆ, ਨੇੜਲਾ। ਨੈਕਟਿਕ ਦਾ ਇੱਕ ਅਰਥ ਸਾਧੂ, ਸੰਨਿਆਸੀ, ਭਿਖਸ਼ੂ ਵੀ ਕੀਤਾ ਜਾਂਦਾ ਹੈ। ਨੈਕਟਿਕ ਵਿੱਚ ਸੰਨਿਆਸੀ ਵੈਰਾਗ ਰਾਹੀਂ ਆਪਣੇ ਨੇੜੇ ਜਾਂ ਨਜ਼ਦੀਕ ਪਹੁੰਚਦਾ ਹੈ। ਉਹ ਆਪਣੇ ਆਪ ਨੂੰ ਵਧੇਰੇ ਨਿਕਟਤਾ ਨਾਲ ਪਛਾਣ ਸਕਦਾ ਹੈ। ਇਹੀ ਨੈਕਟਿਕ: ਅਸਲ ਵਿੱਚ ਨਿਕੰਮਾ, ਨਿਖੱਟੂ, ਕੰਮਚੋਰ, ਵਿਹਲੇ ਦੇ ਅਰਥ ਰੱਖਦਾ ਹੈ। ਨਾਕਾਰਾ, ਨਿਕੰਮੇ, ਨਿਖੱਟੂ ਲਈ ਨੈਕਟਿਕ ਸ਼ਬਦ ਦੀ ਵਰਤੋਂ ਉਨ੍ਹਾਂ ਦੀ ਜੜ੍ਹਤਾ ਵੱਲ ਇਸ਼ਾਰਾ ਕਰਦੀ ਹੈ। ਇਸ ਤਰ੍ਹਾਂ ਇਸ ਸ਼ਬਦ ਦਾ ਵਿਸਥਾਰ ਤੇ ਅਰਥ ਲੜੀ ਦਸਦੀ ਹੈ ਕਿ ਇਸ ਸ਼ਬਦ ਨੇ ਸਫ਼ਰ ਤੈਅ ਕਰਦਿਆਂ ਕਈ ਦਿਸ਼ਾਵਾਂ ਸਿਰਜੀਆਂ ਹਨ।

# ਸ਼ਾਹਸਵਾਰ

## ਨਾਵਲ

ਜਸਵੀਰ ਸਿੰਘ ਸ਼ੀਰੀ
ਫੋਨ: +91-6280574657

***ਇੱਕ ਅਰਸੇ ਤੋਂ ਲੀਡਰਸ਼ਿਪ ਪੰਜਾਬ ਦੇ ਲੋਕਾਂ, ਖਾਸ ਕਰਕੇ ਜਵਾਨੀ ਨੂੰ ਝਕਾਨੀ ਦਿੰਦੀ ਰਹੀ ਹੈ। ਆਪਣੇ ਹਾਣ ਦੀ ਅਗਵਾਈ ਲਈ ਕਿਸੇ ਸਮਰੱਥ ਆਗੂ ਵਾਸਤੇ ਤਰਸੇਵਾਂ ਪੰਜਾਬ ਦੇ ਮੁੰਡਿਆਂ ਨੂੰ ਇੱਕ ਜਾਂ ਦੂਜੇ ਰਾਹੇ/ਕੁਰਾਹੇ ਭਟਕਾਉਂਦਾ ਰਿਹਾ ਹੈ। ਗੁਰੂ ਇਤਿਹਾਸ ਨੇ ਪੰਜਾਬ ਦੀ ਜ਼ਮੀਨ ਵਿੱਚ ਬਹੁਤ ਵੱਡੇ ਆਦਰਸ਼ਾਂ ਦੇ ਬੀਜ ਬੀਜੇ ਹਨ। ਆਪਣੇ ਇਤਿਹਾਸ ਵਿੱਚ ਬੀਜੇ ਆਦਰਸ਼ ਆਪਣੇ ਅਸਲ ਨਾਇਕਾਂ ਦੀ ਤਾਲਾਸ਼ ਵਿੱਚ ਸਦਾ ਪੰਜਾਬ ਦੀ ਜਵਾਨੀ ਨੂੰ ਬੇਚੈਨ ਰੱਖਦੇ ਹਨ। ਮੀਡੀਆ ਖੇਤਰ ਨਾਲ ਪਿਛਲੇ ਲੰਮੇ ਸਮੇਂ ਤੋਂ ਜੁੜੇ ਹੋਏ ਲੇਖਕ ਜਸਵੀਰ ਸਿੰਘ ਸ਼ੀਰੀ ਨੇ ਇਸ ਨਾਵਲ ਵਿੱਚ ਪੰਜਾਬ ਦੀ ਇਸ ਬੇਚੈਨ ਆਤਮਾ ਨੂੰ ਹੀ ਸੰਬੋਧਨ ਹੋਣ ਦੀ ਕੋਸ਼ਿਸ਼ ਕੀਤੀ ਹੈ। ਇਹ ਨਾਵਲ ਅਸੀਂ ਕਿਸ਼ਤ-ਦਰ-ਕਿਸ਼ਤ ਪ੍ਰਕਾਸ਼ਿਤ ਕਰ ਰਹੇ ਹਾਂ...***

ਪੰਜਾਬੀ ਯੂਨੀਵਰਸਿਟੀ ਕਿਸੇ ਕੰਮ ਗਈ ਸਿਮਰਨ ਇੱਕ ਦਿਨ ਤੀਏ ਕੁ ਪਹਿਰ ਵੀਰਦੀਪ ਦੇ ਖੋਖੇ ਜਾ ਪੁੱਜੀ। ਵੀਰਦੀਪ ਨੇ ਕੁਰਸੀ ਤੋਂ ਉੱਠ ਕੇ ਉਸ ਨੂੰ ਜੀ ਆਇਆਂ ਕਿਹਾ। ਵੀਰਦੀਪ ਦਾ ਉਸਤਾਦ ਵਕੀਲ ਅੱਜ ਕਿਧਰੇ ਗਿਆ ਹੋਇਆ ਸੀ। ਉਹ ਗੱਲਾਂ ਕਰਨ ਲੱਗੇ। ਇੱਕ ਦੂਜੇ ਦੇ ਕਿੱਤੇ ਬਾਰੇ, ਦਿਲਬਾਗ ਬਾਰੇ ਤੇ ਹੋਰ ਬਹੁਤ ਕੁਝ ਬਾਰੇ। ਸਿਮਰਨ ਆਖਣ ਲੱਗੀ, 'ਵੀਰਦੀਪ ਦਿਲਬਾਗ ਨੂੰ ਇੱਕ ਦਿਨ ਇੱਥੇ ਸੱਦ ਲੈ, ਮੈਂ ਉਹਦੇ ਨਾਲ ਕੁਝ ਗੱਲਾਂ ਕਰਨਾ ਚਾਹੁੰਦੀ ਹਾਂ।'

'ਤੂੰ ਆਪੇ ਕਰ'ਲਾ ਗੱਲ, ਤੁਸੀਂ ਰੋਜ਼ ਮਿਲਦੇ ਹੋ' ਵੀਰਦੀਪ ਨੇ ਇੱਕ ਤਰ੍ਹਾਂ ਟਿੱਚਰ ਕੀਤੀ।

'ਮੈਂ ਤੇ ਕਰ ਲਵਾਂਗੀ, ਪਰ ਤੁਹਾਡੀ ਸਾਰੀ ਖੇਡ ਖਤਮ ਹੋ ਜਾਣੀ' ਸਿਮਰਨ ਨੇ ਮੋੜਵਾਂ ਉੱਤਰ ਦਿੱਤਾ।

'ਚਲੋ ਮੈਂ ਕਰਦਾਂ ਗੱਲ ਜਿਸ ਦਿਨ ਮਿਲਿਆ ਉਹ। ਹੁਣ ਤੇ ਮੈਨੂੰ ਮਿਲੇ ਨੂੰ ਵੀ ਕਈ ਦੇਰ ਹੋ ਗਈ' ਵੀਰਦੀਪ ਆਖਣ ਲੱਗਾ।

ਸਿਮਰਨ ਦੇ ਮੂੰਹ ਤੋਂ ਉਸ ਨੂੰ ਜਿਵੇਂ ਗਹਿਰੀ ਉਦਾਸੀ ਦੀ ਝਲਕ ਪਈ

'ਮੈਂ ਦੱਸਦਾਂ ਤੁਹਾਨੂੰ ਦਿਨ ਤੈਅ ਕਰ ਕੇ' ਸਿਮਰਨ ਦਾ ਦਿਲ ਰੱਖਣ ਲਈ ਵੀਰਦੀਪ ਨੇ ਕਿਹਾ।

ਇੰਨੇ ਨੂੰ ਵੀਰਦੀਪ ਦਾ ਉਸਤਾਦ ਵਕੀਲ ਆ ਗਿਆ। ਉਹਨੇ ਆਪਣੇ ਬੌਸ ਨਾਲ ਸਿਮਰਨ ਦੀ ਰਸਮੀ ਜਾਣ-ਪਹਿਚਾਣ ਕਰਵਾਈ। ਹੁਣ ਉਨ੍ਹਾਂ ਵਿਚਕਾਰ ਬਹੁਤੀ ਗੱਲ ਹੋ ਨਹੀਂ ਸੀ ਸਕਦੀ। ਸਿਮਰਨ ਨੇ ਚਾਹ ਪੀਤੀ ਅਤੇ ਵਾਪਸ ਪਰਤ ਗਈ। ਕਿਸੇ ਅਣਹੋਏ ਭਵਿੱਖ ਦੀ ਆਸ ਲੈ ਕੇ। ਉਸ ਦੇ ਜਾਣ ਬਾਅਦ ਵੀਰਦੀਪ ਕਿਸੇ ਕੇਸ ਦੀ ਪੈਰਵੀ ਲਈ ਅਦਾਲਤ ਚਲਾ ਗਿਆ। ਜਦੋਂ ਵਾਪਸ ਪਰਤਿਆ ਤਾਂ ਦਿਲਬਾਗ ਉਹਦੇ ਖੋਖੇ ਵਿੱਚ ਬੈਠਾ ਸੀ।

'ਉਹ ਤੇਰੀ' ਉਹਦੇ ਮੂੰਹੋਂ ਨਿਕਲਿਆ। 'ਸ਼ੈਤਾਨ ਨੂੰ ਯਾਦ ਕੀਤਾ ਤੇ ਤੁਰੰਤ ਹਾਜ਼ਰ ਹੋ ਗਿਆ!' ਵੀਰਦੀਪ ਨੇ ਵਿਅੰਗ ਕੀਤਾ।

'ਕਿਵੇਂ ਯਾਦ ਆਈ ਫੇਰ ਸ਼ੈਤਾਨ ਦੀ' ਦਿਲਬਾਗ ਨੇ ਪੁੱਛਿਆ।

'ਸਲਾਹ ਕਰਕੇ ਈ ਆਏ ਲਗਦੇ ਓਂ?' ਵੀਰਦੀਪ ਨੇ ਮੋੜਵਾਂ ਸੁਆਲ ਕੀਤਾ।

'ਕੀ ਬੁਝਾਰਤਾਂ ਜੀਆਂ ਪਾਈ ਜਾਨੈਂ ਯਾਰ, ਕਾਹਦੀ ਸਲਾਹ, ਕੀਹਦੇ ਨਾਲ ਸਲਾਹ?'

ਵੀਰਦੀਪ ਦਾ ਬੌਸ ਘਰੇ ਚਲਾ ਗਿਆ ਸੀ। ਉਹ ਦਿਲਬਾਗ ਦੇ ਲਾਗੇ ਪਈ ਕੁਰਸੀ 'ਤੇ ਬੈਠ ਗਿਆ। ਦਿਲਬਾਗ ਦੇ ਕੰਨ ਕੋਲ ਮੂੰਹ ਕਰਦਿਆਂ ਉਹਨੇ ਆਖਿਆ, 'ਸਿਮਰਨ ਆਈ ਸੀ ਅੱਜ ਇੱਥੇ, ਹੁਣੇ ਥੋੜ੍ਹੀ ਦੇਰ ਪਹਿਲਾਂ ਗਈ... ਯੂਨੀਵਰਸਿਟੀ ਆਈ ਸੀ, ਬਾਅਦ ਵਿੱਚ ਇੱਥੇ ਮੈਨੂੰ ਮਿਲਣ ਆ ਗਈ। ਤੈਨੂੰ ਮਿਲਣਾ ਚਾਹੁੰਦੀ ਸੀ, ਥੋੜ੍ਹੀ ਦੇਰ ਪਹਿਲਾਂ ਆ ਜਾਂਦਾ ਤਾ ਅੱਜ ਹੀ ਮੇਲ ਹੋ ਜਾਂਦਾ!' ਵੀਰਦੀਪ ਇੰਨਾ ਸਹਿਜ ਬੋਲ ਰਿਹਾ ਸੀ ਕਿ ਉਸ ਦੇ ਬੋਲਾਂ ਦੇ ਭਾਵਾਂ ਵਿੱਚ ਲੇਸ ਮਾਤਰ ਵੀ ਈਰਖਾ ਨਹੀਂ ਸੀ। ਉਹਦੀਆਂ ਔਥਰੀਆਂ ਕਾਰਵਾਈਆਂ ਦੇ ਬਾਵਜੂਦ ਦਿਲਬਾਗ ਉਸ ਨੂੰ ਆਪਣੇ ਹੀ ਵਜੂਦ ਦਾ ਕੋਈ ਹਿੱਸਾ ਲਗਦਾ। ਇਸ ਸੱਚਾਈ ਦਾ ਦਿਲਬਾਗ ਨੂੰ ਵੀ ਅਨੁਭਵ ਸੀ।

'ਕਾਹਦੇ ਲਈ ਮਿਲਣਾ ਚਾਹੁੰਦੀ ਸੀ ਮੈਨੂੰ' ਦਿਲਬਾਗ ਨੇ ਸਵਾਲ ਕੀਤਾ।

'ਇਹ ਤਾਂ ਮੈਂ ਪੁੱਛਿਆ ਨੀ, ਪਰ ਮੈਨੂੰ ਆਖ ਗਈ ਕਿ ਦਿਲਬਾਗ ਨੂੰ ਬੁਲਾ ਲੋ ਇੱਥੇ ਕਦੀ, ਮੈਂ ਉਹਨੂੰ ਮਿਲਣਾ ਚਾਹੁੰਨੀ ਆਂ' ਵੀਰਦੀਪ ਨੇ ਸਾਰੀ ਗੱਲ ਦੱਸੀ।

'ਤੈਨੂੰ ਪਤਾ ਈ ਆ ਵੀਰਦੀਪ ਮੇਰੇ ਹਾਲਾਤ ਦਾ, ਤੂੰ ਆਪ ਈ ਕੋਈ ਸਰਦਾ ਬਣਦਾ ਜਵਾਬ ਦੇ ਦੇਣਾ ਸੀ।' ਦਿਲਬਾਗ ਨੇ ਭੋਲੇ ਭਾਅ ਕਿਹਾ।

'ਮਿਲਣਾ ਤੈਨੂੰ ਚਾਹੁੰਦੀ ਸੀ, ਮੈਂ ਕੀ ਜਵਾਬ ਦੇ ਦਿੰਦਾ?' ਵੀਰਦੀਪ ਨੇ ਹੱਸ ਕੇ ਕਿਹਾ।

'ਤੂੰ ਕੀ ਕਿਹਾ ਫੇਰ' ਦਿਲਬਾਗ ਪੁਛਣ ਲੱਗਾ।

'ਮੈਂ ਤੇ ਆਖ ਦਿੱਤਾ ਬਈ ਦਿਨ ਤਹਿ ਕਰਕੇ ਦੱਸ ਦਿਆਂਗੇ, ਤੁਸੀਂ ਆ ਜਾਣਾ' ਵੀਰਦੀਪ ਨੇ ਸਹੀ ਸਹੀ ਦੱਸਿਆ।

'ਇਹ ਮਿਲਣੀਆਂ ਨਾ ਹੀ ਸ਼ੁਰੂ ਹੋਣ ਤੇ ਚੰਗਾ ਵੀਰਦੀਪ, ਫਿਰ ਉਥੇ ਵੀ ਮਿਲਣ-ਗਿਲਣ ਸ਼ੁਰੂ ਹੋ ਜੂ' ਦਿਲਬਾਗ ਹਾਲੇ ਝਿਜਕ ਰਿਹਾ ਸੀ।

'ਨਹੀਂ ਮਿਲਣ ਬੈਠਣ ਸਿਰਫ ਬਾਹਰ ਵਾਰ' ਵੀਰਦੀਪ ਨੇ ਆਪਣੀ ਰਾਏ ਦਿੱਤੀ।

'ਠੀਕ ਐ ਫਿਰ, ਜੇ ਵੱਡੇ ਬਾਈ ਨੂੰ ਕੋਈ ਇਤਰਾਜ ਨੀ ਤਾਂ ਮਿਲ ਲਾਂਗਾ ਮੈਂ' ਦਿਲਬਾਗ ਨੇ ਵੀਰਦੀਪ ਦਾ ਜਿਵੇਂ ਮਾਣ ਰੱਖਿਆ ਹੋਵੇ।

'ਦੱਸ ਫੇਰ ਡੇਟ ਜਿਸ ਦਿਨ ਤੂੰ ਟਾਈਮ ਕੱਢ ਸਕਦਾਂ' ਵੀਰਦੀਪ ਪੁੱਛਣ ਲੱਗਾ।

'ਮੇਰੀਆਂ ਤਾਂ ਸਾਰੀਆਂ ਡੇਟਾਂ ਵੇਹਲੀਆਂ ਈ ਨੇ, ਤੁਸੀਂ ਆਪਣੇ ਹਿਸਾਬ ਨਾਲ ਸੈਟ ਕਰ ਲੈਣਾ' ਆਪਣੇ ਸੁਭਾਅ ਮੁਤਾਬਕ ਦਿਲਬਾਗ ਨੇ ਗੱਲ ਖੁੱਲ੍ਹੀ ਛੱਡ ਦਿੱਤੀ।

ਆਪਣੇ ਖੋਖੇ ਵਿੱਚ ਲੱਗੇ ਕੈਲੰਡਰ ਵੱਲ ਵੇਖ ਕੇ ਵੀਰਦੀਪ ਨੇ 18 ਮਈ ਦੀ ਤਾਰੀਖ ਤੈਅ ਕਰ ਦਿੱਤੀ। '12 ਕੁ ਵਜੇ ਤੂੰ ਪੁੱਜ ਜਾਵੀਂ ਏਥੇ' ਉਹਨੇ ਦਿਲਬਾਗ ਨੂੰ ਤਕਰੀਬਨ ਹਦਾਇਤ ਦਿੱਤੀ। ਇਸ ਤੋਂ ਬਾਅਦ ਉੱਠ ਕੇ ਉਹ ਚਾਹ ਦੀ ਦੁਕਾਨ ਵੱਲ ਚਲੇ ਗਏ। 'ਉਦਾਂ ਮੈਂ ਤੇਰੇ ਨਾਲ ਹੋਰ ਬਹੁਤ ਗੰਭੀਰ ਗੱਲਾਂ ਕਰਨੀਆਂ ਚਾਹੁੰਦਾ ਸਾਂ ਵੀਰਦੀਪ, ਆਹ ਸਿਮਰਨ ਵਾਲਾ ਤੂੰ ਵਿਆਹ 'ਚ ਬੀ ਦਾ ਲੇਖਾ ਪਾ ਲਿਆ' ਦਿਲਬਾਗ ਆਖਣ ਲੱਗਾ।

'ਵਿਆਹ ਈ ਕਰਵਾ ਦੀਏ ਜੇ ਹੁਣ ਤੁਹਾਡਾ' ਵੀਰਦੀਪ ਗੱਲਾਂ 'ਚੋਂ ਗੱਲ ਕੱਢ ਲਈ।

'ਸਾਨੂੰ ਤੇ ਘਰ 'ਚ ਹੁਣ ਔਰਤ ਦੀ ਲੋੜ ਐ। ਮੇਰਾ ਇਤਰਾਜ਼ ਵੀ ਕੋਈ ਨੀ। ਮੈਂ ਇੱਕ ਦਿਨ ਮਾਤਾ ਵੱਲ ਵੀ ਗਿਆ ਸੀ। ਉਹਨੂੰ ਆਖਿਆ ਕਿ ਤੂੰ ਇੱਥੇ 'ਕੱਲੀ ਹੱਥ ਫੂਕੀ ਜਾਨੀਂ ਐਂ ਚੱਲ ਸਾਡੇ ਕੋਲ, ਉਹ ਮੰਨੀ ਨੀ, ਕਹਿੰਦੀ ਮੇਰੀ ਤਾਂ ਇਸ ਘਰ ਡੋਲੀ ਆਈ ਸੀ, ਇੱਥੋਂ ਈ ਅਰਥੀ ਉੱਠੂ। ਬੁੜ੍ਹੀਆਂ ਮੋਹ ਪਾ ਬਹਿੰਦੀਆਂ ਘਰਾਂ-ਥਾਵਾਂ ਨਾਲ।' ਦਿਲਬਾਗ ਨੇ ਮਾਤਾ ਦੇ ਇਨਕਾਰ ਵਾਲੀ ਵਾਰਤਾ ਸੁਣਾਈ।

'ਗਿਆ ਸਾਂ ਇੱਕ ਦਿਨ ਮੈਂ ਤੇਰੇ ਪਿੰਡ। ਦੱਸਦੀ ਸੀ ਮਾਤਾ ਮੈਨੂੰ ਵੀ। ਮੈਨੂੰ ਕਹਿੰਦੀ ਮੋੜ ਕੇ ਲਿਆ ਦਿਲਬਾਗ ਨੂੰ ਘਰੇ ਕਿਸੇ ਤਰ੍ਹਾਂ। ਆਪਾਂ ਉਹਦਾ ਵਿਆਹ ਵਿਊਹ ਕਰੀਏ। ਕਹਿੰਦੀ ਮੈਂ ਵੀ ਚਾਰ ਦਿਨ ਨੂੰਹ ਦੀਆਂ ਪੱਕੀਆਂ ਖਾ ਕੇ ਵੇਖ ਲਾਂ' ਵੀਰਦੀਪ ਨੇ ਮਾਤਾ ਵਾਲੀ ਗੱਲ ਅਗਾਂਹ ਤੋਰੀ।

'ਕੀ ਦੱਸਾਂਗੇ ਕੁੜੀ ਵਾਲਿਆਂ ਨੂੰ ਬਈ ਮੁੰਡਾ ਡਾਕੇ ਮਾਰਦਾ? ਹੁਣ ਪ੍ਰੋਫੈਸਰ ਭਾਲਦੇ ਹੋਣੇ ਅਗਲੇ।'

'ਦੱਸ ਦਿਆਂਗੇ ਬਈ ਸਾਡੀ ਸੈਨਾ ਦਾ ਮੁਖੀ ਆ' ਵੀਰਦੀਪ ਨੇ ਹੱਸ ਕੇ ਕਿਹਾ।

'ਇੰਨੀਆਂ ਹਲਕੀਆਂ ਗੱਲਾਂ ਨੀ ਜਚਦੀਆਂ ਵੀਰਦੀਪ ਤੇਰੇ ਮੂੰਹੋਂ' ਦਿਲਬਾਗ ਨੇ ਵੀਰਦੀਪ ਨੂੰ ਦਰੁਸਤ ਕੀਤਾ।

'ਭਜਾ ਕੇ ਤੇ ਮੈਂ ਲਿਆ ਨੀ ਸਕਦਾ ਵੀਰਦੀਪ ਸਿਆਂ, ਇਹਦੇ ਨਾਲ ਦੋ ਹੋਰ ਦੁਸ਼ਮਣੀਆਂ ਖੜੀਆਂ ਹੋਣਗੀਆਂ, ਤੂੰ ਸਿਆਣਾ ਸੋਚ ਕੋਈ ਨਵੀਂ ਸਕੀਮ' ਦਿਲਬਾਗ ਨੇ ਗੱਲ ਮੋੜ ਘੇੜ ਕੇ ਵੀਰਦੀਪ 'ਤੇ ਸੁੱਟ ਦਿੱਤੀ।

'ਚਲ ਮੈਂ ਸੋਚ ਲੂੰ ਕੋਈ ਸਬੀਲ, ਪਰ ਤੂੰ ਇਹ ਦੱਸ ਬਈ ਗੰਭੀਰ ਮਸਲੇ ਕਿਹੜੇ ਸੀ ਵਿਚਾਰਨ ਵਾਲੇ।' ਵੀਰਦੀਪ ਨੇ ਪੁੱਛਿਆ।

'ਮੈਂ ਇਹ ਵੇਖਿਆ ਕਿ ਵਿਹਲੇ ਨੀ ਬਿਠਾ ਸਕਦੇ ਆਪਾਂ ਬੰਦਿਆਂ ਨੂੰ ਘਰੇ। ਆਪਾਂ ਆਪਣੇ ਕਾਰਜ ਨੂੰ ਕੋਈ ਬੰਦਾ ਸਰਦਾ ਸਰੂਪ ਦੇਈਏ, ਤਾਂ ਕਿ ਬੰਦੇ ਸਰਗਰਮੀ ਵਿੱਚ ਪਏ ਰਹਿਣ ਅਤੇ ਸਾਨੂੰ ਨਵਾਂ ਕਾਡਰ ਵੀ ਮਿਲਦਾ ਰਹੇ' ਦਿਲਬਾਗ ਆਖਣ ਲੱਗਾ, ਹੁਣ ਉਹ ਮੈਚਿਉਰ ਹੋ ਰਿਹਾ ਸੀ।

'ਇਸ ਤੋਂ ਵੀ ਪਹਿਲਾਂ ਆਪਾਂ ਇਹ ਸੋਚ ਲੀਏ ਕਿ ਆਪਾਂ ਪਹੁੰਚਣਾ ਕਿੱਥੇ ਚਾਹੁੰਦੇ ਹਾਂ? ਸੁਪਨਾ ਕੀ ਹੈ ਆਪਣਾ? ਨਿਸ਼ਾਨਾ ਚਾਹੀਦਾ ਕੋਈ, ਉਹਨੂੰ ਹਾਸਲ ਕਰਨ ਦਾ ਰੋਡ ਮੈਪ ਤਾਂ ਬਾਅਦ ਵਿੱਚ ਬਣੇਗਾ।' ਵੀਰਦੀਪ ਨੇ ਉਹਦੇ ਸਾਹਵੇਂ ਮੁਢਲੀ ਗੱਲ ਰੱਖੀ। ਉਂਝ ਜਿਤੜਾ ਨਾਂ ਮੈਂ ਉਸ ਦਿਨ ਦੱਸਿਆ ਸੀ ਤੈਨੂੰ ਕਾਗਜ਼ 'ਤੇ ਲਿਖ ਕੇ, ਉਹਦੇ ਬਾਰੇ ਕੀ ਸੋਚਿਆ? ਇਹ ਨਾਂ ਮੈਂ ਤੈਨੂੰ ਬੜਾ ਸੋਚ ਸਮਝ ਕੇ ਸੁਝਾਇਆ ਸੀ।'

'ਨਾਵਾਂ 'ਚ ਕੀ ਪਿਆ ਵੀਰਦੀਪ, ਇਹ ਰੱਖ ਲੋ ਜਾਂ ਕੋਈ ਹੋਰ, ਆਪਣੇ ਇਸ ਧਰਤੀ 'ਤੇ ਜੰਮਿਆਂ ਦਾ ਫਾਇਦਾ ਹੋਣਾ ਚਾਹੀਦਾ ਲੋਕਾਂ ਨੂੰ ਕੋਈ। ਅਖੀਰ ਨੂੰ ਜ਼ਿੰਦਗੀ ਮੁੱਕ ਜਾਣੀ, ਵਿਚਲੀ ਵਾਟ ਖੂਬਸੂਰਤ ਹੋਵੇ ਤੇ ਅੰਤ ਕੁਝ ਸਾਰਥਕ ਜਿਹਾ ਵੀ' ਦਿਲਬਾਗ ਨੇ ਦਲੀਲ ਦਿੱਤੀ।

'ਅੱਜ ਕੱਲ੍ਹ ਤੂੰ ਸੋਹਣੀਆਂ ਗੱਲਾਂ ਕਰਨ ਲੱਗ ਪਿਆਂ ਦਿਲਬਾਗ, ਸਿਮਰਨ ਦਾ ਅਸਰ ਹੋਇਆ ਲਗਦਾ' ਗੰਭੀਰ ਰਹਿਣ ਵਾਲਾ ਵੀਰਦੀਪ ਵੀ ਹੁਣ ਬਹੁਤੀ ਵਾਰ ਮਜ਼ਾਕ ਦੇ ਮੂਡ ਵਿੱਚ ਆ ਜਾਂਦਾ ਤੇ ਦਿਲਬਾਗ ਦੇ ਸੁਭਾਅ ਵਿੱਚ ਕੁਝ ਗੰਭੀਰਤਾ ਝਲਕਣ ਲੱਗੀ ਸੀ।

'ਅਸਰ ਅੰਦਰਲੇ ਸਿਮਰਨ ਦਾ ਹੋਇਆ ਜਾਂ ਬਾਹਰਲੀ ਦਾ, ਇਹ ਤੇ ਪਤਾ ਨੀ, ਪਰ ਹੋ ਤੇ ਰਿਹਾ ਕੁਝ ਮੈਨੂੰ, ਯੂ.ਪੀ. ਵਾਲੀ ਘਟਨਾ ਤੋਂ ਬਾਅਦ ਮਾਰ ਮਰਾਈ ਵਾਲੀ ਮਾਨਸਿਕਤਾ ਤੋਂ ਵੀ ਜੀਅ ਉਠ ਗਿਆ ਲਗਦਾ। ਲੁਕੇ ਜਿਹੇ ਰਹਿਣ ਤੋਂ ਵੀ ਕਈ ਵਾਰ ਬੇਚੈਨ ਹੋ ਜਾਨਾਂ ਵੀਰਦੀਪ ਮੈਂ' ਦਿਲਬਾਗ ਨੇ ਆਪਣੀ ਮਾਨਸਿਕਤਾ ਵਿੱਚ ਵਾਪਰ ਰਹੀਆਂ ਤਬਦੀਲੀਆਂ ਬਾਰੇ ਦੱਸਿਆ।

'ਅਦਾਲਤ ਰਾਹੀਂ ਪੇਸ਼ ਕਰਵਾ ਦੇਨੇ ਆਂ ਤੁਹਾਨੂੰ, ਕੇਸ ਕੁਸ ਚੱਲਣਗੇ, ਸਜ਼ਾ ਹੋਣੀ ਤੇ ਮੁਸ਼ਕਲ ਈ ਏ, ਪ੍ਰਾਈਵੇਟ ਗਵਾਹਾਂ 'ਤੇ ਮੁਨੱਸਰ ਕਰਦੀ ਹੁੰਦੀ ਸਜ਼ਾ, ਉਹ ਔਖੇ ਹੀ ਮਿਲਣੇ' ਵੀਰਦੀਪ ਨੇ ਉਸ ਸਾਹਮਣੇ ਇੱਕ ਹੋਰ ਰਾਹ ਪੇਸ਼ ਕੀਤਾ।

'ਇਦਾਂ ਗੋਡੇ ਜਿਹੇ ਟੇਕ ਕੇ ਵੀ ਬਾਹਰ ਆਏ ਤੇ ਕੀ ਆਏ' ਦਿਲਬਾਗ ਨੇ ਅਗਲੀ ਦੁਬਿਧਾ ਦੱਸੀ।

'ਰਾਜਨੀਤਿਕ ਪਾਰਟੀ ਬਣਾ ਲੈਨੇ ਆਂ ਆਪਾਂ, ਪੰਜਾਬ ਲਈ, ਸਰਬੱਤ ਦੇ ਭਲੇ ਲਈ, ਵਿਹੜਾ ਖਾਲੀ ਹੋਇਆ ਪਿਆ' ਵੀਰਦੀਪ ਨੇ ਦਲੀਲ ਦਿੱਤੀ।

'ਕੱਲੀ ਰਾਜਨੀਤੀ ਨਾਲ ਕੁਸ਼ ਮਿਲ ਜੂ, ਲਗਦਾ ਨੀ, ਕੇਂਦਰ ਸਰਕਾਰ ਕਰਨ ਤੇ ਦਿੰਦੀ ਨੀ ਖੇਤਰੀ ਪਾਰਟੀਆਂ ਨੂੰ ਕੁਸ਼, ਸਾਰੇ ਕੁਝ ਨੂੰ ਆਪਣੇ ਹੱਥਾਂ ਹੇਠ ਕਰੀ ਜਾਂਦੇ' ਦਿਲਬਾਗ ਪਿਛਲੇ ਕਾਫੀ ਸਮੇਂ ਤੋਂ ਅਖਬਾਰਾਂ 'ਤੇ ਨੇੜਿਉਂ ਨਿਗਾਹ ਰੱਖਦਾ ਰਿਹਾ ਸੀ।

'ਕਿਸੇ ਵੀ ਪਾਰਟੀ ਦੀ ਲੀਡਰਸ਼ਿਪ ਦੇ ਹੱਥ ਹੁੰਦਾ ਬਹੁਤਾ ਕੁਸ਼ ਦਿਲਬਾਗ, ਆਪਣੇ ਲੋਕ ਤਾਂ ਬਥੇਰਾ ਸਾਥ ਦਿੰਦੇ ਪਰ ਲੀਡਰਸ਼ਿਪ ਧੋਖਾ ਦੇ ਜਾਂਦੀ। ਕਿਸਾਨ ਮੋਰਚੇ ਦਾ ਹਾਲ ਵੇਖ ਲੈ, ਜਦੋਂ ਪੰਜਾਬ ਵਿੱਚ ਸਿਆਸੀ ਲਾਭ ਲੈਣ ਦਾ ਵਕਤ ਆਇਆ, ਸਾਰੇ ਇੱਕ ਦੂਜੇ ਦੇ ਖਿਲਾਫ ਖੜੇ ਹੋ ਗਏ, ਛਿੱਤਰੀਂ ਦਾਲ ਵੰਡਣ ਲੱਗ ਪਏ' ਵੀਰਦੀਪ ਨੇ ਦਲੀਲ ਦਿੱਤੀ।

'ਉਹ ਹੋਰ ਤਰ੍ਹਾਂ ਦਾ ਤਜਰਬਾ ਸੀ ਵੀਰਦੀਪ, ਕਿਸਾਨ ਮੋਰਚੇ ਵਿੱਚ ਠੰਡੀਆਂ/ਤੱਤੀਆਂ ਸਿੱਖ ਧਿਰਾਂ, ਐਨ.ਆਰ.ਆਈ, ਠੰਡੇ/ਤੱਤੇ ਕਮਿਊਨਿਸਟ, ਕਾਰਸੇਵਾ ਵਾਲੇ ਬਾਬੇ- ਸਾਰੇ ਰਲ-ਮਿਲ ਕੇ ਚੱਲ ਰਹੇ ਸਨ। ਇਹ ਇੱਕ ਆਪਣੀ ਹੀ ਕਿਸਮ ਦਾ ਸਾਂਝਾ ਮੋਰਚਾ ਸੀ, ਜਿੱਥੇ ਕਮਿਊਨਿਸਟ ਅਤੇ ਸਿੱਖ ਇੱਕ ਸਾਂਝੇ ਮੰਚ 'ਤੇ ਆ ਗਏ ਸਨ। ਘੁਲ ਮਿਲ ਵੀ ਗਏ ਸਨ, ਪਰ ਸਿਆਸਤ ਵਿੱਚ ਇਹ ਨਹੀਂ ਵਾਪਰ ਰਿਹਾ। ਲਗਦਾ ਵਾਪਰ ਵੀ ਨੀ ਸਕਦਾ' ਦਿਲਬਾਗ ਨੇ ਕਿਸਾਨ ਮੋਰਚੇ ਦੇ ਅਨੁਭਵਾਂ ਨੂੰ ਸਮੇਟਣ ਦਾ ਯਤਨ ਕੀਤਾ।



***'ਉਹ ਹੋਰ ਤਰ੍ਹਾਂ ਦਾ ਤਜਰਬਾ ਸੀ ਵੀਰਦੀਪ, ਕਿਸਾਨ ਮੋਰਚੇ ਵਿੱਚ ਠੰਡੀਆਂ/ਤੱਤੀਆਂ ਸਿੱਖ ਧਿਰਾਂ, ਐਨ.ਆਰ.ਆਈ, ਠੰਡੇ/ਤੱਤੇ ਕਮਿਊਨਿਸਟ, ਕਾਰਸੇਵਾ ਵਾਲੇ ਬਾਬੇ- ਸਾਰੇ ਰਲ-ਮਿਲ ਕੇ ਚੱਲ ਰਹੇ ਸਨ। ਇਹ ਇੱਕ ਆਪਣੀ ਹੀ ਕਿਸਮ ਦਾ ਸਾਂਝਾ ਮੋਰਚਾ ਸੀ, ਜਿੱਥੇ ਕਮਿਊਨਿਸਟ ਅਤੇ ਸਿੱਖ ਇੱਕ ਸਾਂਝੇ ਮੰਚ 'ਤੇ ਆ ਗਏ ਸਨ। ਘੁਲ ਮਿਲ ਵੀ ਗਏ ਸਨ, ਪਰ ਸਿਆਸਤ ਵਿੱਚ ਇਹ ਨਹੀਂ ਵਾਪਰ ਰਿਹਾ। ਲਗਦਾ ਵਾਪਰ ਵੀ ਨੀ ਸਕਦਾ' ਦਿਲਬਾਗ ਨੇ ਕਿਸਾਨ ਮੋਰਚੇ ਦੇ ਅਨੁਭਵਾਂ ਨੂੰ ਸਮੇਟਣ ਦਾ ਯਤਨ ਕੀਤਾ।***

'ਸਿਆਸੀ ਖੇਤਰ ਵਿੱਚ ਉਂਝ ਕੁਝ ਵੀ ਸੰਭਵ ਹੋ ਸਕਦਾ। ਇਹ ਹੈ ਈ ਸੰਭਾਵਨਾਵਾਂ ਦੀ ਖੇਡ। ਸਿੱਖਾਂ 'ਤੇ ਕਮਿਊਨਿਸਟਾਂ ਨੇ ਇੱਕ ਦੂਜੇ ਦੇ ਖਿਲਾਫ ਬੇਬੁਨਿਆਦ ਈਰਖਾਵਾਂ ਪਾਲੀਆਂ ਹੋਈਆਂ ਨੇ। ਚੁਰਾਸੀਵਿਆਂ ਵਾਲੇ ਬਲਿਊ ਸਟਾਰ ਅਪਰੇਸ਼ਨ ਨੇ ਪੰਜਾਬ ਦੇ ਕਮਿਊਨਿਸਟ ਵੀ ਵੰਡ ਦਿੱਤੇ ਹੋਏ ਨੇ। ਜਿਨ੍ਹਾਂ ਨੇ ਪੰਜਾਬ ਦੇ ਹੱਕ ਵਿੱਚ ਸਟੈਂਡ ਲਿਆ, ਉਹ ਸਿੱਖੀ ਵੱਲ ਝੁਕ ਗਏ; ਜਿਨ੍ਹਾਂ ਨੇ ਵਿਰੁਧ ਮੋਰਚਾ ਮੱਲਿਆ, ਉਹ ਹਿੰਦੂ ਮੱਤ ਵੱਲ ਝੁਕ ਗਏ ਹਨ।' ਵੀਰਦੀਪ ਨੇ ਸਾਰੇ ਵਰਤਾਰੇ ਦੇ ਅੰਦਰ ਝਾਕਣ ਦਾ ਯਤਨ ਕੀਤਾ।

'ਪਰ ਮੇਰਾ ਖਿਆਲ ਹੈ ਕਿ ਹੁਣ ਸਾਡਾ ਬਣੀਆਂ ਬਣਾਈਆਂ ਵਿਚਾਰਧਾਰਾਵਾਂ ਦਾ ਆਸਰਾ ਲੈ ਕੇ ਨਹੀਂ ਸਰਨਾ, ਸਾਨੂੰ ਹਾਲਾਤ ਦੇ ਸਨਮੁਖ ਕਰੀਏਟਿਵ ਹੋਣਾ ਪੈਣਾ। ਰੋਜ਼-ਬਾ-ਰੋਜ਼ ਵਾਪਰਦੀਆਂ ਘਟਨਾਵਾਂ ਦੇ ਨਵੇਂ ਤੇ ਨਿਵੇਕਲੇ ਉੱਤਰ ਘੜਨੇ ਪੈਣੇ ਹਨ' ਵੀਰਦੀਪ ਨੇ ਕੁਝ ਹੋਰ ਵਿਆਖਿਆ ਦਿੱਤੀ।

'ਠੀਕ ਐ ਗੱਲ ਤੇਰੀ, ਅਸੀਂ ਸਮਕਾਲ ਦੇ ਸੁਆਲਾਂ ਦੇ ਜੁਆਬ ਬੀਤੇ ਵਿੱਚੋਂ ਨਹੀਂ ਲੱਭ ਸਕਦੇ' ਦਿਲਬਾਗ ਨੇ ਹੁੰਘਾਰਾ ਭਰਿਆ।

'ਬਿਲਕੁਲ, ਇਤਿਹਾਸ ਤੋਂ ਪ੍ਰੇਰਣਾ ਲਈ ਜਾ ਸਕਦੀ, ਪਰ ਵਰਤਮਾਨ ਦੇ ਸਨਮੁਖ ਤਾਂ ਅਸੀਂ ਖੁਦ ਹੀ ਖਲੋਵਾਂਗੇ' ਵੀਰਦੀਪ ਨੇ ਦਿਲਬਾਗ ਦੀ ਹੀ ਗੱਲ ਨੂੰ ਅੱਗੇ ਤੋਰਿਆ।

'ਹਾਲ ਦੀ ਘੜੀ ਜੇ ਇਹ ਕਰ ਲਈਏ ਕਿ ਪਾਰਟੀ ਬਾਹਰ ਤੂੰ ਬਣਾ ਲੈ ਕੁਝ ਹੋਰ ਬੰਦਿਆਂ ਨਾਲ ਰਲ ਕੇ ਅਸੀਂ ਅੰਦਰਖਾਤੇ ਤੇਰੀ ਮਦਦ ਕਰੀਂ ਆਉਂਦੇ, ਬਾਕੀ ਵਕਤ ਨਾਲ ਵੇਖੀ ਜਾਊ ਕੀ ਹੁੰਦੈ' ਦਿਲਬਾਗ ਨੇ ਵੱਡੀ ਜ਼ਿਮੇਵਾਰੀ ਵੀਰਦੀਪ ਵੱਲ ਖਿਸਕਾਈ।

'ਇਦਾਂ ਕਰ ਲੈਂਦੇ ਹਾਂ, ਪਰ ਪਾਰਟੀ ਬਣਾਉਣੀ ਤੇ ਚਲਾਉਣੀ ਵਾਹਵਾ ਸਾਰੇ ਬੰਦਿਆਂ ਦਾ ਕੰਮ ਹੈ, ਇਸੇ ਲਈ ਮੈਂ ਚਾਹੁੰਦਾ ਸੀ ਕਿ ਤੂੰ ਓਪਨ ਹੋ ਜਾਵੇਂ' ਵੀਰਦੀਪ ਨੇ ਦਲੀਲ ਦਿੱਤੀ।

'ਬੰਦੇ ਪਾ ਲੋ ਕੁਝ ਵੇਖ ਕੇ, ਬਾਅਦ ਵਿੱਚ ਆਪੇ ਛਾਨਣਾ ਲਗਦਾ ਰਹੂ। ਸਿਮਰਨ ਹੋਰਾਂ ਨੂੰ ਲਾ ਥੋੜ੍ਹਾ ਜਿਹਾ ਨੇੜੇ, ਹਰਜੀਤ ਨਾਲ ਵੀ ਰਾਬਤਾ ਰੱਖੋ, ਇਨ੍ਹਾਂ ਨਾਲ ਕੁਝ ਕੁੜੀਆਂ ਹੋਰ ਵੀ ਆ ਜਾਣਗੀਆਂ। ਜਦੋਂ ਮੈਂ ਆਖਰੀ ਵਾਰੀ ਮਿਲਿਆਂ ਬਘੇਲਾ ਕਾਫੀ ਠੀਕ ਹੋ ਗਿਆ ਸੀ, ਮੈਂ ਦੁਬਾਰਾ ਮਿਲਦਾਂ ਉਹਨੂੰ, ਸ਼ਾਇਦ ਤੇਰੇ ਨਾਲ ਤੁਰ ਪਏ। ਆਪਣੇ ਨਾਲ ਖੇਡਦੇ ਪੜ੍ਹਦੇ ਰਹੇ ਹੋਰ ਮੁੰਡਿਆਂ ਨਾਲ ਵੀ ਕੰਟੈਕਟ ਕਰਕੇ ਵੇਖ' ਦਿਲਬਾਗ ਨੇ ਸਲਾਹ ਦਿੱਤੀ।

ਇਉਂ ਉਹ ਦੇਰ ਤੱਕ ਗੱਲਾਂ ਕਰਦੇ ਰਹੇ। ਖਤਰਿਆਂ ਨੂੰ ਨਜ਼ਰ ਅੰਦਾਜ਼ ਕਰਕੇ। ਦਿਲਬਾਗ ਅੱਜ ਜਿਵੇਂ ਭੁੱਲ ਹੀ ਗਿਆ ਸੀ ਕਿ ਉਹ ਰੂਪੋਸ਼ ਜ਼ਿੰਦਗੀ ਜੀਅ ਰਿਹਾ ਹੈ, ਤੇ ਪੁਲਿਸ ਉਸ ਦੀ ਭਾਲ ਕਰ ਰਹੀ ਹੈ। ਬਾਹਰ ਕਾਫੀ ਹਨੇਰਾ ਹੋ ਗਿਆ ਸੀ। ਦਿਲਬਾਗ ਘਰ ਜਾਣ ਦੀ ਬਜਾਏ ਅੱਜ ਵੀਰਦੀਪ ਕੋਲ ਹੀ ਰਹਿ ਗਿਆ। ਵੀਰਦੀਪ ਨੇ ਕਮਰਾ ਬਦਲ ਲਿਆ ਸੀ। ਇਹ ਸ਼ਹਿਰ ਦਾ ਪੌਸ਼ ਇਲਾਕਾ ਸੀ। ਉਹ ਜਾਂਦੇ ਹੋਏ ਹੋਟਲ ਤੋਂ ਰੋਟੀ ਖਾ ਗਏ ਅਤੇ ਦੇਰ ਤੱਕ ਗੱਲਾਂ ਕਰਦੇ ਰਹੇ। ਉਹ ਪੰਜਾਬ ਦੇ ਧਰਮ, ਸਭਿਆਚਾਰ, ਭਾਸ਼ਾ, ਇਤਿਹਾਸ ਨੂੰ ਨਵੀਂ ਤਰ੍ਹਾਂ ਸਮਝਣ ਦਾ ਯਤਨ ਕਰ ਰਹੇ ਸਨ। ਪੁਰਾਣੇ ਵਾਦਾਂ, ਵਿਚਾਰਧਾਰਾਵਾਂ ਤੋਂ ਹਟ ਕੇ, ਕਿਸੇ ਨਵੇਂ ਵਾਦ ਨਾਲ ਜੁੜੇ ਬਿਨਾ, ਆਪਣੇ ਗਿਆਨ ਅਤੇ ਅਨੁਭਵਾਂ ਦੀ ਰੋਸ਼ਨੀ ਵਿੱਚ ਸਿੱਟਿਆਂ 'ਤੇ ਪਹੁੰਚਣ ਦੀ ਕਾਹਲੀ ਤੋਂ ਬਿਨਾ। ਗੱਲਾਂ ਕਰਦੇ ਕਰਦੇ ਉਹ ਸੌਂ ਗਏ। ਦਿਲਬਾਗ ਦੀ ਜਾਗ ਤੜਕੇ ਚਾਰ ਕੁ ਵਜੇ ਖੁੱਲ੍ਹ ਗਈ। ਬਿਨਾ ਖੜਾਕ ਕੀਤੇ ਉਹ ਅੱਧਾ ਕੁ ਘੰਟਾ ਪਿਆ ਰਿਹਾ। ਫਿਰ ਉਠਿਆ ਅਤੇ ਤਿਆਰ ਹੋਣ ਲੱਗਾ। ਉਹਨੇ ਵੀਰਦੀਪ ਨੂੰ ਜਗਾਇਆ। ਵੀਰਦੀਪ ਨੇ ਚਾਹ ਬਣਾ ਲਈ। ਦਿਲਬਾਗ ਮੂੰਹ 'ਤੇ ਪਾਣੀ ਦੇ ਛਿੱਟੇ ਮਾਰ ਕੇ ਤਿਆਰ ਹੋ ਗਿਆ। ਚਾਹ ਦਾ ਕੱਪ ਪੀ ਕੇ ਉਹ ਪਹਿ ਸੀਰਣ ਦੇ ਨਾਲ ਹੀ ਨਿਕਲ ਗਿਆ। 9 ਕੁ ਵਜੇ ਤੱਕ ਆਪਣੇ ਟਿਕਾਣੇ 'ਤੇ ਪਹੁੰਚ ਗਿਆ। ਗੋਲੂ ਹੋਰਾਂ ਨੂੰ ਮਿਲਿਆ ਤਾਂ ਉਨ੍ਹਾਂ ਦੇ ਜਿਵੇਂ ਫਿਊਜ਼ ਉਡੇ ਪਏ ਸਨ, 'ਕੀ ਹੋਇਆ ਬੱਲਿਓ, ਤੁਸੀਂ ਅਹੁਰੇ ਅਹੁਰੇ ਜਿਹੇ ਝਾਕਦੇ' ਦਿਲਬਾਗ ਨੇ ਮਜ਼ਾਕ ਜਿਹੇ ਨਾਲ ਕਿਹਾ।

'ਓ ਬਾਈ ਕੁਸ਼ ਦੱਸ-ਦੁੱਸ ਕੇ ਜਾਇਆ ਕਰ ਯਾਰ, ਸਾਡੇ ਤਾਂ ਸਾਹ ਸੁੱਕੇ ਰਹੇ ਸਾਰੀ ਰਾਤ, ਬਈ ਬਾਈ ਨਾਲ ਪਤਾ ਨੀ ਕੀ ਬਣੀ ਹੋਣੀ' ਅੰਬੇ ਨੇ ਜਿਵੇਂ ਇਤਰਾਜ਼ ਜਿਤਾਇਆ।

'ਬਸ ਐਵੇਂ ਰਾਤ ਸਿਰ ਪੈ ਗਈ ਯਾਰ। ਆਪਣੇ ਵਕੀਲ ਬਾਈ ਕੋਲ ਗਿਆ ਸੀ, ਥੋਨੂੰ ਪਤਾ ਬਈ ਅੱਗੋਂ ਉਹ ਗੱਲਾਂ ਦੀ ਲੜੀ ਨੀ ਟੁੱਟਣ ਦਿੰਦਾ। ਫਿਰ ਹਨੇਰਾ ਹੋ ਗਿਆ। ਰਾਤ ਬਰਾਤੇ ਆਉਣ ਦਾ ਮੇਰਾ ਹਿਊਂ ਨਹੀਂ ਪਿਆ। ਚਲੋ ਗਲਤੀ ਫਲਤੀ ਮਾਫ, ਹੁਣ ਤੇ ਖੁਸ਼ ਹੋ ਜੋ ਕੰਜਰੋ' ਇੰਨਾ ਆਖ ਕੇ ਦਿਲਬਾਗ ਨੇ ਦੋਹਾਂ ਨੂੰ ਜੱਫੀ ਪਾ ਲਈ। ਫਿਰ ਉਹ ਪੰਜਾਬੀ ਦੇ ਬੀਟ ਸੌਂਗ ਲਾ ਕੇ ਕਈ ਦੇਰ ਤੱਕ ਭੰਗੜਾ ਪਾਉਂਦੇ ਰਹੇ।

*(ਅਗਲੀ ਕਿਸ਼ਤ ਅਗਲੇ ਅੰਕ ਵਿੱਚ ਪੜ੍ਹੋ)*

ਜਾਣਕਾਰੀ

# ਪੰਜਾਬ ਵਿਧਾਨ ਸਭਾ ਦਾ ਪਿਛੋਕੜ

**ਤਰਲੋਚਨ ਸਿੰਘ ਭੱਟੀ**
ਸਾਬਕਾ ਪੀ.ਸੀ.ਐਸ. ਅਧਿਕਾਰੀ
ਫੋਨ:91-9876502607



***ਭਾਰਤ ਦੇ ਸੰਵਿਧਾਨ ਦੇ ਆਰਟੀਕਲ 356 ਅਧੀਨ ਪੰਜਾਬ ਵਿਧਾਨ ਸਭਾ ਨੂੰ 30 ਜੂਨ 1951 ਤੋਂ ਲੈ ਕੇ 11 ਮਈ 1987 ਦੌਰਾਨ 8 ਵਾਰ ਭੰਗ ਕਰਕੇ ਰਾਸ਼ਟਰਪਤੀ ਰਾਜ ਲਗਾਇਆ ਗਿਆ। ਇਸੇ ਤਰ੍ਹਾਂ ਜੰਮੂ ਤੇ ਕਸ਼ਮੀਰ ਰਾਜ ਅਤੇ ਬਿਹਾਰ ਵਿੱਚ ਵੀ 8 ਵਾਰ, ਕੇਰਲਾ ਰਾਜ ਵਿੱਚ 6 ਵਾਰ, ਮਨੀਪੁਰ ਵਿੱਚ 10 ਵਾਰ, ਉਤਰ ਪ੍ਰਦੇਸ਼ ਵਿੱਚ 9 ਵਾਰ ਅਤੇ ਇਸੇ ਤਰ੍ਹਾਂ ਹੋਰ ਰਾਜਾਂ ਵਿੱਚ ਕਈ ਵਿਧਾਨ ਸਭਾਵਾਂ ਨੂੰ ਮਿਆਦ ਤੋਂ ਪਹਿਲਾਂ ਭੰਗ ਕੀਤਾ ਗਿਆ। ਕੇਂਦਰ ਸਰਕਾਰ ਦੀ ਬਦਨੀਅਤ ਕਾਰਨ ਹੁਣ ਤੱਕ 134 ਵਾਰ ਰਾਸ਼ਟਰਪਤੀ ਰਾਜ ਲਗਾਇਆ ਜਾ ਚੁੱਕਾ ਹੈ।***



ਲੋਕਤੰਤਰੀ ਗਣਰਾਜ ਨੂੰ ਚਲਾਉਣ ਲਈ ਭਾਰਤ ਦੇ ਸੰਵਿਧਾਨ ਰਾਹੀਂ ਵਿਵਸਥਾ ਕੀਤੀ ਗਈ ਹੈ ਕਿ ਕੇਂਦਰ ਵਿੱਚ ਲੋਕ ਸਭਾ ਅਤੇ ਰਾਜਾਂ ਵਿੱਚ ਵਿਧਾਨ ਸਭਾ ਲੋਕਾਂ ਦੀ ਪ੍ਰਤੀਨਿਧ ਸਭਾ ਹੋਵੇਗੀ, ਜਿਸਦੇ ਮੈਂਬਰਾਂ ਦੀ ਚੋਣ ਭਾਰਤ ਦੇ ਲੋਕਾਂ ਵਲੋਂ ਬਤੌਰ ਵੋਟਰ ਕੀਤੀ ਜਾਂਦੀ ਹੈ। ਲੋਕ ਸਭਾ ਅਤੇ ਵਿਧਾਨ ਸਭਾ ਦਾ ਸਮਾਂ 5 ਸਾਲ ਹੁੰਦਾ ਹੈ ਤੇ ਇਸਦੀ ਪ੍ਰਧਾਨਗੀ ਸਪੀਕਰ, ਲੋਕ ਸਭਾ/ਵਿਧਾਨ ਸਭਾ ਕਰਦੇ ਹਨ। ਵਿਧਾਨ ਸਭਾ ਦਾ ਮੁੱਖ ਕੰਮ ਕਾਨੂੰਨ ਅਤੇ ਨਿਯਮਾਂ ਨੂੰ ਪਾਸ ਕਰਨਾ ਹੈ। ਸਰਕਾਰ ਅਤੇ ਪ੍ਰਸ਼ਾਸਨ ਦੇ ਕੰਮਾਂ ਬਾਰੇ ਸਾਲਾਨਾ ਰਿਪੋਰਟਾਂ ਦੀ ਵਿਧਾਨਕ ਘੋਖ ਕਰਨੀ ਹੁੰਦੀ ਹੈ। ਵੱਖ-ਵੱਖ ਮੁੱਦਿਆਂ ਦੀ ਘੋਖ ਲਈ ਵੱਖ-ਵੱਖ ਵਿਧਾਨਿਕ ਕਮੇਟੀਆਂ ਜਿਵੇਂ ਸਥਾਨਕ ਸੰਸਥਾਵਾਂ ਬਾਰੇ ਕਮੇਟੀ, ਪਬਲਿਕ ਅਕਾਊਂਟ ਕਮੇਟੀ, ਅਨੁਮਾਨ ਕਮੇਟੀ, ਪਬਲਿਕ ਅਦਾਰਿਆਂ ਬਾਰੇ ਕਮੇਟੀ, ਅਨੂਸਚਿਤ ਜਾਤੀਆਂ/ਕਬੀਲੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਬਾਰੇ ਕਮੇਟੀ, ਵਿਸ਼ੇਸ਼ ਅਧਿਕਾਰਾਂ ਬਾਰੇ ਕਮੇਟੀ, ਸਰਕਾਰੀ ਭਰੋਸੇ 'ਤੇ ਕਮੇਟੀ, ਪੰਚਾਇਤੀ ਰਾਜ ਸੰਸਥਾਵਾਂ ਬਾਰੇ ਕਮੇਟੀ, ਟੇਬਲ ਤੇ ਲਾਇਬ੍ਰੇਰੀ ਵਿੱਚ ਰੱਖੇ ਜਾਣ ਵਾਲੇ ਕਾਗਜ਼ਾਂ ਬਾਰੇ ਕਮੇਟੀ, ਹਾਊਸ ਕਮੇਟੀ, ਸਵਾਲਾਂ ਦੇ ਹਵਾਲਾ ਬਾਰੇ ਕਮੇਟੀ, ਪ੍ਰੈੱਸ ਗੈਲਰੀ ਕਮੇਟੀ, ਸਹਿਕਾਰਤਾ ਤੇ ਇਸਦੀਆਂ ਸਹਾਇਕ ਗਤੀਵਿਧੀਆਂ ਬਾਰੇ ਕਮੇਟੀ, ਖੇਤੀਬਾੜੀ ਤੇ ਇਸਦੇ ਸਬੰਧਤ ਗਤੀਵਿਧੀਆਂ ਬਾਰੇ ਕਮੇਟੀ ਆਦਿ ਦੀ ਵਿਵਸਥਾ ਵੀ ਕੀਤੀ ਗਈ ਹੈ। ਜੇ ਪੰਜਾਬ ਵਿਧਾਨ ਸਭਾ ਦੀ ਗੱਲ ਕੀਤੀ ਜਾਵੇ ਤਾਂ ਇਸੇ ਸੰਵਿਧਾਨਕ ਵਿਵਸਥਾ ਅਧੀਨ ਪੰਜਾਬ ਦੀ ਮੌਜੂਦਾ 16ਵੀਂ ਵਿਧਾਨ ਸਭਾ ਦਾ ਗਠਨ ਮਾਰਚ 2022 ਵਿੱਚ ਕੀਤਾ ਗਿਆ ਸੀ। ਵਰਤਮਾਨ ਵਿੱਚ ਇਸ ਵਿਧਾਨ ਸਭਾ ਦੇ 117 ਮੈਂਬਰ ਹਨ। ਜਿੰਨੀ ਰੌਚਕ ਪੰਜਾਬ ਵਿਧਾਨ ਹੈ ਉਨ੍ਹਾਂ ਹੀ ਰੌਚਕ ਇਸਦੇ ਪਿਛੋਕੜ ਨੂੰ ਜਾਨਣਾ ਵੀ ਹੈ।

ਅੰਗਰੇਜ਼ੀ ਹਕੂਮਤ ਵੇਲੇ ਭਾਰਤੀ ਕੌਂਸਲ ਐਕਟ, 1861 ਅਧੀਨ ਇੱਕ ਕਾਰਜਕਾਰੀ ਕੌਂਸਲ ਦਾ ਗਠਨ ਕੀਤਾ ਗਿਆ ਸੀ। ਬਾਅਦ ਵਿੱਚ ਭਾਰਤ ਸਰਕਾਰ ਐਕਟ 1935 ਅਧੀਨ 175 ਮੈਂਬਰਾਂ ਵਾਲੀ ਪੰਜਾਬ ਵਿਧਾਨ ਸਭਾ ਦਾ ਗਠਨ ਕੀਤਾ ਗਿਆ। ਇਸ ਦਾ ਪਹਿਲਾ ਇਜਲਾਸ ਪਹਿਲੀ ਅਪ੍ਰੈਲ 1937 ਨੂੰ ਉਸ ਸਮੇਂ ਦੇ ਲੈਫਟੀਨੈਂਟ ਗਵਰਨਰ ਵੱਲੋਂ ਬੁਲਾਇਆ ਗਿਆ। ਸਾਲ 1947 ਵਿੱਚ ਪੰਜਾਬ ਸੂਬੇ ਨੂੰ ਪੱਛਮੀ ਪੰਜਾਬ ਅਤੇ ਪੂਰਬੀ ਪੰਜਾਬ ਵਿੱਚ ਵੰਡਿਆ ਗਿਆ। 1947 ਵੇਲੇ ਪੰਜਾਬ ਦੀ ਵੰਡ ਕਾਰਨ ਪੂਰਬੀ ਪੰਜਾਬ ਦੇ ਮੈਂਬਰ 79 ਰਹਿ ਗਏ। ਅਪ੍ਰੈਲ 1952 ਵਿੱਚ ਪੰਜਾਬ ਵਿਧਾਨ ਸਭਾ ਦੋ ਸਦਨੀ- ਪੰਜਾਬ ਵਿਧਾਨ ਸਭਾ ਅਤੇ ਪੰਜਾਬ ਵਿਧਾਨ ਪ੍ਰੀਸ਼ਦ ਬਣਾਈ ਗਈ। 15 ਜੁਲਾਈ 1948 ਨੂੰ ਪੰਜਾਬ ਦੀਆਂ 8 ਰਿਆਸਤਾਂ ਨੇ ਇਕੱਠੇ ਹੋ ਕੇ ਪੈਪਸੂ (ਪੂਰਬੀ ਪੰਜਾਬ ਸਟੇਟਸ ਯੂਨੀਅਨ) ਬਣਾਈ। ਸਾਲ 1956 ਵਿੱਚ ਪੈਪਸੂ ਨੂੰ ਪੰਜਾਬ ਵਿੱਚ ਸ਼ਾਮਲ ਕਰ ਲਿਆ ਗਿਆ। ਇਸ ਮਿਲਾਵਟ ਕਾਰਨ ਪੰਜਾਬ ਵਿਧਾਨ ਪ੍ਰੀਸ਼ਦ ਦੀਆਂ ਸੀਟਾਂ ਦੀ ਗਿਣਤੀ 40 ਤੋਂ ਵਧਾ ਕੇ 46 ਕਰ ਦਿੱਤੀਆ ਗਈਆਂ, ਜਿਨ੍ਹਾਂ ਨੂੰ 1947 ਵਿੱਚ ਵਧਾ ਕੇ 51 ਕਰ ਦਿੱਤਾ ਗਿਆ। ਪੰਜਾਬ ਵਿਧਾਨ ਸਭਾ ਦੀਆਂ ਸੀਟਾਂ 126 ਤੋਂ ਵੱਧ ਕੇ 186 ਕਰ ਦਿੱਤੀਆਂ ਗਈਆਂ। 6 ਨਵੰਬਰ 1956 ਨੂੰ ਸਾਰੇ ਮੈਂਬਰਾਂ ਨੇ ਵਿਧਾਨ ਸਭਾ ਵਿੱਚ ਦੁਬਾਰਾ ਸਹੁੰ ਚੁੱਕੀ। ਸਾਲ 1966 ਵਿੱਚ ਪੰਜਾਬ ਨੂੰ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼- ਤਿੰਨ ਰਾਜਾਂ ਵਿੱਚ ਵੰਡ ਦਿੱਤਾ ਗਿਆ, ਜਿਸ ਕਾਰਨ ਪੰਜਾਬ ਵਿਧਾਨ ਪ੍ਰੀਸ਼ਦ (ਉਪਰਲਾ ਸਦਨ) ਦੀਆਂ 40 ਸੀਟਾਂ ਰਹਿ ਗਈਆ। ਪੰਜਾਬ ਰਾਜ ਦੇ ਹੇਠਲੇ ਸਦਨ- ਪੰਜਾਬ ਵਿਧਾਨ ਸਭਾ ਦੀਆਂ ਸੀਟਾਂ 50 ਤੋਂ ਵਧਾ ਕੇ 104 ਕਰ ਦਿੱਤੀਆਂ ਗਈਆਂ। ਪਹਿਲੀ ਜਨਵਰੀ 1970 ਨੂੰ ਪੰਜਾਬ ਵਿਧਾਨ ਪ੍ਰੀਸ਼ਦ ਨੂੰ ਖਤਮ ਕਰ ਦਿੱਤਾ ਗਿਆ ਅਤੇ ਪੰਜਾਬ ਇੱਕ ਸਦਨ ਵਾਲੀ ਵਿਧਾਨ ਸਭਾ ਬਣਾ ਦਿੱਤੀ ਗਈ, ਜਿਸ ਦੀਆਂ 117 ਸੀਟਾਂ ਬਣਾ ਦਿਤੀਆਂ ਗਈਆਂ।

ਪੰਜਾਬ ਵਿਧਾਨ ਸਭਾ ਦੇ ਪਿਛੋਕੜ ਨੂੰ ਜਾਨਣ ਦੀ ਗੱਲ ਹੋ ਰਹੀ ਹੈ, ਇਸ ਲਈ ਜ਼ਿਕਰ ਕਰਨਾ ਬਣਦਾ ਹੈ ਕਿ 1897 ਤੋਂ 1920 ਦੌਰਾਨ ਉਸ ਸਮੇਂ ਦੇ ਪੰਜਾਬ ਲਈ ਲੈਫਟੀਨੈਂਟ ਗਵਰਨਰ ਦੀ ਕੌਂਸਲ ਦੀ ਵਿਵਸਥਾ ਚਲਦੀ ਰਹੀ। ਸਾਲ 1921 ਤੋਂ ਲੈ ਕੇ 1936 ਤੱਕ ਪੰਜਾਬ ਵਿਧਾਨ ਪ੍ਰੀਸ਼ਦ ਚਲਦੀ ਰਹੀ ਅਤੇ 1937 ਤੋਂ 1947 ਤੱਕ ਪੰਜਾਬ ਵਿਧਾਨ ਪ੍ਰੀਸ਼ਦ ਦੀ ਬਜਾਏ ਪੰਜਾਬ ਸੂਬਾਈ ਅਸੈਂਬਲੀ ਬਣੀ, ਜਿਸ ਦੀ ਪਹਿਲੀ ਬੈਠਕ 5 ਅਪ੍ਰੈਲ 1937 ਨੂੰ ਬੁਲਾਈ ਗਈ। ਦੂਸਰੇ ਵਿਸ਼ਵ ਯੁੱਧ ਵੇਲੇ ਅਸੈਂਬਲੀ ਦਾ ਕਾਰਜਕਾਰ ਵਧਾਇਆ ਵੀ ਗਿਆ ਸੀ, ਜਦਕਿ 1947 ਦੇ ਪੰਜਾਬ ਦੀ ਵੰਡ ਉਸ ਸਮੇਂ ਦੇ ਮੁੱਖ ਮੰਤਰੀ ਮਲਿਕ ਖਿਜਰ ਹਯਾਤ ਟਿਵਾਣਾ ਵੱਲੋਂ ਪੰਜਾਬ ਦੀ ਵੰਡ ਵਿਰੁੱਧ ਰੋਸ ਵਜੋਂ ਅਸਤੀਫਾ ਦੇਣ ਕਾਰਨ ਪੰਜਾਬ ਅਸੈਂਬਲੀ ਨੂੰ ਭੰਗ ਕਰ ਦਿੱਤਾ ਗਿਆ ਸੀ।

ਜ਼ਿਕਰਯੋਗ ਹੈ ਕਿ 1947 ਵੇਲੇ ਹੋਈ ਪੰਜਾਬ ਦੀ ਵੰਡ ਕਾਰਨ ਪੂਰਬੀ ਪੰਜਾਬ (ਭਾਰਤ) ਜਾਂ ਮੌਜੂਦਾ ਪੰਜਾਬ ਲਈ ਅੰਤ੍ਰਿਮ ਸੂਬਾਈ ਅਸੈਂਬਲੀ ਦਾ ਗਠਨ ਕੀਤਾ ਗਿਆ, ਜਿਸ ਦੀ ਪਹਿਲੀ ਬੈਠਕ ਪਹਿਲੀ ਨਵੰਬਰ 1947 ਨੂੰ ਹੋਈ ਅਤੇ ਇਹ ਅਸੈਂਬਲੀ 20 ਜੂਨ 1951 ਨੂੰ ਭੰਗ ਕਰ ਦਿੱਤੀ ਗਈ। ਇਸ ਸਮੇਂ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਗੋਪੀਚੰਦ ਭਾਰਗਵ ਅਤੇ ਭੀਮ ਸੈਨ ਸੱਚਰ ਰਹੇ। ਭਾਰਤ ਦੀ ਪਹਿਲੀ ਪੰਜਾਬ ਸੂਬਾਈ ਅਸੈਂਬਲੀ ਦੇ ਸਪੀਕਰ ਕਪੂਰ ਸਿੰਘ ਸਨ। ਸੰਵਿਧਾਨ ਅਧੀਨ ਲੋਕ ਸਭਾ ਅਤੇ ਵਿਧਾਨ ਸਭਾਵਾਂ ਲਈ ਚੋਣਾਂ ਦਾ ਪ੍ਰਬੰਧਨ ਹੋਣ ਕਾਰਨ ਪੰਜਾਬ ਵਿਧਾਨ ਸਭਾ ਦੀਆਂ ਪਹਿਲੀ ਵਾਰ ਚੋਣਾਂ 1952 ਵਿੱਚ ਹੋਈਆਂ ਅਤੇ ਪੰਜਾਬ ਦੀ ਪਹਿਲੀ 126 ਸੀਟਾਂ ਲਈ ਵਿਧਾਨ ਸਭਾ ਹੋਂਦ ਵਿੱਚ ਆਈ। ਇਸਦੀ ਪਹਿਲੀ ਬੈਠਕ 3 ਮਈ 1952 ਨੂੰ ਹੋਈ ਅਤੇ 31 ਮਈ 1957 ਤੱਕ ਇਹ ਵਿਧਾਨ ਸਭਾ ਚਲਦੀ ਰਹੀ। ਇਸ ਸਮੇਂ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭੀਮ ਸੈਨ ਸੱਚਰ ਅਤੇ ਪ੍ਰਤਾਪ ਸਿੰਘ ਕੈਰੋਂ ਰਹੇ। ਦੂਸਰੀ ਵਿਧਾਨ ਸਭਾ ਨੇ ਆਪਣਾ ਪੂਰਾ ਕਾਰਜਕਾਲ 24 ਅਪ੍ਰੈਲ 1957 ਤੋਂ ਪਹਿਲੀ ਮਾਰਚ 1962 ਤੱਕ ਪੂਰਾ ਕੀਤਾ, ਇਸ ਸਮੇਂ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਰਹੇ। ਤੀਸਰੀ ਵਿਧਾਨ ਸਭਾ ਦਾ ਸਮਾਂ 13 ਮਾਰਚ 1962 ਤੋਂ 28 ਫਰਵਰੀ 1967 ਤੱਕ ਰਿਹਾ, ਜਦੋਂ ਕਿ 5 ਜੁਲਾਈ 1966 ਤੋਂ ਪਹਿਲੀ ਨਵੰਬਰ 1966 ਤੱਕ ਪੰਜਾਬ ਅਸੈਂਬਲੀ ਮੁਅੱਤਲ ਰਹੀ। ਇਸ ਸਮੇਂ ਦੌਰਾਨ ਪ੍ਰਤਾਪ ਸਿੰਘ ਕੈਰੋਂ, ਗੋਪੀਚੰਦ ਭਾਰਗਵ, ਰਾਮ ਕਿਸ਼ਨ ਅਤੇ ਗੁਰਮੁੱਖ ਸਿੰਘ ਮੁਸਾਫ਼ਿਰ ਪੰਜਾਬ ਦੇ ਮੁੱਖ ਮੰਤਰੀ ਰਹੇ। ਚੌਥੀ ਵਿਧਾਨ ਸਭਾ ਦਾ ਸਮਾਂ 20 ਮਾਰਚ 1967 ਤੋਂ 23 ਅਗਸਤ 1968 ਰਿਹਾ ਅਤੇ ਪੰਜਾਬ ਅਸੈਂਬਲੀ ਨੂੰ ਸਮੇਂ ਤੋਂ ਪਹਿਲਾਂ ਹੀ ਭੰਗ ਕਰ ਦਿੱਤਾ ਗਿਆ।


ਇਸੇ ਤਰ੍ਹਾਂ 5ਵੀਂ ਵਿਧਾਨ ਸਭਾ (ਸਮਾਂ 13 ਮਾਰਚ 1969 ਤੋਂ 14 ਜੂਨ 1971) ਨੂੰ ਵੀ ਸਮੇਂ ਤੋਂ ਪਹਿਲਾਂ ਹੀ ਭੰਗ ਕਰ ਦਿੱਤਾ ਗਿਆ। ਭਾਰਤ ਵਿੱਚ ਐਮਰਜੈਂਸੀ ਲੱਗਣ ਕਾਰਨ ਪੰਜਾਬ ਦੀ 6ਵੀਂ ਵਿਧਾਨ ਸਭਾ ਦਾ ਸਮਾਂ ਇੱਕ ਮਹੀਨੇ ਲਈ ਵਧਾਇਆ ਗਿਆ। 7ਵੀਂ ਵਿਧਾਨ ਸਭਾ (30 ਜੂਨ 1971 ਤੋਂ 17 ਫਰਵਰੀ 1980) ਨੂੰ ਸਮੇਂ ਤੋਂ ਪਹਿਲਾਂ ਭੰਗ ਕਰ ਦਿੱਤਾ ਗਿਆ। 8ਵੀਂ ਵਿਧਾਨ ਸਭਾ (23 ਜੂਨ 1980 ਤੋਂ 26 ਜੂਨ 1985) 6 ਅਕਤੂਬਰ 1983 ਤੋਂ ਮੁਅੱਤਲ ਅਤੇ ਬਾਅਦ ਵਿੱਚ ਭੰਗ ਕਰ ਦਿੱਤੀ ਗਈ। 9ਵੀਂ ਵਿਧਾਨ ਸਭਾ (14 ਅਕਤੂਬਰ 1985 ਤੋਂ 11 ਮਈ 1987) ਨੂੰ ਵੀ ਸਮੇਂ ਤੋਂ ਪਹਿਲਾਂ ਹੀ ਭੰਗ ਕਰ ਦਿੱਤਾ ਗਿਆ।

ਜ਼ਿਕਰਯੋਗ ਹੈ ਕਿ ਭਾਰਤ ਦੇ ਸੰਵਿਧਾਨ ਦੇ ਆਰਟੀਕਲ 356 ਅਧੀਨ ਪੰਜਾਬ ਵਿਧਾਨ ਸਭਾ ਨੂੰ 30 ਜੂਨ 1951 ਤੋਂ ਲੈ ਕੇ 11 ਮਈ 1987 ਦੌਰਾਨ 8 ਵਾਰ ਭੰਗ ਕਰਕੇ ਰਾਸ਼ਟਰਪਤੀ ਰਾਜ ਲਗਾਇਆ ਗਿਆ। ਇਸੇ ਤਰ੍ਹਾਂ ਜੰਮੂ ਤੇ ਕਸ਼ਮੀਰ ਰਾਜ ਅਤੇ ਬਿਹਾਰ ਵਿੱਚ ਵੀ 8 ਵਾਰ, ਕੇਰਲਾ ਰਾਜ 'ਚ 6 ਵਾਰ, ਮਨੀਪੁਰ 'ਚ 10 ਵਾਰ, ਉਤਰ ਪ੍ਰਦੇਸ਼ 'ਚ 9 ਵਾਰ ਅਤੇ ਇਸੇ ਤਰ੍ਹਾਂ ਹੋਰ ਰਾਜਾਂ 'ਚ ਕਈ ਵਿਧਾਨ ਸਭਾਵਾਂ ਨੂੰ ਮਿਆਦ ਤੋਂ ਪਹਿਲਾਂ ਭੰਗ ਕੀਤਾ ਗਿਆ। ਕੇਂਦਰ ਸਰਕਾਰ ਦੀ ਬਦਨੀਅਤ ਕਾਰਨ ਹੁਣ ਤੱਕ 134 ਵਾਰ ਰਾਸ਼ਟਰਪਤੀ ਰਾਜ ਲਗਾਇਆ ਜਾ ਚੁੱਕਾ ਹੈ। ਜ਼ਿਕਰਯੋਗ ਹੈ ਕਿ ਪੰਜਾਬ ਵਿੱਚ 10ਵੀਂ ਤੋਂ ਲੈ ਕੇ 15ਵੀਂ ਵਿਧਾਨ ਸਭਾ ਨੇ ਆਪਣਾ ਸਮਾਂ ਪੂਰਾ ਕੀਤਾ ਹੈ ਅਤੇ ਹੁਣ ਮੌਜੂਦਾ 16ਵੀਂ ਵਿਧਾਨ ਸਭਾ ਚਲ ਰਹੀ ਹੈ। ਰੱਬ ਖੈਰ ਕਰੇ!

# ਪੁਰਾਤੱਤਵ ਥੇਹਾਂ ਦਾ ਪਿੰਡ: ਡੁਮੇਲੀ

ਪਿੰਡ ਵਸਿਆ (11)

**ਵਿਜੈ ਬੰਬੇਲੀ**
ਫੋਨ: +91-9463439075



***ਪਾਠਕਾਂ ਦੀ ਜਾਣਕਾਰੀ ਲਈ ਅਸੀਂ ਕਾਲਮ 'ਪਿੰਡ ਵਸਿਆ' ਸ਼ੁਰੂ ਕੀਤਾ ਹੈ, ਜਿਸ ਵਿੱਚ ਸਿਰਫ ਪਿੰਡ ਵੱਸਣ ਦੀ ਹੀ ਬਾਤ ਪਾਈ ਜਾਵੇਗੀ। ਪਿੰਡ ਦਾ ਇਤਿਹਾਸ ਲਿਖਣ ਦੀ ਵੱਡੀ ਕਠਿਨਾਈ ਇਹ ਹੈ ਕਿ ਇਹ ਕਿਸੇ ਵੀ ਰੂਪ 'ਚ ਲਿਖਤੀ ਨਹੀਂ ਮਿਲਦਾ। ਕਿਸੇ-ਕਿਸੇ ਪਿੰਡ ਦੇ ਵੱਸਣ-ਰਸਣ ਦੀ, ਉਹ ਵੀ ਨਾ-ਮਾਤਰ, ਗਜ਼ਟੀਅਰ'ਜ਼, ਮਾਲ ਰਿਕਾਰਡ ਜਾਂ ਕਿਸੇ ਦਸਤਾਵੇਜ਼ ਵਿੱਚ ਸਤਹੀ ਜਿਹਾ ਵਰਨਣ ਜਾਂ ਕਨਸੋਅ ਮਿਲਦੀ ਸੀ/ਹੈ, ਜਿਹੜਾ ਸਥਾਨਕ ਇਤਿਹਾਸ ਦੀ ਮਹੱਤਤਾ ਨਾ ਬੁੱਝਣ ਕਾਰਨ ਸਾਂਭਿਆ ਨਹੀਂ ਗਿਆ। ਪੇਸ਼ ਹੈ, ਪੁਰਾਤੱਤਵ ਥੇਹਾਂ ਦੇ ਪਿੰਡ ਡੁਮੇਲੀ ਬਾਰੇ ਸੰਖੇਪ ਵੇਰਵਾ...***

ਬਕੌਲ ਹਿਸਟੋਰੀਅਨ ਬਖਸ਼ੀਸ਼ ਸਿੰਘ ਨਿੱਜਰ, ਤੁਜ਼ਕ-ਏ-ਬਾਬਰੀ ਅਤੇ ਫਾਰਸੀ ਦੇ ਹੋਰ ਸਰੋਤਾਂ ਵਿੱਚ ਡੁਮੇਲੀ ਦਾ ਜ਼ਿਕਰ ਇਸ ਗੱਲ ਦੀ ਗਵਾਹੀ ਹੈ ਕਿ ਉਨ੍ਹੀਂ ਦਿਨੀਂ ਇਹ ਇੱਕ ਸੁਪ੍ਰਸਿੱਧ ਨਗਰ ਹੋਵੇਗਾ। ਕਿਸੇ ਵੇਲੇ ਦੀ ਕਪੂਰਥਲਾ ਰਿਆਸਤ ਦਾ ਇਹ ਜ਼ੈਲ ਪਿੰਡ ਹੁਸ਼ਿਆਰਪੁਰ-ਫਗਵਾੜਾ ਸੜਕ ਉੱਤੇ ਤਕਰੀਬਨ ਅੱਧ-ਵਿਚਕਾਰ, ਅੱਡਾ ਅਹਿਰਾਣਾ ਜੱਟਾਂ ਦੀ ਲਹਿੰਦੀ ਬਾਹੀ ਦੋ ਕੁ ਮੀਲ ਪਰ੍ਹੇ ਵੱਸਦਾ ਹੈ। ਇੱਥੋਂ ਇੱਕ ਸੜਕ ਸਿੱਧੀ ਸਪਾਟ ਲਹਿੰਦੇ ਨੂੰ ਮੂੰਹ ਕਰਕੇ ਜੰਡੂ ਸਿੰਘਾ-ਜਲੰਧਰ ਨੂੰ ਹੋ ਤੁਰਦੀ ਹੈ। ਤਹਿਸੀਲ ਫਗਵਾੜਾ ਦੇ ਜਲੰਧਰ-ਹੁਸ਼ਿਆਰਪੁਰ ਹੱਦਾ ਉੱਤੇ ਵੱਸਦੇ ਆਖਰੀ ਪਿੰਡਾਂ ਸਮੇਤ ਪੈਂਦਾ ਇਹ ਹੁਣ ਵੀ ਕਪੂਰਥਲਾ ਜ਼ਿਲ੍ਹੇ 'ਚ ਹੀ ਹੈ। ਇਸਦੇ ਜਾਏ ਇਤਿਹਾਸਕਾਰ ਡਾ. ਬੀ.ਐਸ. ਨਿੱਜਰ ਦੀ ਤੱਥ ਆਧਾਰਿਤ ਹਵਾਲਾ ਪੁਸਤਕ 'ਹਿਸਟਰੀ ਆਫ ਦਾ ਬੱਬਰ ਅਕਾਲੀ'ਜ਼' ਸੰਸਾਰ ਪ੍ਰਸਿੱਧ ਹੈ। ਇਸੇ ਪਿੰਡ ਦੇ ਇੱਕ ਹਮਸਾਏ ਠੇਕੇਦਾਰ ਖੇਮ ਸੰਹੁ ਰਾਮਗੜ੍ਹੀਏ ਦੀ ਖੇਤਾਂ-ਬੇਲਿਆਂ ਵਿਚਲੀ ਕੋਠੀ, ਜਿੱਥੋਂ ਬੱਬਰਾਂ ਦੀ ਡਾਕ ਵੀ ਚੱਲਦੀ ਸੀ, ਇਸ ਪਿੰਡ ਦੇ ਬਹੁ-ਪਰਤੀ ਦੇਸ਼ਭਗਤ ਹੋਣ ਦੀ ਗਵਾਹੀ ਭਰਦੀ ਹੈ।

ਪੁਰਾਤਤਵ ਸੋਮੇ ਇਸ ਖੈੜੇ ਦੇ ਇਤਿਹਾਸ ਨੂੰ ਮਹਾਂਭਾਰਤ ਦੇ ਯੁੱਗ ਤੋਂ ਵੀ ਪਿਛਾਂਹ ਲੈ ਖੜਦੇ ਹਨ। ਇਤਿਹਾਸਕ-ਮਿਥਿਹਾਸਕ ਤ੍ਰੈ-ਗਤ ਲਿਖਤ ਅਨੁਸਾਰ ਜਦ ਸਮਰਾਟ ਜਲੰਧਰ ਦੈਂਤ ਦਾ ਰਾਜ ਮੁਲਤਾਨ ਤੋਂ ਹਿਮਾਲਿਆ ਤੱਕ ਫੈਲਿਆ-ਪਸਰਿਆ ਹੋਇਆ ਸੀ ਤਾਂ ਸ਼ਿਵਾਲਕੀ ਸਰਦਾਰ, ਕਬੀਲੇ, ਉਸਦੀ ਹਾਜ਼ਰੀ ਭਰਨ ਲਈ ਪਹਾੜੋਂ ਉੱਤਰ ਵਰਾਸਤਾ ਜੈਜੋਂ/ਬਜਵਾੜਾ ਦੇ ਦਰਿਆਂ ਰਾਹੀਂ ਵਰਾਸਤਾ ਡੁਮੇਲੀ ਜਲੰਧਰ ਪਹੁੰਚਦੇ ਸਨ। ਦੰਦ ਕਥਾਵਾਂ ਅਨੁਸਾਰ ਡੁਮੇਲੀ ਉਦੋਂ ਘੁੱਗ ਵੱਸਦਾ ਸੀ, ਮਗਰੋਂ ਉਹ ਅਤੇ ਉਸ ਨਾਲ ਜੁੜਵੇਂ ਕਈ ਖੈੜੇ-ਮੁਕਾਮ ਕੁਦਰਤੀ ਕਰੋਪੀਆਂ ਅਤੇ ਲੜਾਈਆਂ-ਭੜਾਈਆਂ ਕਾਰਨ ਥੇਹ ਹੋ ਗਏ ਸਨ।

ਪਰ, ਹੁਣ ਵਾਲਾ ਡੁਮੇਲੀ, ਜਿਸਨੂੰ ਨਿੱਜਰ ਜੱਟਾਂ ਨੇ ਮੁੜ ਬੰਨ੍ਹਿਆ ਸੀ, ਥੇਹਾਂ 'ਚ ਘਿਰਿਆ ਪਿੰਡ ਨਹੀਂ ਸਗੋਂ ਖੁਦ ਇੱਕ ਥੇਹ ਉੱਤੇ ਬਿਰਾਜਮਾਨ ਨਗਰ ਹੈ। ਕਿਸੇ ਵੀ ਕਾਰਨ, ਜਦ ਇਸ ਦਾ ਢਿੱਡ ਫਰੋਲਿਆ ਗਿਆ ਤਾਂ ਸਤਯੁੱਗੀ ਇੱਟਾਂ ਸਮੇਤ ਇੱਥੋਂ ਮੋਰੀਆ ਕਾਲ (320-185 ਈ. ਪੂਰਬ) ਅਤੇ ਬਾਅਦ ਦੀਆਂ ਵੀ ਸਿਲਾਂ ਅਤੇ ਬਰਤਨ-ਸਿੱਕੇ ਪ੍ਰਾਪਤ ਹੋਏ। ਇਹੀ ਨਹੀਂ, ਕਰੀਬ ਸੱਤ-ਅੱਠ ਹੱਥ ਡੂੰਘੀਆਂ ਦੱਬ ਹੋਈਆਂ ਕਰਮੀ-ਧਰਮੀ ਵਸਤਾਂ ਸਮੇਤ ਚਹੁ-ਮੁਖੀਏ ਧਾਤੂ ਦੀਵੇ, ਸਿੱਕੇ-ਢਾਲੇ, ਖੂਹੀਆਂ-ਬਹੁਲੀਆਂ ਇਸ ਖੈੜੇ ਨੂੰ 23-24 ਸਦੀਆਂ ਪਿਛਾਂਹ ਲੈ ਟੁਰਦੇ ਹਨ। ਯੁੱਗਾਂ-ਯੁਗਾਂਤਰਾਂ ਤੋਂ ਵਿਸ਼ੇਸ਼ ਸਥਿਤੀਆਂ-ਪ੍ਰਸਥਿਤੀਆਂ ਅਤੇ ਜਲਵਾਯੂ ਤੇ ਭੂਗੋਲਕੀ ਕਾਰਨਾਂ ਕਰਕੇ ਇਹ ਵਾਪਰਦਾ ਆਇਆ ਹੈ ਕਿ ਕਿਸੇ ਖਿੱਤਾ ਵਿਸ਼ੇਸ਼ ਦੀ ਵਸੋਂ ਕਿਤੇ ਹੋਰ ਤੁਰ ਗਈ ਹੋਵੇ ਜਾਂ ਉਹ ਇਲਾਕਾ ਹੀ ਗਰਕ ਗਿਆ ਹੋਵੇ। ਪ੍ਰਾਚੀਨ ਡੁਮੇਲੀ, ਉਦੋਂ ਇਸਦਾ ਨਾਂ ਕੋਈ ਵੀ ਹੋਰ ਕਿਉਂ ਨਾ ਹੋਵੇ, ਨਾਲ ਵੀ ਇਵੇਂ ਹੀ ਵਾਪਰਿਆ ਹੋਵੇਗਾ।

ਅਜੋਕੇ ਡੁਮੇਲੀ ਦਾ ਭੂਗੋਲਕੀ ਸਰਵੇਖਣ ਸਿੱਧ ਕਰਦਾ ਹੈ ਕਿ ਇਹ ਖਿੱਤਾ ਜਰੂਰ ਜਲ-ਥਲ ਰਿਹਾ ਹੋਵੇਗਾ, ਜਿਹੜਾ ਪ੍ਰਾਚੀਨ ਡੁਮੇਲੀ ਦੀ ਬਲੀ ਦਾ ਕਾਰਨ ਬਣਿਆ। ਖੂਹਾਂ ਦੇ ਪਾੜ ਪੁੱਟਣ ਸਮੇਂ ਦਰਿਆਈ ਰੇਤਾ, ਬੇੜੀਆਂ ਦੀ ਧਾਤੂ ਪੱਚਰਾਂ ਅਤੇ ਮੱਛੀਆਂ ਫੜਨ ਵਾਲੀਆਂ ਪੱਥਰ-ਕੁੰਡੀਆਂ ਜਲ-ਥਲੀ ਵਰਤਾਰੇ ਦਾ ਸੰਕੇਤ ਕਰਦੀਆਂ ਹਨ। ਜਲਮੰਡਲੀ ਤਵਾਰੀਖ ਅਨੁਸਾਰ ਇੱਥੇ ਕਦੇ ਸਤਲੁਜ-ਬਿਆਸ ਦਾ ਸੰਗਮ ਸੀ। ਜੇ ਇਹ ਗੱਲ ਅੱਧ-ਅਧੂਰੀ ਵੀ ਕਿਉਂ ਨਾ ਹੋਵੇ, ਇਹ ਜਰੂਰ ਸੱਚ ਹੈ ਕਿ ਇਹ ਖਿੱਤਾ ਉਨ੍ਹਾਂ ਦਰਿਆਵਾਂ ਦੀਆਂ ਸਹਾਇਕ ਨਦੀਆਂ, ਖੌਰੂ ਪਾਉਂਦੇ ਬਰਸਾਤੀ ਚੋਆਂ ਦਾ ਜਰੂਰ ਸੰਗਮ ਰਿਹਾ ਹੋਵੇਗਾ; ਜਿਨ੍ਹਾਂ ਦੀ ਬਦੌਲਤ ਇੱਥੇ ਉਗਮੇ ਜਲ-ਡੂੰਮਾਂ ਤਹਿਤ ਇਸਦਾ ਨਾਂ ਡੂੰਮਾਂ ਤੋ ਡੁੱਮਾਂਵਾਲੀ ਮਗਰੋਂ ਡੁਮੇਲੀ ਜਾਂ ਦੋ ਜਲ-ਵਹਿਣਾਂ ਦੇ ਮੇਲ, ਦੋ-ਮੇਲ ਤੋਂ ਵਿਗੜਦਾ ਸੰਵਰਦਾ ਡੁਮੇਲੀ ਪੈ ਗਿਆ ਹੋਵੇ।




**ਪਿੰਡ ਡੁਮੇਲੀ 'ਚ ਬਣਿਆ ਡਾ. ਬਖਸ਼ੀਸ਼ ਸਿੰਘ ਨਿੱਜਰ ਯਾਦਗਾਰੀ ਗੇਟ**

ਵਸੋਂ ਬਣਤਰ ਅਨੁਸਾਰ ਆਖਰੀ ਵਾਰ ਅਤੇ ਇਸ ਰੂਪ 'ਚ ਇਸਦੀ ਮੋੜ੍ਹੀ ਨਿੱਜਰ ਜੱਟਾਂ ਨੇ ਬੰਨ੍ਹੀ ਸੀ। ਹੁਣ ਵੀ ਇਥੇ ਉਨ੍ਹਾਂ ਦੀ ਬਹੁਤਾਤ ਹੈ, ਭਾਵੇਂ ਕਿ ਹੋਰਾਂ ਜਾਤਾਂ ਵੀ ਇੱਥੇ ਆ ਵਸਦੀਆਂ ਰਹੀਆਂ। ਖਾਰਨ, ਪੁਰਾਣੇ ਭਾਰਤੀ ਪਿੰਡਾਂ ਵਿੱਚ ਕੋਈ ਵੀ ਜਾਤੀ ਸਵੈ-ਨਿਰਭਰ ਨਹੀਂ ਸੀ। ਉਸਨੂੰ ਹੋਰ ਕਿੱਤਾ ਜਾਤੀਆਂ, ਜਿਨ੍ਹਾਂ ਕੋਲ ਵਿਸ਼ੇਸ਼ ਧੰਦਿਆਂ, ਹੁਨਰਾਂ ਜਾਂ ਕੋਈ ਹੋਰ ਮੁਹਾਰਤ ਹੁੰਦੀ ਸੀ, ਦੀ ਲੋੜ ਪੈਂਦੀ ਸੀ। ਉਨ੍ਹਾਂ ਦੇ ਵਸੇਬ ਨਾਲ ਹੀ ਕਿਸੇ ਪਿੰਡ ਦੀ ਉਸਾਰੀ ਸੰਪੂਰਨ ਹੁੰਦੀ ਸੀ। ਡੁਮੇਲੀ ਵੀ ਇਸ ਪੱਖੋਂ ਸੁਲੱਖਣਾ ਪਿੰਡ ਹੈ। ਇੱਥੇ ਤਾਅ-ਜਾਤਾਂ ਧਰਮ ਵੱਸਦੇ ਸਨ/ਹਨ। ਮੁਸਲਮਾਨਾਂ ਦਾ ਰੈਣ-ਵਸੇਰਾ ਮੁੱਢੋ-ਸੁਢੋਂ ਸੀ, ਪਰ ਸਨ ਇਹ ਨਿਰੋਲ ਕਾਮੇ। ਗੁੱਜਰ ਭੇਡਾਂ-ਬੱਕਰੀਆਂ ਪਾਲਦੇ। ਅਰਾਂਈ ਸਬਜ਼ੀਆਂ ਉਗਾਉਂਦੇ, ਅੱਧ-ਵਟਾਈ 'ਤੇ ਖੇਤੀ ਕਰਦੇ। ਤੇਲੀ ਕੋਹਲੂ ਬੀੜਦੇ। ਲਲਾਰੀ ਕੱਪੜੇ ਰੰਗਦੇ, ਨਿਲਾਰੀ ਸੂਤ ਨੂੰ ਨੀਲ ਕਰਦੇ। ਕੁੱਝ ਮੁਸਲਿਮ ਕੱਪੜਾ ਬੁਣਦੇ, ਬਹੁਤੇ ਲੁਹਾਰਾ ਕੰਮ ਕਰਦੇ। ਮੁਸਲਮਾਨਾਂ ਦੇ ਆਪਣੇ ਖਰਾਸ ਵੀ ਸਨ। ਭਿੱਤ ਕੁੱਟਣ ਵਿੱਚ ਵੀ ਉਨ੍ਹਾਂ ਦਾ ਕੋਈ ਸਾਨੀ ਨਹੀਂ ਸੀ, ਬੁਹਤੇ ਰੈਣ-ਵਸੇਰੇ ਉਨ੍ਹਾਂ ਹੱਥੋਂ ਹੀ ਬਣੇ ਹੋਏ ਸਨ।

ਪਰ, ਸੰਨ ਸੰਤਾਲੀ 'ਚ ਅਜਿਹੀ ਚੰਦਰੀ ਵਾਅ ਵਗੀ ਕਿ ਇਹ ਲੋਕ ਇਸ ਨਗਰੀ ਦੀ ਖੈਰ-ਸੁੱਖ ਮੰਗਦੇ, ਇਸ ਧਰਤ ਨੂੰ ਅਲਵਿਦਾ ਆਖ ਧਾਹਾਂ ਮਾਰਦੇ ਪਰਾਈ ਧਰਤ ਨੂੰ ਟੁਰ ਗਏ। ਡੁਮੇਲੀ ਨੂੰ ਬੜੀ ਆਸ ਸੀ ਕਿ ਟਿਕ-ਟਿਕਾਅ ਹੁੰਦਿਆਂ ਹੀ ਉਹ ਮੁੜ ਆਉਣਗੇ। ਮੁੱਦਤ ਹੋ ਗਈ, ਉਹ ਮੁੜ ਨਾ ਬਹੁੜੇ। ਡੁਮੇਲੀ ਦੀ ਸਰ ਜ਼ਮੀਂ ਬਾਹਾਂ ਟੱਡੀ ਅਜੇ ਵੀ ਉਨ੍ਹਾਂ ਨੂੰ ਉਡੀਕ ਰਹੀ ਹੈ, ਜਿਵੇਂ ਕਹਿ ਰਹੀ ਹੋਵੇ, 'ਮੁੜ ਆਵੋਂ, ਵੇ।'

SWERA Women Support Group
ਸਵੇਰਾ
SIKH WOMEN ERA
Proudly Promotes
www.swerausa.org FB page swerausa
Teamswera@gmail.com

**ਮਿਡਵੈਸਟ ਦੀਆਂ ਪੰਜਾਬਣਾਂ ਦਾ ਆਪਣਾ ਪ੍ਰੋਗਰਾਮ**
**Punjabi Ladies of Midwest Celebrate 'Teeyan'**



*Team Swera is committed to participate in Palatine Gurdwara's Interior Kar Sewa.*

# ਧੀਆਂ ਦੀਆਂ ਤੀਆਂ
# Dheeyan Deeyan Teeyan

**ਗਿੱਧਿਆ ਪਿੰਡ ਵੜ ਵੇ ਲਾਂਭ ਲਾਂਭ ਨਾ ਜਾਈਂ...**

## ਐਤਵਾਰ, 22 ਸਤੰਬਰ 2024
ਬਾਅਦ ਦੁਪਹਿਰ 2 ਤੋਂ ਸ਼ਾਮ 6 ਵਜੇ ਤੱਕ
## September 22nd, 2024 (Sunday)
2:00 to 6:00 p.m.

**Deer Grove Forest Preserves**
**Deer Grove East-2**
**W. Dundee Rd, Palatine, IL 60067**
*Entrance Pepper Tree Farm on Dundee*
*(Near Singh Grocer)*

**Entry $15**
**Kids Under 10 Free**

ਸਿਰਫ ਬੀਬੀਆਂ ਲਈ
*Ladies Only*

Included Tasty, Yummy Traditional Punjabi Style Food; Fantastic Blast Entertainment; Raffle Ticket and Parking.

**For Zelle: Teamswera@gmail.com**





**To participate in the program, please contact:**
**ਪ੍ਰੋਗਰਾਮ ਵਿਚ ਹਿੱਸਾ ਲੈਣ ਲਈ ਸੰਪਰਕ ਕਰੋ**

Jasbir K. Mann 847-890-2390
Kirpal Kaur Lall 630-664-3816
Sukhvir Kaur 847-852-0666
Jeetu Kaur 847-220-0174
Dimpy Kaur 847-312-4002
Manjind Brar 224-605-4018
Raj Dhaliwal 224-410-1366
Amarjeet Mangat 317-551-1794
Manmeet Kaur 630-362-3249
Paramjit Bhathal 847-507-5051
Joti Khaira 630-277-1649
Nikki Sekhon 773-443-2720
Mandeep Mann 630-312-0333
Anureet Dhillon 847-454-4062
Beant K. Virk 262-412-2068
Sukhjit Kahlon 224-456-8101
Sukhwinder Kaur 630-285-1219
Amarjeet Kaur 630-440-3279
Gurpreet K. Singh 630-677-6144
Aman Dhillon 847-529-4569
Bhupinder Dhanoa
Manjit Kaur Sidhu
Sharan Kahlon
Mandeep Sandhu

**ਸਹਿਯੋਗੀ ਸਹੇਲੀਆਂ:** Laddi K. Singh, Kamal Sahota, Pammi Sangha, Jiwan Dhami, Kamalpreet Kaur, Satinder Kaur, Rammi Hanjra, Navjot Kaur, Parbh Khaira, Narinder Boparai, Preet Sandhu, Narinder Rangi, Manjind Brar, Harpreet Sidhu, Salwinder Sandhu, Vippin Kaler, Harmesh Bains, Jolly Dandona, Harjinder Kaur, Sukhvir Kaur, Salma Mukhi, Rubina Tahir, Balwinder Aulakh, Manjit Mangat, Dr. Harpreet Kaur, Ramandeep Saini, Vibha Rajput, Pooja Dhaliwal, Kulwinder Sandhu, Sharanveer Kahlon, Prachi Jaitly, Deepak Gill, Rajvir Kular, Pammi Vohra, Seerat Kaler, Rimple Dogra, Kulwant Parmar, Baljit Atwal, Mona Bhalla, Pardeep, Jaggi, Jassi Heer, Gurleen Kaur Sangha

Touch Of Spice KK Catering Authentic Indian Cuisine

**Food will be provided by 'Touch of Spice' (K. K. Pamma)**

ਮਿਡਵੈਸਟ ਦੀਆਂ ਸਾਰੀਆਂ ਸਭਿਆਚਾਰਕ ਤੇ ਖੇਡ ਸੰਸਥਾਵਾਂ ਅਤੇ ਸਮੂਹ ਮੀਡੀਏ ਦੇ ਸਹਿਯੋਗ ਨਾਲ

*Design by Kuljeet Dyalpuri*

ਪੰਜਾਬੀ ਪਰਵਾਜ਼ Punjabi Parwaz